PAIGAM-E-JAGAT

ਪੈ.ਗਾਮ-ਏ-ਜਗਤ

Title code : CHAMUL00914 | E-mail : Info@paigamejagat.com | 12 ਤੋਂ 18 ਨਵੰਬਰ, 2026, ਸਾਲ-4, ਅੰਕ-15, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਪਰਿਵਾਰ ਵਿੱਚ ਵਿਸ਼ਵਾਸ ਅਤੇ ਪਿਆਰ, ਇਹੀ ਸਭ ਤੋਂ ਮਜ਼ਬੂਤ ਬੰਧਨ ਹੈ।
- ਆਚਾਰੀਆ ਚਾਣਕਿਆ

Kharar Diwali Suppliment 2026

A.P.J.SMART SCHOOL


(A purely English Medium Educational Institution)
Ward No. 16, Sector 4, Mundi Kharar - 140301. Phone : 9878961498, 8427861493
Email : apjsmartschool@gmail.com
(Affiliated to CBSE)




Jasvir Chander












LAUDABLE ACHIEVEMENTS OF THE SCHOOL

1. Drafted Recommendation by Smriti Zubin Irani, the Minister Human Resource Development, Govt of India for the Academic Excellence in CBSE results
2. Certificate of Recognition issued by Govt of India, Ministry, youth affairs & sports as a Fit India School.
3. The ALUMNI of this institute are successfully commissioned in Future as IAS, Cbc, Doctor, Engineers etc..
4. Young Sportsman of APJ excel in the field of Sports & Games such as selection in BANJI TROPHY.
5. Bundles of Laurels are Brought by Students, make APJ number one in sports, academics, cleanliness, atmosphere, strength Discipline, English speaking, advanced Technology, highly qualified faculty & possessing high standard of education.
6. 100% Result in Board Exams.
7. Provides Meritorious & Competent student of the society. These Student later get admission to reputed national & inter-National institutions.





ਮੈਂ ਧਨਵਾਦ ਕਰਦੀ ਹਾਂ ਉਨਾ ਦਾਨੀ ਸੱਜਣਾ ਦਾ ਜਿਹਨਾ ਨੇ ਮੇਰਾ ਇਸ ਸੱਪਲੀਮੈਂਟ ਵਿੱਚ ਕੰਮਟ ਦਾ ਸਾਥ ਦਿੱਤਾ ਤੇ ਆਸ ਕਰਦੀ ਹਾਂ ਅੱਗੇ ਵੀ ਦਿੰਦੇ ਰਹਿਣਗੇ।
ਦਵਿੰਦਰ ਕੌਰ
ਪੱਤਰਕਾਰ (ਖਰੜ)
8054776810
9915246110



Ravinder Singh Khera
Halka Incharge Kharar
Shromani Akali Dal Punjab









98782-10750
62808-03008

Chacha Dhaba
- Veg & Non Veg-

ਸਾਡੇ ਵੱਲੋਂ ਬੰਦੀ ਛੋਡ ਦਿਵਸ
ਅਤੇ ਦੀਵਾਲੀ
ਦੀਆਂ ਲੱਖ ਲੱਖ ਵਧਾਈਆਂ

Booth No - 8 Gilco Valley
Mohali. Punjab




Pratham Dhall- 80029-80079



ਸਮੂਹ ਵਸਨੀਕਾਂ ਨੂੰ
ਦਿਵਾਲੀ ਦੀਆਂ
ਵਧਾਈਆਂ

ਪਰਮਿੰਦਰ ਸਿੰਘ ਸੋਨਾ ਤੇਲੇ ਮਾਜਰਾ ਸੀਨੀਅਰ ਕਾਂਗਰਸੀ ਆਗੂ ਹਲਕਾ ਖਰੜ



ਦੇਸ਼ ਵਾਸੀਆਂ ਨੂੰ ਬੰਦੀ ਛੋੜ ਦਿਵਸ
ਅਤੇ ਦੀਵਾਲੀ ਦੀਆਂ ਲੱਖ ਲੱਖ
ਵਧਾਈਆਂ

Khushwant Rai Gigga
Halka kharar
Protocol sectretary punjab bjp



3-Star to 4-Star Hotel Located on Airport Road in Sector 125, New Sunny Enclave, Kharar (SAS Nagar, Mohali, Punjab).











PAIGAM-E-JAGAT

ਪੈ.ਗਾਮ-ਏ-ਜਗਤ

Title code : CHAMUL00914 | E-mail : Info@paigamejagat.com | 12 ਤੋਂ 18 ਨਵੰਬਰ, 2026, ਸਾਲ-4, ਅੰਕ-15, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਪਰਿਵਾਰ ਵਿੱਚ ਵਿਸ਼ਵਾਸ ਅਤੇ ਪਿਆਰ, ਇਹੀ ਸਭ ਤੋਂ ਮਜ਼ਬੂਤ ਬੰਧਨ ਹੈ।

- ਆਚਾਰੀਆ ਚਾਣਕਿਆ

ਸੀ.ਐਮ. ਮਾਨ ਨੇ ਇਕ ਹਜ਼ਾਰ ਹੋਰ 'ਪੇਂਡੂ ਖੇਡ ਮੈਦਾਨਾਂ' ਦਾ ਕੀਤਾ ਉਦਘਾਟਨ

ਫ਼ਤਹਿਗੜ੍ਹ ਸਾਹਿਬ, 11 ਨਵੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਭਰ ਦੇ 1,000 ਹੋਰ 'ਪੇਂਡੂ ਖੇਡ ਮੈਦਾਨ' ਲੋਕਾਂ ਨੂੰ ਸਮਰਪਿਤ ਕੀਤੇ, ਜਿਸ ਨਾਲ ਕੁੱਲ ਟੀਚੇ 3,100 ਵਿੱਚੋਂ ਹੁਣ ਤੱਕ ਉਦਘਾਟਨ ਕੀਤੇ ਗਏ ਕੁੱਲ ਮੈਦਾਨਾਂ ਦੀ ਗਿਣਤੀ 1,764 ਹੋ ਗਈ ਹੈ। ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਵੱਲ ਲਾਉਣ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਆਪਣੀ ਮੁਹਿੰਮ ਨੂੰ ਤੇਜ਼ ਕਰ ਰਹੀ ਹੈ। ਫ਼ਤਹਿਗੜ੍ਹ ਸਾਹਿਬ ਦੇ ਹਲਕਾ ਅਮਲੋਹ ਦੇ ਪਿੰਡ ਸ਼ਾਹਪੁਰ ਵਿਖੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਅੰਤਰਰਾਸ਼ਟਰੀ ਖੇਡ ਪ੍ਰਤਿਭਾ ਦੇ ਹੱਬ ਵਜੋਂ ਉੱਭਰਨ ਦੀ ਨੀਂਹ ਰੱਖ ਰਿਹਾ ਹੈ, ਜਿਸ ਵਿੱਚ ਹਰ ਖੇਡ ਮੈਦਾਨ ਨੂੰ



ਫੁੱਟਬਾਲ, ਹਾਕੀ, ਵਾਲੀਬਾਲ ਅਤੇ ਕ੍ਰਿਕਟ ਕਿੱਟਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਾ ਤਾਂ ਪਿੰਡਾਂ ਨੂੰ ਗ੍ਰਾਂਟਾਂ ਦਿੱਤੀਆਂ ਅਤੇ ਨਾ ਹੀ ਵਿਕਾਸ ਕਾਰਜ ਕੀਤੇ, ਜਦੋਂ ਕਿ ਸਾਡੀ ਸਰਕਾਰ ਪੇਂਡੂ ਨੌਜਵਾਨਾਂ ਨੂੰ ਅੰਤਰਰਾਸ਼ਟਰੀ ਅਥਲੀਟ ਬਣਨ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ ਦੇ ਮੌਕੇ ਦੇਣ ਲਈ ਖੇਡ ਬੁਨਿਆਦੀ ਢਾਂਚੇ ਨੂੰ ਪਹਿਲ ਦੇ ਰਹੀ ਹੈ।

ਇਸ ਮੌਕੇ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅੱਜ ਮੈਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਅਮਲੋਹ ਹਲਕੇ ਅਧੀਨ ਪੈਂਦੇ ਪਿੰਡ ਸ਼ਾਹਪੁਰ ਵਿਖੇ ਖੇਡ ਮੈਦਾਨ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੋਇਆ। ਇਹ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਅੱਜ ਸੂਬੇ ਭਰ ਵਿੱਚ 1,000 ਨਵੇਂ ਖੇਡ ਮੈਦਾਨਾਂ ਦਾ ਉਦਘਾਟਨ ਕੀਤਾ ਹੈ। ਇਹ ਸਾਡੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵੱਲ ਵੱਡਾ ਕਦਮ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਨ੍ਹਾਂ ਖੇਡ ਮੈਦਾਨਾਂ ਵਿੱਚ ਮੁੜ੍ਹਕਾ ਡੋਲ ਕੇ ਸਾਡੇ ਨੌਜਵਾਨ ਆਉਣ ਵਾਲੇ ਸਾਲਾਂ ਵਿੱਚ ਪੂਰੀ ਦੁਨੀਆ ਵਿੱਚ ਪੰਜਾਬ ਦਾ ਨਾਮ ਰੌਸ਼ਨ ਕਰਨਗੇ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਅਤੇ ਉਨ੍ਹਾਂ ਨੂੰ ਉਸਾਰੂ ਦਿਸ਼ਾ ਦੇਣ ਲਈ ਖੇਡਾਂ ਵੱਲ ਮੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਲੋਕਾਂ ਅਤੇ ਸਿਆਸੀ ਆਗੂਆਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇੱਕ ਸਿਹਤਮੰਦ, (ਬਾਕੀ ਸਫ਼ਾ 2 'ਤੇ)

2027 'ਚ ਲੋਕ ਮੁੜ 'ਆਪ' ਦੀ ਸਰਕਾਰ ਬਣਾ ਕੇ ਪੰਜਾਬ ਦਾ ਵਿਕਾਸ ਜਾਰੀ ਰੱਖਣਗੇ : ਮਾਨ

ਫ਼ਤਹਿਗੜ੍ਹ ਸਾਹਿਬ, 11 ਨਵੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਸਾਲ 2027 ਵਿੱਚ 'ਆਪ' ਦੀ ਸਰਕਾਰ 'ਚ ਪੰਜਾਬ ਦੇ ਵਿਕਾਸ ਦਾ ਸਫ਼ਰ ਜਾਰੀ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਆਪਣੀ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ, ਮੁਫ਼ਤ ਬਿਜਲੀ, ਸਿਹਤ ਸੰਭਾਲ, ਔਰਤਾਂ ਦੇ ਵਿੱਤੀ ਸਸ਼ਕਤੀਕਰਨ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਕੇਂਦਰਿਤ ਨੀਤੀਆਂ ਦੀ ਤੁਲਨਾ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਦਹਾਕਿਆਂ ਦੇ ਅਣਗੌਲੇਪਣ ਨਾਲ ਕੀਤੀ।

ਪੂਰੇ ਸੂਬੇ ਨੂੰ ਆਪਣਾ ਪਰਿਵਾਰ ਦੱਸਦੇ ਹੋਏ ਬਿਨਾਂ ਕਿਸੇ ਵਿਤਕਰੇ ਦੇ ਸਰਕਾਰੀ ਲਾਭ ਦੇਣ ਦਾ ਐਲਾਨ ਕਰਦਿਆਂ ਉਨ੍ਹਾਂ ਨੇ ਮੁਫ਼ਤ ਬਿਜਲੀ, ਸਿਹਤ ਬੀਮਾ ਅਤੇ ਔਰਤਾਂ ਨੂੰ ਮਹੀਨਾਵਾਰ ਵਿੱਤੀ ਸਹਾਇਤਾ ਦੇਣ ਦੀਆਂ ਉਪਲਬਧੀਆਂ ਦਾ ਜ਼ਿਕਰ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਬਿਜਲੀ ਦੀਆਂ ਤਾਰਾਂ ਨੂੰ ਅੰਡਰਗਰਾਊਂਡ ਕਰਕੇ ਪੰਜਾਬ ਨੂੰ ਖੰਭਾ-ਮੁਕਤ ਬਣਾਉਣ ਦਾ ਆਪਣਾ ਸੁਪਨਾ ਵੀ ਸਾਂਝਾ ਕੀਤਾ। ਵਾਰ-ਵਾਰ ਪਾਰਟੀਆਂ ਬਦਲਣ ਵਾਲੇ ਸਿਆਸੀ ਨੇਤਾਵਾਂ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ 'ਗਿਰਗਿਟ' ਕਿਹਾ ਅਤੇ ਪੰਜਾਬੀਆਂ ਨੂੰ ਸਿਆਸੀ



ਲਾਹੇ ਲਈ ਵਫ਼ਾਦਾਰੀਆਂ ਬਦਲਣ ਵਾਲੇ ਮੌਕਾਪ੍ਰਸਤਾਂ ਤੋਂ ਸੁਚੇਤ ਕੀਤਾ।

ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਡੀ ਸਰਕਾਰ ਕੋਲ ਪੰਜਾਬ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਉਣ ਲਈ ਇੱਛਾ ਸ਼ਕਤੀ ਅਤੇ ਨੀਅਤ, ਦੋਵੇਂ ਹਨ। ਵਿਕਾਸ ਅਤੇ ਜਨਤਕ ਭਲਾਈ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਅਸੀਂ ਪੂਰੇ ਸੂਬੇ ਵਿੱਚ ਵਿਕਾਸ ਨੂੰ ਵੱਡਾ ਹੁਲਾਰਾ ਦਿੱਤਾ ਹੈ ਅਤੇ ਲੋਕਾਂ ਦੇ ਪੂਰੇ ਸਹਿਯੋਗ ਨਾਲ ਇਸ ਪ੍ਰਗਤੀ ਨੂੰ ਤੇਜ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡਾਂਗੇ।

ਪੂਰੇ ਸੂਬੇ ਨੂੰ ਆਪਣਾ ਪਰਿਵਾਰ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, "ਮੇਰੇ ਲਈ ਸਾਰਾ ਪੰਜਾਬ ਇੱਕ ਪਰਿਵਾਰ ਹੈ। ਸਾਡੀ ਸਰਕਾਰ ਭਲਾਈ ਸਕੀਮਾਂ ਦਾ ਲਾਭ ਦੇਣ ਵਿੱਚ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ। ਚਾਹੇ ਮੁਫ਼ਤ ਬਿਜਲੀ ਹੋਵੇ, ਸਿਹਤ ਸੰਭਾਲ ਹੋਵੇ, ਔਰਤਾਂ ਲਈ ਵਿੱਤੀ ਸਹਾਇਤਾ ਹੋਵੇ, ਸਿੱਖਿਆ ਹੋਵੇ ਜਾਂ ਰੋਜ਼ਗਾਰ, ਸਾਡਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਲੋੜਵੰਦ ਵਿਅਕਤੀ ਨੂੰ ਸਰਕਾਰੀ ਪਹਿਲਕਦਮੀਆਂ ਦਾ ਲਾਭ ਮਿਲੇ।

ਫ਼ਤਹਿਗੜ੍ਹ ਸਾਹਿਬ ਵਿਖੇ ਆਉਣ ਵਾਲੀ ਸ਼ਹੀਦੀ ਸਭਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਨਤਮਸਤਕ ਹੋਣ ਲਈ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਸਾਡੀ ਸਰਕਾਰ ਵਿਆਪਕ ਪ੍ਰਬੰਧ ਕਰੇਗੀ, ਜਿੱਥੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਅਸੀਂ ਯਕੀਨੀ ਬਣਾਵਾਂਗੇ ਕਿ ਸ਼ਹੀਦੀ ਸਭਾ ਦੌਰਾਨ ਕਿਸੇ ਵੀ ਸ਼ਰਧਾਲੂ ਨੂੰ ਕੋਈ ਅਸੁਵਿਧਾ ਨਾ ਹੋਵੇ ਅਤੇ ਹਰ ਸਾਲ ਵਾਂਗ ਮੈਂ ਖ਼ੁਦ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਾਂਗਾ।

ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ 'ਤੇ ਤਿੱਖਾ ਹਮਲਾ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਰਵਾਇਤੀ ਪਾਰਟੀਆਂ ਸਿਆਸੀ ਤੌਰ 'ਤੇ ਬੇਕਾਰ ਹੋ ਚੁੱਕੀਆਂ ਹਨ ਅਤੇ ਪੰਜਾਬ ਦੇ ਲੋਕਾਂ (ਬਾਕੀ ਸਫ਼ਾ 2 'ਤੇ)

ਸ੍ਰੀ ਆਨੰਦਪੁਰ ਸਾਹਿਬ ਬਣਿਆ ਪੰਜਾਬ ਦਾ ਸਭ ਤੋਂ ਸਾਫ਼ ਸ਼ਹਿਰ

- ਰਾਸ਼ਟਰਪਤੀ ਦਰੌਪਦੀ ਮੁਰਮੂ ਨੇ ਦਿੱਲੀ ਵਿਖੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਨੂੰ ਕੀਤਾ ਸਨਮਾਨਿਤ

ਸ੍ਰੀ ਆਨੰਦਪੁਰ ਸਾਹਿਬ, 11 ਨਵੰਬਰ (ਪੈ.ਗਾਮ-ਏ-ਜਗਤ)

ਭਾਰਤ ਸਰਕਾਰ ਵੱਲੋਂ ਕਰਵਾਏ ਗਏ ਸਵੱਛ ਸਰਵੇਖਣ 2025-26 ਵਿੱਚ ਸ੍ਰੀ ਆਨੰਦਪੁਰ ਸਾਹਿਬ ਨੂੰ ਪੰਜਾਬ ਸੂਬੇ ਦਾ ਪਹਿਲਾ ਸਾਫ਼ ਸ਼ਹਿਰ ਹੋਣ ਦਾ ਐਵਾਰਡ ਪ੍ਰਾਪਤ ਹੋਇਆ ਹੈ। ਨਵੀਂ ਦਿੱਲੀ ਵਿਖੇ ਬੁੱਧਵਾਰ ਨੂੰ ਕਰਵਾਏ ਗਏ ਕੌਮੀ ਐਵਾਰਡ ਸਮਾਰੋਹ ਦੌਰਾਨ ਰਾਸ਼ਟਰਪਤੀ ਸ੍ਰੀਮਤੀ ਦਰੌਪਦੀ ਮੁਰਮੂ ਨੇ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਨਗਰ ਕੌਂਸਲ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੂੰ ਇਹ ਸਨਮਾਨ ਪ੍ਰਦਾਨ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਖਾਲਸੇ ਦੀ ਜਨਮ ਭੂਮੀ ਨੂੰ ਮਿਲਿਆ ਇਹ ਕੌਮੀ ਸਨਮਾਨ ਸਮੁੱਚੇ ਇਲਾਕੇ ਅਤੇ ਪੰਜਾਬ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ ਪਿੱਛੇ ਸ਼ਹਿਰ ਵਾਸੀਆਂ,



ਨਗਰ ਕੌਂਸਲ ਦੇ ਅਧਿਕਾਰੀਆਂ, ਸਫ਼ਾਈ ਕਰਮਚਾਰੀਆਂ ਅਤੇ ਸਹਿਯੋਗ ਦੇਣ ਵਾਲੇ ਹਰ ਵਿਅਕਤੀ ਦੀ ਮਿਹਨਤ ਸ਼ਾਮਲ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸ੍ਰੀ ਆਨੰਦਪੁਰ ਸਾਹਿਬ ਨੂੰ ਹੋਰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਵਿਕਾਸ ਕਾਰਜਾਂ ਦੇ ਨਾਲ-ਨਾਲ ਸਫ਼ਾਈ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਇਸ ਪ੍ਰਾਪਤੀ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਐਵਾਰਡ ਨਗਰ ਕੌਂਸਲ ਦੀ ਸਮੁੱਚੀ ਟੀਮ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਦਾ ਨਤੀਜਾ ਹੈ।

ਉਨ੍ਹਾਂ ਕਿਹਾ ਕਿ ਸਫ਼ਾਈ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਭਵਿੱਖ ਵਿੱਚ ਵੀ ਸ਼ਹਿਰ ਦੀ ਸਫ਼ਾਈ, ਸੁੰਦਰਤਾ ਅਤੇ ਵਾਤਾਵਰਨ ਦੀ (ਬਾਕੀ ਸਫ਼ਾ 2 'ਤੇ)

ਗੁਰੂਗ੍ਰਾਮ : ਕੈਮੀਕਲ ਟੈਂਕ ਵਿੱਚ ਡਿੱਗਣ ਨਾਲ 3 ਮਜ਼ਦੂਰਾਂ ਦੀ ਮੌਤ

- ਅਚਾਨਕ ਸੰਤੁਲਨ ਵਿਗੜਨ ਨਾਲ ਵਾਪਰੀ ਘਟਨਾ; ਕੰਪਨੀ 'ਚ ਮੱਚੀ ਅਫ਼ਰਾ-ਤਫ਼ਰੀ

ਗੁਰੂਗ੍ਰਾਮ, 11 ਨਵੰਬਰ (ਪੈ.ਗਾਮ-ਏ-ਜਗਤ)

ਗੁਰੂਗ੍ਰਾਮ ਦੇ ਜੇਲ੍ਹ ਰੋਡ 'ਤੇ ਸਥਿਤ ਸੰਧਾਰ ਕੰਪਨੀ ਵਿੱਚ ਬੁੱਧਵਾਰ ਦੁਪਹਿਰ ਕੰਮ ਕਰਦਿਆਂ ਕੈਮੀਕਲ ਟੈਂਕ ਵਿੱਚ ਡਿੱਗਣ ਨਾਲ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ। ਸੂਚਨਾ ਮਿਲਣ ਤੋਂ ਬਾਅਦ ਪੁਲੀਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਤਿੰਨਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਪੁਲੀਸ ਅਨੁਸਾਰ ਮ੍ਰਿਤਕਾਂ ਦੀ ਪਛਾਣ ਆਰਿਫ਼ (21) ਵਾਸੀ ਮੁਜ਼ੱਫ਼ਰਪੁਰ (ਬਿਹਾਰ), ਅਨਿਲ ਝਾਅ (20) ਵਾਸੀ ਨਵਾਦਾ (ਬਿਹਾਰ) ਅਤੇ ਨਰੇਸ਼ ਕੁਮਾਰ (50) ਵਾਸੀ ਆਰ.ਆਰ. ਕਾਲੋਨੀ, ਬਾਦਸ਼ਾਹਪੁਰ (ਗੁਰੂਗ੍ਰਾਮ) ਵਜੋਂ ਹੋਈ ਹੈ। ਉਹ ਜੇਲ੍ਹ ਰੋਡ 'ਤੇ ਸਥਿਤ ਸੰਧਾਰ ਕੰਪਨੀ ਵਿੱਚ ਕੰਮ ਕਰਦੇ ਸਨ।

ਬੁੱਧਵਾਰ ਦੁਪਹਿਰ ਕਰੀਬ 12 ਵਜੇ ਤਿੰਨੇ ਕਰਮਚਾਰੀ ਕੰਪਨੀ ਦੇ ਅਹਾਤੇ ਵਿੱਚ ਕੰਮ ਕਰ ਰਹੇ ਸਨ, ਜਦੋਂ ਅਚਾਨਕ ਉਨ੍ਹਾਂ ਦਾ ਸੰਤੁਲਨ



ਵਿਗੜ ਗਿਆ ਅਤੇ ਉਹ ਕੈਮੀਕਲ ਟੈਂਕ ਵਿੱਚ ਡਿੱਗ ਗਏ। ਟੈਂਕ ਦੇ ਅੰਦਰ ਜ਼ਹਿਰੀਲੇ ਰਸਾਇਣਾਂ ਅਤੇ ਗੈਸਾਂ ਦੇ ਸੰਪਰਕ ਵਿੱਚ ਆਉਣ ਕਾਰਨ ਤਿੰਨੇ ਬੇਹੋਸ਼ ਹੋ ਗਏ।

ਇਸ ਘਟਨਾ ਨਾਲ ਕੰਪਨੀ ਅਹਾਤੇ ਵਿੱਚ ਅਫ਼ਰਾ-ਤਫ਼ਰੀ ਮੱਚ ਗਈ। ਉਨ੍ਹਾਂ ਨੂੰ ਤੁਰੰਤ ਟੈਂਕ ਵਿੱਚੋਂ ਬਾਹਰ ਕੱਢ ਕੇ ਬਾਦਸ਼ਾਹਪੁਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਉਨ੍ਹਾਂ ਨੂੰ ਇੱਕ ਹੋਰ ਨਿੱਜੀ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ, ਜਿੱਥੇ ਇਲਾਜ ਦੌਰਾਨ ਤਿੰਨਾਂ ਦੀ ਮੌਤ (ਬਾਕੀ ਸਫ਼ਾ 2 'ਤੇ)

ਕੈਬਨਿਟ ਨੇ 77,101 ਕਰੋੜ ਦੇ ਫੈਸਲਿਆਂ ਨੂੰ ਮਨਜ਼ੂਰੀ ਦਿੱਤੀ

- ਕਿਫਾਇਤੀ ਖਾਦਾਂ, ਸ਼ਹਿਰੀ ਆਵਾਜਾਈ ਵਿੱਚ ਸੁਧਾਰ ਅਤੇ ਛੋਟੇ ਪੱਧਰ ਦੇ ਉਦਯੋਗਾਂ ਲਈ ਕਰਜ਼ੇ

ਨਵੀਂ ਦਿੱਲੀ, 11 ਨਵੰਬਰ (ਪੈ.ਗਾਮ-ਏ-ਜਗਤ)

ਕੇਂਦਰ ਸਰਕਾਰ ਨੇ 77,101 ਕਰੋੜ ਦੇ ਇੱਕ ਵਿਆਪਕ ਪੈਕੇਜ ਨੂੰ ਮਨਜ਼ੂਰੀ ਦਿੱਤੀ ਹੈ। ਇਸਦਾ ਉਦੇਸ਼ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਾ, ਖੇਤੀਬਾੜੀ ਖੇਤਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਅਤੇ ਸੂਖਮ ਤੇ ਛੋਟੇ ਪੱਧਰ ਦੇ ਉਦਯੋਗਾਂ ਨੂੰ ਕਰਜ਼ਾ ਸਹਾਇਤਾ ਮੁਹੱਈਆ ਕਰਵਾਉਣਾ ਹੈ। ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਬੁੱਧਵਾਰ ਨੂੰ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਕਈ ਅਹਿਮ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਵਿੱਚ ਸ਼ਹਿਰੀ ਆਵਾਜਾਈ, ਰਾਸ਼ਟਰੀ ਵਿਰਾਸਤ, ਰੱਬੀ ਫਸਲਾਂ ਲਈ ਪੌਸ਼ਟਿਕ ਤੱਤਾਂ 'ਤੇ ਅਧਾਰਤ ਖਾਦ ਸਬਸਿਡੀਆਂ, ਅਤੇ ਐਮ.ਐਸ.ਐਮ.ਈ. ਖੇਤਰ ਲਈ ਕਰਜ਼ਾ ਗਾਰੰਟੀ ਵਰਗੇ ਵਿਸ਼ੇ ਸ਼ਾਮਲ ਹਨ। ਕੈਬਨਿਟ ਦੇ ਇਨ੍ਹਾਂ ਫੈਸਲਿਆਂ



ਬਾਰੇ ਜਾਣਕਾਰੀ ਦਿੰਦੇ ਹੋਏ, ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਇਸ ਰਾਸ਼ੀ ਨਾਲ ਸ਼ਹਿਰੀ ਸੰਪਰਕ ਵਿੱਚ ਸੁਧਾਰ ਹੋਵੇਗਾ, ਕਿਸਾਨਾਂ ਦੇ ਖਰਚੇ ਘਟਣਗੇ ਅਤੇ ਹੇਠਲੇ ਪੱਧਰ 'ਤੇ ਉੱਦਮਸ਼ੀਲਤਾ ਨੂੰ ਹੁਲਾਰਾ ਮਿਲੇਗਾ।

ਖੇਤੀਬਾੜੀ ਅਤੇ ਖਾਦ ਖੇਤਰ: ਰੱਬੀ ਸੀਜ਼ਨ ਲਈ ਪੌਸ਼ਟਿਕ ਤੱਤਾਂ 'ਤੇ ਅਧਾਰਤ ਸਬਸਿਡੀਆਂ। ਸੂਖਮ ਅਤੇ ਛੋਟੇ ਉਦਯੋਗ ਉੱਦਮੀਆਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਦੋ ਵੱਡੇ ਕਰਜ਼ਾ ਗਾਰੰਟੀ ਫੰਡ। ਇਸ ਪੈਕੇਜ ਦਾ ਸਭ ਤੋਂ ਵੱਡਾ ਹਿੱਸਾ ਖੇਤੀਬਾੜੀ ਖੇਤਰ ਲਈ ਰੱਖਿਆ ਗਿਆ ਹੈ। ਕੈਬਨਿਟ ਨੇ 2026-27 ਦੇ ਰੱਬੀ ਮਾਰਕੀਟਿੰਗ ਸੀਜ਼ਨ ਲਈ ਪੌਸ਼ਟਿਕ ਤੱਤਾਂ 'ਤੇ ਅਧਾਰਤ ਸਬਸਿਡੀਆਂ ਵਾਸਤੇ 62,370 ਕਰੋੜ ਦੀ ਵੱਡੀ ਬਜਟ ਰਾਸ਼ੀ ਨੂੰ ਮਨਜ਼ੂਰੀ ਦਿੱਤੀ ਹੈ। ਇਸ ਫੈਸਲੇ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸਾਨਾਂ ਨੂੰ ਫਾਸਫੇਟ ਅਤੇ ਪੋਟਾਸ਼ੀਅਮ ਵਾਲੀਆਂ ਖਾਦਾਂ—ਜਿਨ੍ਹਾਂ ਵਿੱਚ ਡੀ.ਏ.ਪੀ. ਅਤੇ ਐਨ.ਪੀ.ਕੇ.ਐਸ. ਗ੍ਰੇਡ ਸ਼ਾਮਲ ਹਨ—ਕਿਫਾਇਤੀ ਅਤੇ ਨਿਯੰਤਰਿਤ ਦਰਾਂ 'ਤੇ ਮਿਲ ਸਕਣ, ਤਾਂ ਜੋ ਆਉਣ ਵਾਲੇ ਬਿਜਾਈ ਸੀਜ਼ਨ ਦੌਰਾਨ ਖਾਦਾਂ ਦੀ ਨਿਰਵਿਘਨ (ਬਾਕੀ ਸਫ਼ਾ 2 'ਤੇ)

ਕੋਲਕਾਤਾ-ਮੁੰਬਈ ਉਡਾਣ ਨੂੰ ਜਹਾਜ਼ ਅਗਵਾ ਕਰਨ ਦੀ ਧਮਕੀ

- ਜਹਾਜ਼ ਵਿੱਚ 93 ਯਾਤਰੀ ਤੇ ਪੰਜ ਚਾਲਕ ਦਲ ਦੇ ਮੈਂਬਰ ਸਨ ਸਵਾਰ



ਕੋਲਕਾਤਾ, 11 ਨਵੰਬਰ (ਪੈ.ਗਾਮ-ਏ-ਜਗਤ)

ਏਅਰ ਇੰਡੀਆ ਦੀ ਕੋਲਕਾਤਾ ਤੋਂ ਮੁੰਬਈ ਜਾ ਰਹੀ ਉਡਾਣ ਨੂੰ ਬੁੱਧਵਾਰ ਸਵੇਰੇ ਅਗਵਾ ਕਰਨ ਦੀ ਧਮਕੀ ਮਿਲੀ ਜਿਸ ਕਾਰਨ ਹਵਾਈ ਅੱਡੇ 'ਤੇ ਸੁਰੱਖਿਆ ਅਲਰਟ ਜਾਰੀ ਕਰ ਦਿੱਤਾ ਗਿਆ। ਜਹਾਜ਼ ਦੇ ਪਖਾਨੇ ਵਿੱਚੋਂ ਧਮਕੀ ਭਰੀ ਪਰਚੀ ਮਿਲੀ ਸੀ। ਇਸ ਮਗਰੋਂ ਚਾਲਕ ਦਲ ਨੇ ਤੁਰੰਤ ਪਾਇਲਟ ਨੂੰ ਸੂਚਿਤ ਕੀਤਾ ਅਤੇ ਪਾਇਲਟ ਨੇ ਹਵਾਈ ਆਵਾਜਾਈ ਕੰਟਰੋਲ (ਏਟੀਸੀ) ਨੂੰ ਇਸ ਬਾਰੇ ਜਾਣਕਾਰੀ ਦਿੱਤੀ।

ਸੂਚਨਾ ਮਿਲਣ ਤੋਂ ਬਾਅਦ ਜਹਾਜ਼ ਨੂੰ ਸੁਰੱਖਿਆ ਜਾਂਚ ਲਈ ਹਵਾਈ ਅੱਡੇ ਦੇ ਵੱਖਰੇ ਸੁਰੱਖਿਅਤ ਥਾਂ 'ਤੇ ਲਿਜਾਇਆ ਗਿਆ। ਇਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਜਹਾਜ਼ ਦੀ ਤਲਾਸ਼ੀ ਲਈ ਗਈ। ਇਹ ਉਡਾਣ ਕੋਲਕਾਤਾ ਤੋਂ ਮੁੰਬਈ ਜਾ ਰਹੀ ਸੀ। ਜਿਸ ਸਮੇਂ ਜਹਾਜ਼ ਵਿੱਚੋਂ ਧਮਕੀ ਵਾਲੀ ਪਰਚੀ ਮਿਲੀ, ਉਸ ਸਮੇਂ ਇਸ ਵਿੱਚ 93 ਯਾਤਰੀ ਅਤੇ ਚਾਲਕ ਦਲ (ਬਾਕੀ ਸਫ਼ਾ 2 'ਤੇ)

ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿਚ ਵਾਧਾ

ਸੋਨਾ 1.41 ਲੱਖ ਰੁਪਏ ਪ੍ਰਤੀ 10 ਗ੍ਰਾਮ ਤੋਂ ਪਾਰ; ਚਾਂਦੀ 5,000 ਰੁਪਏ ਤੋਂ ਵੱਧ ਚੜ੍ਹੀ

ਚੰਡੀਗੜ੍ਹ, 11 ਨਵੰਬਰ (ਪੈ.ਗਾਮ-ਏ-ਜਗਤ)

ਦੀਵਾਲੀ ਦੀਆਂ ਛੁੱਟੀਆਂ ਤੋਂ ਬਾਅਦ ਬੁੱਧਵਾਰ ਨੂੰ ਘਰੇਲੂ ਸਰਾਫਾ ਬਾਜ਼ਾਰ ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਜ਼ੋਰਦਾਰ ਤੇਜ਼ੀ ਦੇਖਣ ਨੂੰ ਮਿਲੀ। ਮਲਟੀ ਕਮੋਡਿਟੀ ਐਕਸਚੇਂਜ (ਐੱਮਸੀਐਕਸ) 'ਤੇ ਚਾਂਦੀ ਦੀ ਕੀਮਤ ਵਿੱਚ 5,000 ਰੁਪਏ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ, ਜਦੋਂਕਿ ਸੋਨਾ ਵੀ 1,200 ਰੁਪਏ ਤੋਂ ਵੱਧ ਮਹਿੰਗਾ ਹੋ ਗਿਆ। ਦੁਪਹਿਰ 12 ਵਜੇ ਦੇ ਅੰਕੜਿਆਂ ਅਨੁਸਾਰ 4 ਦਸੰਬਰ ਦੀ ਡਿਲਿਵਰੀ ਵਾਲਾ ਸੋਨਾ 1,41,816 ਰੁਪਏ ਪ੍ਰਤੀ 10 ਗ੍ਰਾਮ 'ਤੇ ਕਾਰੋਬਾਰ ਕਰ ਰਿਹਾ ਸੀ। ਇਸ ਵਿੱਚ ਪਿਛਲੇ ਬੰਦ ਭਾਅ ਦੇ ਮੁਕਾਬਲੇ 1,291 ਰੁਪਏ ਦਾ ਵਾਧਾ ਹੋਇਆ।

ਚਾਂਦੀ ਦੀ 4 ਦਸੰਬਰ ਦੀ ਡਿਲਿਵਰੀ ਵਾਲੀ ਕੀਮਤ 1,87,692 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਪਹੁੰਚ ਗਈ। ਇਸ ਵਿੱਚ ਪਿਛਲੇ ਬੰਦ ਭਾਅ ਦੇ ਮੁਕਾਬਲੇ 5,116 ਰੁਪਏ ਦਾ ਵਾਧਾ ਦਰਜ ਕੀਤਾ ਗਿਆ।



ਪਿਛਲੇ ਸੋਮਵਾਰ ਨੂੰ ਸੋਨਾ 1,40,525 ਰੁਪਏ ਅਤੇ ਚਾਂਦੀ 1,82,576 ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਬੰਦ ਹੋਈ ਸੀ।

ਕਾਰੋਬਾਰ ਦੌਰਾਨ ਸੋਨੇ ਦੀ ਕੀਮਤ 1,41,958 ਰੁਪਏ ਪ੍ਰਤੀ 10 ਗ੍ਰਾਮ ਦੇ ਉੱਚੇ ਪੱਧਰ ਤੱਕ ਪਹੁੰਚ ਗਈ, ਜਦੋਂਕਿ ਇਸ ਦਾ ਹੇਠਲਾ ਪੱਧਰ 1,41,120 ਰੁਪਏ ਰਿਹਾ। ਇਸੇ ਤਰ੍ਹਾਂ ਚਾਂਦੀ ਦੀ ਕੀਮਤ 1,87,770 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਉੱਚੇ ਪੱਧਰ ਤੱਕ ਪਹੁੰਚੀ। ਇਸ ਦਾ ਦਿਨ ਦਾ ਹੇਠਲਾ ਪੱਧਰ 1,85,290 ਰੁਪਏ ਰਿਹਾ। ਕੌਮਾਂਤਰੀ ਬਾਜ਼ਾਰ ਵਿੱਚ ਵੀ ਦੋਵਾਂ ਧਾਤਾਂ ਦੀਆਂ ਕੀਮਤਾਂ ਵਧੀਆਂ। ਕਾਮੈਕਸ 'ਤੇ ਸੋਨਾ ਲਗਪਗ 0.6 ਫ਼ੀਸਦੀ ਅਤੇ (ਬਾਕੀ ਸਫ਼ਾ 2 'ਤੇ)

ਮਦਰ ਡੇਅਰੀ ਦਾ ਦੁੱਧ 2 ਤੋਂ 4 ਰੁਪਏ ਪ੍ਰਤੀ ਲਿਟਰ ਮਹਿੰਗਾ

- ਅੱਜ ਤੋਂ ਨਵੀਆਂ ਕੀਮਤਾਂ ਲਾਗੂ

ਨਵੀਂ ਦਿੱਲੀ, 11 ਨਵੰਬਰ (ਪੈ.ਗਾਮ-ਏ-ਜਗਤ)

ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਨੂੰ ਹੁਣ ਦੁੱਧ ਦੀਆਂ ਵਧੀਆਂ ਕੀਮਤਾਂ ਦਾ ਸਾਹਮਣਾ ਕਰਨਾ ਪਵੇਗਾ। ਮਦਰ ਡੇਅਰੀ ਨੇ ਦੁੱਧ ਦੀਆਂ ਵੱਖ-ਵੱਖ ਕਿਸਮਾਂ ਦੀਆਂ ਕੀਮਤਾਂ ਵਿੱਚ 2 ਤੋਂ 4 ਰੁਪਏ ਪ੍ਰਤੀ ਲਿਟਰ ਤੱਕ ਵਾਧਾ ਕੀਤਾ ਹੈ। ਨਵੀਆਂ ਕੀਮਤਾਂ ਵੀਰਵਾਰ ਤੋਂ ਲਾਗੂ ਹੋਣਗੀਆਂ।

ਦਿੱਲੀ-ਐੱਨਸੀਆਰ ਵਿੱਚ ਟੋਕਨ ਰਾਹੀਂ ਵੇਚੇ ਜਾਣ ਵਾਲੇ ਟੋਨਡ ਦੁੱਧ ਦੀ ਕੀਮਤ 58 ਤੋਂ ਵਧਾ ਕੇ 60 ਰੁਪਏ ਪ੍ਰਤੀ ਲਿਟਰ ਕਰ ਦਿੱਤੀ ਗਈ ਹੈ। ਪਾਊਚ ਵਾਲੇ ਫੁੱਲ ਕਰੀਮ ਦੁੱਧ ਦਾ ਭਾਅ 72 ਤੋਂ ਵਧ ਕੇ 76 ਰੁਪਏ ਪ੍ਰਤੀ ਲਿਟਰ ਹੋ ਗਿਆ ਹੈ। ਪਾਊਚ ਵਾਲੇ ਟੋਨਡ ਦੁੱਧ ਦੀ ਕੀਮਤ 60 ਤੋਂ ਵਧਾ ਕੇ 62 ਰੁਪਏ ਪ੍ਰਤੀ ਲਿਟਰ ਕਰ ਦਿੱਤੀ ਗਈ ਹੈ।

ਮਦਰ ਡੇਅਰੀ ਆਪਣੀ ਦੁੱਧ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ



ਦਾ 75 ਤੋਂ 80 ਫ਼ੀਸਦੀ ਹਿੱਸਾ ਕਿਸਾਨਾਂ ਨੂੰ ਅਦਾ ਕਰਦੀ ਹੈ। ਕੰਪਨੀ ਦਿੱਲੀ-ਐੱਨਸੀਆਰ ਵਿੱਚ ਆਪਣੇ ਵਿਕਰੀ ਕੇਂਦਰਾਂ, ਆਮ ਦੁਕਾਨਾਂ ਅਤੇ ਆਨਲਾਈਨ ਮੰਚਾਂ ਰਾਹੀਂ ਰੋਜ਼ਾਨਾ ਲਗਪਗ 35 ਲੱਖ ਲਿਟਰ ਦੁੱਧ ਵੇਚਦੀ ਹੈ। ਦੇਸ਼ ਭਰ ਵਿੱਚ ਇਸ ਦੀ ਰੋਜ਼ਾਨਾ ਦੁੱਧ ਵਿਕਰੀ 50 ਲੱਖ ਲਿਟਰ ਤੋਂ ਵੱਧ ਹੈ।

ਕੰਪਨੀ ਨੇ ਪਿਛਲੇ ਵਿੱਤੀ ਸਾਲ ਦੌਰਾਨ ਦੁੱਧ ਉਤਪਾਦਾਂ ਅਤੇ ਖਾਣ ਵਾਲੇ ਤੇਲ ਦੀ ਮੰਗ ਵਧਣ ਕਾਰਨ ਆਪਣੇ ਕਾਰੋਬਾਰ ਵਿੱਚ 17 ਫ਼ੀਸਦੀ ਵਾਧਾ ਦਰਜ ਕੀਤਾ ਅਤੇ ਇਸ ਦਾ ਕੁੱਲ ਕਾਰੋਬਾਰ 20,300 ਕਰੋੜ ਰੁਪਏ ਤੱਕ ਪਹੁੰਚ ਗਿਆ।

1974 ਵਿੱਚ ਸ਼ੁਰੂ ਹੋਈ ਮਦਰ ਡੇਅਰੀ ਕੌਮੀ ਡੇਅਰੀ ਵਿਕਾਸ ਬੋਰਡ ਦੀ ਪੂਰੀ ਮਾਲਕੀ ਵਾਲੀ ਸਹਾਇਕ ਕੰਪਨੀ ਹੈ। ਇਹ ਮਦਰ ਡੇਅਰੀ ਬ੍ਰਾਂਡ ਹੇਠ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦ ਵੇਚਦੀ ਹੈ। ਖਾਣ ਵਾਲਾ ਤੇਲ ਧਾਰਾ ਅਤੇ ਫਲ-ਸਬਜ਼ੀਆਂ ਤੇ ਹੋਰ ਉਤਪਾਦ ਸਫ਼ਲ ਬ੍ਰਾਂਡ ਹੇਠ ਵੇਚੇ ਜਾਂਦੇ ਹਨ। ਕੰਪਨੀ ਦੇ ਦੁੱਧ ਦੀ ਪ੍ਰੋਸੈਸਿੰਗ ਦੇ ਨੌਂ ਅਤੇ ਬਾਗਬਾਨੀ ਉਤਪਾਦਾਂ ਦੀ ਪ੍ਰੋਸੈਸਿੰਗ ਦੇ ਚਾਰ ਪਲਾਂਟ ਹਨ। ਖਾਣ ਵਾਲੇ ਤੇਲ ਦਾ ਕਾਰੋਬਾਰ 16 ਸਹਿਯੋਗੀ ਪਲਾਂਟਾਂ ਰਾਹੀਂ ਚਲਾਇਆ ਜਾਂਦਾ ਹੈ। ਮਦਰ ਡੇਅਰੀ ਵੱਲੋਂ ਮਈ 2026 ਵਿੱਚ ਕੀਤੇ ਗਏ ਪਿਛਲੇ ਵਾਧੇ ਮਗਰੋਂ ਦਿੱਲੀ-ਐੱਨਸੀਆਰ ਵਿੱਚ (ਬਾਕੀ ਸਫ਼ਾ 2 'ਤੇ)

ਕੁਲਗਾਮ 'ਚ ਦਹਿਸ਼ਤੀ ਹਮਲਾ

ਸੀ.ਆਰ.ਪੀ.ਐੱਫ. ਜਵਾਨਾਂ 'ਤੇ ਗੋਲੀਆਂ ਚਲਾਈਆਂ; ਤਿੰਨ ਜ਼ਖ਼ਮੀ

- ਦੋ ਦੀ ਹਾਲਤ ਗੰਭੀਰ; ਮੋਟਰਸਾਈਕਲ ਸਵਾਰ ਗੋਲੀਬਾਰੀ ਮਗਰੋਂ ਫਰਾਰ; ਹਮਲਾਵਰਾਂ ਦੀ ਭਾਲ ਜਾਰੀ

ਚੰਡੀਗੜ੍ਹ, 11 ਨਵੰਬਰ (ਪੈ.ਗਾਮ-ਏ-ਜਗਤ)

ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਵਿੱਚ ਬੁੱਧਵਾਰ ਦੁਪਹਿਰ ਵੇਲੇ ਮੋਟਰਸਾਈਕਲ ਸਵਾਰ ਦੋ ਜਣਿਆਂ ਨੇ ਨਾਕੇ 'ਤੇ ਡਿਊਟੀ ਕਰ ਰਹੇ ਕੇਂਦਰੀ ਰਿਜ਼ਰਵ ਪੁਲੀਸ ਬਲ (ਸੀਆਰਪੀਐੱਫ) ਦੇ ਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਹਮਲੇ ਵਿੱਚ ਤਿੰਨ ਜਵਾਨ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ। ਉਨ੍ਹਾਂ ਨੂੰ ਇਲਾਜ ਲਈ ਅਨੰਤਨਾਗ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਮੁੱਢਲੀ ਜਾਣਕਾਰੀ ਅਨੁਸਾਰ ਹਮਲਾ ਦੁਪਹਿਰ ਕਰੀਬ 2.15 ਵਜੇ ਹੋਇਆ। ਬਾਈਕ 'ਤੇ ਆਏ ਦੋ ਅਣਪਛਾਤੇ ਹਮਲਾਵਰਾਂ ਨੇ ਨਾਕੇ 'ਤੇ ਤਾਇਨਾਤ ਸੀਆਰਪੀਐੱਫ ਜਵਾਨਾਂ ਨੂੰ ਨਿਸ਼ਾਨਾ ਬਣਾਉਂਦਿਆਂ ਗੋਲੀਆਂ ਚਲਾਈਆਂ ਅਤੇ ਫਿਰ ਮੌਕੇ ਤੋਂ ਫ਼ਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਣ ਮਗਰੋਂ ਸੁਰੱਖਿਆ ਬਲਾਂ ਨੇ ਇਲਾਕੇ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਹਨ। ਹਮਲਾਵਰਾਂ ਦਾ ਪਤਾ ਲਾਉਣ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। (ਬਾਕੀ ਸਫ਼ਾ 2 'ਤੇ)

ਪਾਕਿਸਤਾਨ ਦੇ ਖੈਬਰ ਪਖਤੂਨਖਵਾ 'ਚ ਦਹਿਸ਼ਤੀ ਹਮਲਾ

ਡੀ.ਐੱਸ.ਪੀ. ਸਮੇਤ 10 ਪੁਲੀਸ ਮੁਲਾਜ਼ਮਾਂ ਦੀ ਮੌਤ

ਪੇਸ਼ਾਵਰ, 11 ਨਵੰਬਰ (ਪੈ.ਗਾਮ-ਏ-ਜਗਤ)

ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿੱਚ ਬੁੱਧਵਾਰ ਨੂੰ ਪੁਲੀਸ ਟੀਮ 'ਤੇ ਅਤਿਵਾਦੀਆਂ ਵੱਲੋਂ ਕੀਤੇ ਗਏ ਹਮਲੇ ਵਿੱਚ ਡਿਪਟੀ ਸੁਪਰਡੈਂਟ ਆਫ਼ ਪੁਲੀਸ (ਡੀ ਐੱਸ ਪੀ) ਅਤੇ ਇੱਕ ਸਬ-ਇੰਸਪੈਕਟਰ ਸਮੇਤ ਘੱਟੋ-ਘੱਟ 10 ਪੁਲੀਸ ਮੁਲਾਜ਼ਮਾਂ ਦੀ ਮੌਤ ਹੋ ਗਈ। ਮੀਡੀਆ ਦੀ ਇੱਕ ਖ਼ਬਰ ਤੋਂ ਇਹ ਜਾਣਕਾਰੀ ਮਿਲੀ ਹੈ।

ਕੋਹਾਟ ਪੁਲੀਸ ਦੇ ਬੁਲਾਰੇ ਮੁਹੰਮਦ ਨੌਮਾਨ ਜ਼ੈਬ ਨੇ ਦੱਸਿਆ ਕਿ ਪੁਲੀਸ ਟੀਮ ਸੋਨੇ ਦੀ ਗੈਰ-ਕਾਨੂੰਨੀ ਮਾਈਨਿੰਗ (ਖੁਦਾਈ) ਖ਼?ਲਾਫ਼ ਛਾਪੇਮਾਰੀ ਕਰਨ ਜਾ ਰਹੀ ਸੀ। ਇਸੇ ਦੌਰਾਨ ਕੋਹਾਟ ਅਤੇ ਕਰਕ ਵਿਚਕਾਰ ਸਥਿਤ ਦਰਬੋਕਾਚ ਜਲੰਧਰ ਬਾਂਦਾ ਇਲਾਕੇ ਵਿੱਚ ਉਨ੍ਹਾਂ 'ਤੇ ਗੋਲੀਬਾਰੀ ਕੀਤੀ ਗਈ। ਹਮਲਾਵਰਾਂ ਨੇ ਪਹਾੜੀਆਂ



ਤੋਂ ਪੁਲੀਸ ਮੁਲਾਜ਼ਮਾਂ 'ਤੇ ਗੋਲੀਆਂ ਚਲਾਈਆਂ, ਜਿਸ ਵਿੱਚ ਕਈ ਪੁਲੀਸ ਮੁਲਾਜ਼ਮਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਪੁਲੀਸ ਦੀਆਂ ਗੱਡੀਆਂ ਦਾ ਵੀ ਨੁਕਸਾਨ ਹੋਇਆ। ਜ਼ੈਬ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ (ਬਾਕੀ ਸਫ਼ਾ 2 'ਤੇ)

ਅਸਾਮ ਵਿੱਚ ਸੈਰੰਗ-ਕੋਲਕਾਤਾ ਐਕਸਪ੍ਰੈਸ ਦੇ 6 ਡੱਬੇ ਅਤੇ ਇੰਜਣ ਪਟੜੀ ਤੋਂ ਉਤਰੇ

ਕਈ ਯਾਤਰੀਆਂ ਦੇ ਜ਼ਖਮੀ ਹੋਣ ਦਾ ਖਦਸ਼ਾ



ਗੁਹਾਟੀ, 11 ਨਵੰਬਰ (ਪੈ.ਗਾਮ-ਏ-ਜਗਤ)

ਬੁੱਧਵਾਰ ਸਵੇਰੇ ਅਸਾਮ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ। ਗੁਹਾਟੀ ਨੇੜੇ ਦਿਗਾਰੂ ਰੇਲਵੇ ਸਟੇਸ਼ਨ 'ਤੇ ਸੈਰੰਗ-ਕੋਲਕਾਤਾ ਐਕਸਪ੍ਰੈਸ ਦੇ ਛੇ ਡੱਬੇ ਅਤੇ ਇੰਜਣ ਪਟੜੀ ਤੋਂ ਉਤਰ ਗਏ, ਜਿਸ ਕਾਰਨ ਯਾਤਰੀਆਂ ਵਿੱਚ ਦਹਿਸ਼ਤ ਫੈਲ ਗਈ। ਅਧਿਕਾਰੀਆਂ ਅਨੁਸਾਰ, ਕਈ ਯਾਤਰੀਆਂ ਦੇ ਜ਼ਖਮੀ ਹੋਣ ਦਾ ਖਦਸ਼ਾ ਹੈ, ਹਾਲਾਂਕਿ ਹੁਣ ਤੱਕ ਕਿਸੇ ਦੀ ਮੌਤ ਦੀ ਕੋਈ ਖਬਰ ਨਹੀਂ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮਿਜ਼ੋਰਮ ਦੀ ਰਾਜਧਾਨੀ ਆਈਜ਼ੌਲ ਨੇੜੇ ਸਥਿਤ ਸੈਰੰਗ ਤੋਂ ਕੋਲਕਾਤਾ ਜਾ ਰਹੀ ਇਹ ਰੇਲਗੱਡੀ ਕਾਮਰੂਪ (ਮੈਟਰੋਪੋਲੀਟਨ) ਜ਼ਿਲ੍ਹੇ ਦੇ ਦਿਗਾਰੂ ਰੇਲਵੇ ਸਟੇਸ਼ਨ ਨੇੜੇ ਸਵੇਰੇ 6:54 ਵਜੇ ਹਾਦਸੇ ਦਾ ਸ਼ਿਕਾਰ ਹੋ ਗਈ। ਰੇਲਗੱਡੀ ਦੇ ਛੇ ਡੱਬੇ ਅਤੇ ਇੰਜਣ ਪਟੜੀ ਤੋਂ ਉਤਰ ਗਏ। ਹਾਲਾਂਕਿ ਰਿਪੋਰਟਾਂ ਦੱਸਦੀਆਂ ਹਨ ਕਿ ਕਈ ਯਾਤਰੀ ਜ਼ਖਮੀ ਹੋਏ ਹਨ, ਪਰ ਜ਼ਖਮੀਆਂ ਦੀ ਸਹੀ ਗਿਣਤੀ ਅਤੇ ਹਾਦਸੇ ਦੇ ਕਾਰਨਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਰੇਲਵੇ ਅਤੇ ਸਥਾਨਕ ਪ੍ਰਸ਼ਾਸਨ ਦੀਆਂ ਟੀਮਾਂ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਜੁਟੀਆਂ ਹੋਈਆਂ ਹਨ।

ਸੰਗਰੂਰ 'ਚ ਬੱਸ ਫਲਾਈਓਵਰ ਨਾਲ ਟਕਰਾਉਣ ਕਾਰਨ 3 ਦੀ ਮੌਤ, 26 ਜ਼ਖ਼ਮੀ

- 10 ਵਿਅਕਤੀ ਪਟਿਆਲਾ ਰੈਫਰ

ਸੰਗਰੂਰ, 11 ਨਵੰਬਰ (ਪੈ.ਗਾਮ-ਏ-ਜਗਤ)

ਧੂਰੀ ਤੋਂ ਚੰਡੀਗੜ੍ਹ ਜਾ ਰਹੀ ਪੀਆਰਟੀਸੀ ਦੀ ਬੱਸ ਅੱਜ ਤੜਕੇ ਸੰਗਰੂਰ ਵਿਖੇ ਕੌਮੀ ਹਾਈਵੇ ਦੇ ਬਾਈਪਾਸ ਨੇੜੇ ਬੇਕਾਬੂ ਹੁੰਦਿਆਂ ਪੁਲ ਨਾਲ ਟਕਰਾ ਕੇ ਪਲਟ ਗਈ। ਇਸ ਭਿਆਨਕ ਸੜਕ



ਹਾਦਸੇ ਚ ਦੋ ਔਰਤਾਂ ਸਣੇ 3 ਸਵਾਰੀਟਾਂ ਦੀ ਮੌਤ ਹੋ ਗਈ ਹੈ ਜਦ ਕਿ 26 ਜ਼ਖ਼ਮੀ ਹੋ ਗਏ ਹਨ ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਵੇਰਵਿਆਂ ਅਨੁਸਾਰ ਜ਼ਖਮੀਆਂ ਚੋਂ 10 ਦੀ ਹਾਲਤ ਨੂੰ ਵੇਖਦਿਆਂ ਡਾਕਟਰਾਂ ਨੇ ਪਟਿਆਲਾ ਰੈਫਰ ਕਰ ਦਿੱਤਾ ਹੈ।


ਸਿਵਲ ਹਸਪਤਾਲ 'ਚ ਹਾਦਸੇ ਬਾਰੇ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਦਲਵੀਰ ਸਿੰਘ ਨੇ ਦੱਸਿਆ ਕਿ ਅੱਜ ਤੜਕੇ ਕਰੀਬ ਪੌਣੇ ਪੰਜ ਵਜੇ ਪੀ ਆਰ ਟੀ ਸੀ ਦੀ ਬੱਸ ਧੂਰੀ ਤੋਂ ਚੰਡੀਗੜ੍ਹ ਲਈ ਰਵਾਨਾ ਹੋਈ ਜੋ ਕਿ ਸੰਗਰੂਰ ਬੱਸ ਸਟੈਂਡ ਹੁੰਦਿਆਂ ਜਿਉਂ ਹੀ ਬਠਿੰਡਾ ਚੰਡੀਗੜ੍ਹ ਕੌਮੀ ਹਾਈਵੇ ਦੇ ਸਥਾਨਕ ਪਟਿਆਲਾ ਬਾਈਪਾਸ ਦੇ ਓਵਰਬ੍ਰਿਜ ਨੇੜੇ ਪੁੱਜੀ ਤਾਂ ਬੇਕਾਬੂ ਹੋ ਕੇ ਪੁਲ ਦੀ ਕੰਧ ਨਾਲ ਟਕਰਾ ਕੇ ਪਲਟ ਗਈ।

ਉਨ੍ਹਾਂ ਦੱਸਿਆ ਕਿ ਡਰਾਈਵਰ ਲਾਪਰਵਾਹੀ ਨਾਲ ਬੱਸ ਚਲਾ ਰਿਹਾ ਸੀ ਕਿਉਂਕਿ ਧੂਰੀ ਤੋਂ ਹੀ ਬੱਸ ਲੇਟ ਚੱਲੀ ਸੀ, ਜਿਸ ਕਾਰਨ ਡਰਾਈਵਰ ਕਾਹਲ ਵਿਚ ਸੀ। ਹਾਦਸੇ 'ਚ ਰਾਜਵਿੰਦਰ ਕੌਰ ਵਾਸੀ ਪਿੰਡ ਫਤਹਿਗੜ੍ਹ ਛੰਨਾਂ, ਨਰਿੰਦਰ ਕੌਰ ਵਾਸੀ ਧੂਰੀ ਅਤੇ ਮਨਜੀਤ ਸਿੰਘ ਪਿੰਡ ਥਲੇਸਾਂ ਦੀ ਮੌਤ ਹੋ ਗਈ ਹੈ। ਜਦੋਂ ਕਿ 26 (ਬਾਕੀ ਸਫ਼ਾ 2 'ਤੇ)



ਸੰਪਾਦਕ ਦੀ ਕਲਮ ਤੋਂ

ਸਾਈਬਰ ਠੱਗੀ ਦਾ ਵਧਦਾ ਖ਼ਤਰਾ



ਅੱਜ ਦੇ ਸਮੇਂ ਵਿੱਚ ਮੋਬਾਈਲ ਫ਼ੋਨ ਅਤੇ ਇੰਟਰਨੈੱਟ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਬਣ ਚੁੱਕੇ ਹਨ। ਬੈਂਕਿੰਗ, ਖਰੀਦਦਾਰੀ, ਪੜ੍ਹਾਈ, ਸਰਕਾਰੀ ਸੇਵਾਵਾਂ ਅਤੇ ਪੈਸਿਆਂ ਦੇ ਲੈਣ-ਦੇਣ ਵਰਗੇ ਬਹੁਤ ਸਾਰੇ ਕੰਮ ਡਿਜੀਟਲ ਮਾਧਿਅਮਾਂ ਰਾਹੀਂ ਹੋ ਰਹੇ ਹਨ। ਇਸ ਨਾਲ ਸਮਾਂ ਅਤੇ ਮਿਹਨਤ ਦੀ ਬੱਚਤ ਹੋਈ ਹੈ, ਪਰ ਇਸ ਸਹੂਲਤ ਦੇ ਨਾਲ ਸਾਈਬਰ ਅਪਰਾਧਾਂ ਦਾ ਖ਼ਤਰਾ ਵੀ ਵਧ ਰਿਹਾ ਹੈ। ਠੱਗ ਨਵੇਂ-ਨਵੇਂ ਤਰੀਕੇ ਅਪਨਾ ਕੇ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਲਈ ਡਿਜੀਟਲ ਸੇਵਾਵਾਂ ਦੇ ਵਿਸਥਾਰ ਦੇ ਨਾਲ ਲੋਕਾਂ ਨੂੰ ਇਨ੍ਹਾਂ ਦੀ ਸੁਰੱਖਿਅਤ ਵਰਤੋਂ ਬਾਰੇ ਜਾਗਰੂਕ ਕਰਨਾ ਵੀ ਜ਼ਰੂਰੀ ਹੈ। ਸਾਈਬਰ ਠੱਗੀ ਦਾ ਰੂਪ ਪਹਿਲਾਂ ਨਾਲੋਂ ਵਧੇਰੇ ਗੁੰਝਲਦਾਰ ਹੋ ਗਿਆ ਹੈ। ਠੱਗ ਕਈ ਵਾਰ ਬੈਂਕ ਅਧਿਕਾਰੀ, ਪੁਲਿਸ ਮੁਲਾਜ਼ਮ, ਸਰਕਾਰੀ ਅਧਿਕਾਰੀ ਜਾਂ ਕਿਸੇ ਜਾਣਕਾਰ ਦਾ ਰੂਪ ਧਾਰ ਕੇ ਫ਼ੋਨ ਕਰਦੇ ਹਨ। ਕਦੇ ਖਾਤਾ ਬੰਦ ਹੋਣ, ਕੇਵਾਈਸੀ ਅਪਡੇਟ ਕਰਨ, ਇਨਾਮ ਮਿਲਣ, ਬਿਜਲੀ ਕੁਨੈਕਸ਼ਨ ਕੱਟਣ ਜਾਂ ਪਾਰਸਲ ਫਸਣ ਦਾ ਡਰ ਦਿਖਾਇਆ ਜਾਂਦਾ ਹੈ। ਨਕਲੀ ਲਿੰਕ ਭੇਜ ਕੇ ਬੈਂਕ ਖਾਤੇ ਜਾਂ ਨਿੱਜੀ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਓਟੀਪੀ, ਪਾਸਵਰਡ ਅਤੇ ਹੋਰ ਗੁਪਤ ਜਾਣਕਾਰੀ ਲੈ ਕੇ ਖਾਤਿਆਂ ਵਿੱਚੋਂ ਪੈਸੇ ਕੱਢ ਲਏ ਜਾਂਦੇ ਹਨ। ਡਿਜੀਟਲ ਗ੍ਰਿਫ਼ਤਾਰੀ ਵਰਗੇ ਤਰੀਕਿਆਂ ਰਾਹੀਂ ਲੋਕਾਂ ਨੂੰ ਮਾਨਸਿਕ ਦਬਾਅ ਵਿੱਚ ਲਿਆ ਕੇ ਪੈਸੇ ਵਸੂਲੇ ਜਾਂਦੇ ਹਨ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗ਼ਾਮ-ਏ-ਜਗਤ

ਇਸ ਸਮੱਸਿਆ ਦਾ ਦਾਇਰਾ ਆਮ ਲੋਕਾਂ ਦੇ ਮੋਬਾਈਲ ਅਤੇ ਬੈਂਕ ਖਾਤਿਆਂ ਤੱਕ ਹੀ ਸੀਮਤ ਨਹੀਂ ਹੈ। ਬੈਂਕ ਅਤੇ ਵਿੱਤੀ ਸੰਸਥਾਵਾਂ ਵੀ ਸਾਈਬਰ ਹਮਲਿਆਂ ਦਾ ਨਿਸ਼ਾਨਾ ਬਣ ਰਹੀਆਂ ਹਨ। ਇਨ੍ਹਾਂ ਕੋਲ ਗਾਹਕਾਂ ਦੀ ਵੱਡੀ ਮਾਤਰਾ ਵਿੱਚ ਨਿੱਜੀ ਅਤੇ ਵਿੱਤੀ ਜਾਣਕਾਰੀ ਹੁੰਦੀ ਹੈ। ਹੈਕਿੰਗ, ਡਾਟਾ ਚੋਰੀ, ਨਕਲੀ ਵੈੱਬਸਾਈਟਾਂ ਅਤੇ ਫਿਸ਼ਿੰਗ ਰਾਹੀਂ ਅਪਰਾਧੀ ਸੰਸਥਾਵਾਂ ਦੇ ਕੰਮਕਾਜ ਵਿੱਚ ਰੁਕਾਵਟ ਪਾ ਸਕਦੇ ਹਨ। ਅਜਿਹੇ ਹਮਲਿਆਂ ਨਾਲ ਗਾਹਕਾਂ ਦੀ ਜਾਣਕਾਰੀ ਖ਼ਤਰੇ ਵਿੱਚ ਪੜ ਸਕਦੀ ਹੈ ਅਤੇ ਵਿੱਤੀ ਸੇਵਾਵਾਂ ਵੀ ਪ੍ਰਭਾਵਿਤ ਹੋ ਸਕਦੀਆਂ ਹਨ। ਇਸ ਲਈ ਸਾਈਬਰ ਸੁਰੱਖਿਆ ਵਿਅਕਤੀਗਤ ਸਾਵਧਾਨੀ ਦੇ ਨਾਲ ਪੂਰੇ ਵਿੱਤੀ ਪ੍ਰਬੰਧ ਦੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ। ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਡਿਜੀਟਲ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ। ਗਾਹਕਾਂ ਦੇ ਅੰਕੜਿਆਂ ਦੀ ਸੁਰੱਖਿਆ, ਸ਼ੱਕੀ ਲੈਣ-ਦੇਣ ਦੀ ਪਛਾਣ, ਸਮੇਂ ਸਿਰ ਚੇਤਾਵਨੀ ਅਤੇ ਸੁਰੱਖਿਆ ਪ੍ਰਣਾਲੀਆਂ ਦੀ ਨਿਯਮਤ ਜਾਂਚ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਕਿਸੇ ਸਾਈਬਰ ਹਮਲੇ ਦੀ ਸਥਿਤੀ ਵਿੱਚ ਗਾਹਕਾਂ ਨੂੰ ਸਹੀ ਜਾਣਕਾਰੀ ਅਤੇ ਸਹਾਇਤਾ ਦੇਣ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ।

ਆਮ ਲੋਕਾਂ ਲਈ ਵੀ ਕੁਝ ਬੁਨਿਆਦੀ ਸਾਵਧਾਨੀਆਂ ਬਹੁਤ ਮਹੱਤਵਪੂਰਨ ਹਨ। ਕਿਸੇ ਅਣਜਾਣ ਵਿਅਕਤੀ ਨਾਲ ਓਟੀਪੀ, ਪਾਸਵਰਡ, ਏਟੀਐਮ ਪਿੰਨ ਜਾਂ ਬੈਂਕ ਖਾਤੇ ਦੀ ਜਾਣਕਾਰੀ ਸਾਂਝੀ ਨਹੀਂ ਕਰਨੀ ਚਾਹੀਦੀ। ਸ਼ੱਕੀ ਸੁਨੇਹਿਆਂ ਅਤੇ ਲਿੰਕਾਂ ਉੱਤੇ ਭਰੋਸਾ ਕਰਨ ਦੀ ਬਜਾਏ ਸਬੰਧਤ ਸੰਸਥਾ ਦੇ ਅਧਿਕਾਰਤ ਮਾਧਿਅਮ ਰਾਹੀਂ ਪੁਸ਼ਟੀ ਕਰਨੀ ਚਾਹੀਦੀ ਹੈ। ਅਣਜਾਣ ਐਪਲੀਕੇਸ਼ਨਾਂ ਡਾਊਨਲੋਡ ਕਰਨ ਅਤੇ ਕਿਸੇ ਦੇ ਕਹਿਣ ਉੱਤੇ ਸਕਰੀਨ ਸਾਂਝੀ ਕਰਨ ਤੋਂ ਬਚਣਾ ਚਾਹੀਦਾ ਹੈ। ਜਨਤਕ ਥਾਵਾਂ ਉੱਤੇ ਖੁੱਲ੍ਹੇ ਵਾਈ-ਫਾਈ ਰਾਹੀਂ ਬੈਂਕਿੰਗ ਲੈਣ-ਦੇਣ ਕਰਨ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਕਾਗਜ਼ੀ ਬਿੱਲਾਂ, ਏਟੀਐਮ ਸਲਿੱਪਾਂ ਅਤੇ ਪੈਸਿਆਂ ਦੇ ਲੈਣ-ਦੇਣ ਦੀਆਂ ਰਸੀਦਾਂ ਨੂੰ ਵੀ ਲਾਪਰਵਾਹੀ ਨਾਲ ਜਨਤਕ ਥਾਵਾਂ ਜਾਂ ਖੁੱਲ੍ਹੇ ਕੂੜੇ ਵਿੱਚ ਨਹੀਂ ਸੁੱਟਣਾ ਚਾਹੀਦਾ। ਇਨ੍ਹਾਂ ਉੱਤੇ ਖਾਤੇ ਦੇ ਕੁਝ ਵੇਰਵੇ, ਲੈਣ-ਦੇਣ ਦੀ ਜਾਣਕਾਰੀ, ਫ਼ੋਨ ਨੰਬਰ ਜਾਂ ਹੋਰ ਨਿੱਜੀ ਜਾਣਕਾਰੀ ਦਰਜ ਹੋ ਸਕਦੀ ਹੈ। ਅਜਿਹੇ ਕਾਗਜ਼ ਕਿਸੇ ਗਲਤ ਹੱਥ ਵਿੱਚ ਪੈਣ ਨਾਲ ਜਾਣਕਾਰੀ ਦੀ ਦੁਰਵਰਤੋਂ ਹੋ ਸਕਦੀ ਹੈ। ਇਸ ਲਈ ਬੇਲੋੜੇ ਬਿੱਲਾਂ ਅਤੇ ਰਸੀਦਾਂ ਨੂੰ ਕੱਟ ਕੇ ਜਾਂ ਸ਼੍ਰੈਡਰ ਰਾਹੀਂ ਨਸ਼ਟ ਕਰਨਾ ਚਾਹੀਦਾ ਹੈ। ਜਿਨ੍ਹਾਂ ਰਸੀਦਾਂ ਦੀ ਲੋੜ ਹੋਵੇ, ਉਨ੍ਹਾਂ ਨੂੰ ਸੁਰੱਖਿਅਤ ਥਾਂ ਉੱਤੇ ਰੱਖਣਾ ਚਾਹੀਦਾ ਹੈ।

ਡਿਜੀਟਲ ਜਾਗਰੂਕਤਾ ਵਧਾਉਣ ਦੀ ਜ਼ਿੰਮੇਵਾਰੀ ਸਿਰਫ਼ ਪੁਲਿਸ ਜਾਂ ਬੈਂਕਾਂ ਦੀ ਨਹੀਂ ਹੋ ਸਕਦੀ। ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਦੀ ਮੁੱਢਲੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਪੰਚਾਇਤਾਂ, ਸਮਾਜਿਕ ਸੰਸਥਾਵਾਂ, ਬੈਂਕਾਂ ਅਤੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਜਾਗਰੂਕਤਾ ਕੈਂਪ ਲਗਾਏ ਜਾ ਸਕਦੇ ਹਨ। ਬਜ਼ੁਰਗਾਂ ਅਤੇ ਪਹਿਲੀ ਵਾਰ ਡਿਜੀਟਲ ਸੇਵਾਵਾਂ ਵਰਤਣ ਵਾਲਿਆਂ ਨੂੰ ਸੌਖੀ ਭਾਸ਼ਾ ਵਿੱਚ ਜਾਣਕਾਰੀ ਦੇਣੀ ਖ਼ਾਸ ਤੌਰ 'ਤੇ ਜ਼ਰੂਰੀ ਹੈ। ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਅਤੇ ਸੋਸ਼ਲ ਮੀਡੀਆ ਰਾਹੀਂ ਠੱਗੀ ਦੇ ਨਵੇਂ ਤਰੀਕਿਆਂ ਬਾਰੇ ਲੋਕਾਂ ਨੂੰ ਲਗਾਤਾਰ ਸੁਚੇਤ ਕੀਤਾ ਜਾ ਸਕਦਾ ਹੈ। ਸਾਈਬਰ ਠੱਗੀ ਦਾ ਸ਼ਿਕਾਰ ਹੋਣ ਦੀ ਸਥਿਤੀ ਵਿੱਚ ਘਬਰਾਉਣ ਜਾਂ ਚੁੱਪ ਰਹਿਣ ਦੀ ਬਜਾਏ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਭਾਰਤ ਵਿੱਚ ਸਾਈਬਰ ਵਿੱਤੀ ਧੋਖਾਧੜੀ ਦੀ ਸ਼ਿਕਾਇਤ ਲਈ ਰਾਸ਼ਟਰੀ ਹੈਲਪਲਾਈਨ ਨੰਬਰ 1930 ਅਤੇ ਸਰਕਾਰੀ ਪੋਰਟਲ cybercrime.gov.in ਉਪਲਬਧ ਹਨ। ਬੈਂਕ ਨੂੰ ਵੀ ਤੁਰੰਤ ਸੂਚਿਤ ਕਰਨਾ ਚਾਹੀਦਾ ਹੈ ਤਾਂਕਿ ਖਾਤੇ ਜਾਂ ਕਾਰਡ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ। ਡਿਜੀਟਲ ਤਕਨੀਕ ਤੋਂ ਦੂਰ ਰਹਿਣਾ ਇਸ ਸਮੱਸਿਆ ਦਾ ਹੱਲ ਨਹੀਂ ਹੈ। ਲੋੜ ਇਸ ਗੱਲ ਦੀ ਹੈ ਕਿ ਸਹੂਲਤ ਦੇ ਨਾਲ ਸੁਰੱਖਿਆ ਦੀ ਸਮਝ ਵੀ ਵਿਕਸਿਤ ਹੋਵੇ। ਬੈਂਕ ਆਪਣੀਆਂ ਪ੍ਰਣਾਲੀਆਂ ਮਜ਼ਬੂਤ ਕਰਨ, ਸਰਕਾਰੀ ਸੰਸਥਾਵਾਂ ਜਾਗਰੂਕਤਾ ਅਤੇ ਸ਼ਿਕਾਇਤ ਨਿਵਾਰਨ ਦੇ ਪ੍ਰਬੰਧ ਸੁਧਾਰਨ ਅਤੇ ਲੋਕ ਹਰ ਡਿਜੀਟਲ ਸੁਨੇਹੇ ਉੱਤੇ ਅੱਖਾਂ ਬੰਦ ਕਰਕੇ ਭਰੋਸਾ ਕਰਨ ਦੀ ਬਜਾਏ ਉਸ ਦੀ ਜਾਂਚ ਕਰਨ। ਤਕਨੀਕ ਦਾ ਲਾਭ ਤਦ ਹੀ ਪੂਰੀ ਤਰ੍ਹਾਂ ਮਿਲ ਸਕਦਾ ਹੈ ਜਦੋਂ ਉਸ ਨਾਲ ਜੁੜੇ ਖ਼ਤਰਿਆਂ ਬਾਰੇ ਵੀ ਸਮਾਜ ਸੁਚੇਤ ਹੋਵੇ।

"ਤੌਫ਼ੀਕ ਬਖ਼ਸ਼ ਮੌਲਾ"

ਪੁਸਤਕ ਚਰਚਾ:
ਪੁਸਤਕ ਦਾ ਨਾਮ : ਤੌਫ਼ੀਕ ਬਖ਼ਸ਼ ਮੌਲਾ
ਲੇਖਕ : ਪ੍ਰੋ. ਕੁਲਵੰਤ ਸਿੰਘ ਔਜਲਾ
ਪ੍ਰਕਾਸ਼ਕ : ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ।
ਪੰਨੇ : 143, ਮੁੱਲ : 300 ਰੁਪਏ
ਟਿਪਣੀਕਰਤਾ : ਡਾ.ਪ੍ਰਿਤਪਾਲ ਸਿੰਘ ਮਹਿਰੋਕ

ਫਿਕਰਮੰਦੀ ਵਿੱਚੋਂ ਉਪਜਦੀਆਂ ਕਵਿਤਾਵਾਂ ਦਾ ਸ਼ਿਲਾਲੇਖ: ਤੌਫ਼ੀਕ ਬਖ਼ਸ਼ ਮੌਲਾ

-ਡਾ.ਪ੍ਰਿਤਪਾਲ ਸਿੰਘ ਮਹਿਰੋਕ
98885-10185

ਪ੍ਰੋ. ਕੁਲਵੰਤ ਸਿੰਘ ਔਜਲਾ ਪੰਜਾਬੀ ਸਾਹਿਤ ਵਿੱਚ ਇਕ ਸਮਰੱਥ ਕਵੀ,ਚਿੰਤਨਸ਼ੀਲ ਵਾਰਤਕ ਲੇਖਕ ਅਤੇ ਚੇਤੰਨ ਤੇ ਪ੍ਰਤਿਭਾਵਾਨ ਆਲੋਚਕ ਵਜੋਂ ਵਿਸ਼ੇਸ਼ ਪਛਾਣ ਰੱਖਦਾ ਹੈ।ਆਪਣੀਆਂ ਪਹਿਲੀਆਂ ਕਾਵਿ ਪੁਸਤਕਾਂ ਰਾਹੀਂ ਉਹ ਆਪਣੀ ਕਾਵਿ ਪ੍ਰਤਿਭਾ ਦਾ ਪ੍ਰਮਾਣ ਪ੍ਰਸਤੁਤ ਕਰ ਚੁੱਕਾ ਹੈ।ਕਾਵਿ ਸਾਧਨਾ ਨਾਲ ਨਿਰੰਤਰ ਜੁੜੇ ਰਹਿਣਾ ਤੇ ਸਾਹਿਤ ਦੇ ਸਮਕਾਲੀ ਸਰੋਕਾਰਾਂ ਦਾ ਚਿੰਤਨ-ਮੰਥਨ ਕਰਨਾ ਵੀ ਉਸਦੀ ਰਚਨਾ ਦਾ ਹਿੱਸਾ ਬਣਦਾ ਰਹਿੰਦਾ ਹੈ। 'ਤੌਫ਼ੀਕ ਬਖ਼ਸ਼ ਮੌਲਾ' ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਛੇਵੀਂ ਪੁਸਤਕ ਹੈ।ਉਸਦੀ ਕਵਿਤਾ ਵਿੱਚ ਵਹਿੰਦਾ ਸਿਮ੍ਰਿਤੀਆਂ ਦਾ ਪ੍ਰਵਾਹ ਤੇ ਸਫੁਟਕ ਹੁੰਦੇ ਵਿਚਾਰਾਂ ਦਾ ਸਹਿਜਭਾਵੀ ਸਮਾਵੇਸ਼ ਇਸ ਪੁਸਤਕ ਵਿੱਚ ਹਾਜ਼ਿਰ ਹੁੰਦਾ ਹੈ। ਪੁਸਤਕ ਵਿੱਚ ਦਰਜ ਕਵਿਤਾਵਾਂ ਨੂੰ ਉਨ੍ਹਾਂ ਦੇ ਮਜ਼ਮੂਨ ਅਨੁਸਾਰ ਵਿਉਂਤ ਵਿੱਚ ਪ੍ਰਸਤੁਤ ਕਰਨ ਦੀ ਜੁਗਤ ਤਹਿਤ ਕਵੀ ਉਨ੍ਹਾਂ ਦੇ ਸਿਰਲੇਖਵਾਰ 9 ਅਨੁਭਾਗ ਬਣਾਉਂਦਾ ਹੈ। ਰੁਖ਼ ਸਿਰ ਵਿਉਂਤੀਆਂ ਕਵਿਤਾਵਾਂ ਦੀ ਵਿਸ਼ੇਸ਼ ਤਰਤੀਬ ਵਿੱਚੋਂ ਕਵੀ ਦੀ ਕਵਿਤਾਵਾਂ ਪ੍ਰਤੀ ਅਪਨਾਈ ਨਿਆਇਸੰਗਤ ਪਹੁੰਚ ਦਾ ਝਲਕਾਰਾ ਮਿਲ ਜਾਂਦਾ ਹੈ।

'ਆਸ, ਉਮੀਦ ਤੇ ਮੁਹੱਬਤ ਦੀਆਂ ਕਵਿਤਾਵਾਂ' ਵਿੱਚ ਕਵੀ ਮਨੁੱਖੀ ਜ਼ਿੰਦਗੀ ਨੂੰ ਦੁਸ਼ਵਾਰੀਆਂ, ਸਮੱਸਿਆਵਾਂ,ਫਿਕਰਾਂ ਆਦਿ ਨਾਲ ਅੱਟੀ ਹੋਈ ਸਮਝਦਾ ਹੈ।ਮਨੁੱਖ ਨੂੰ ਕਦਮ ਕਦਮ 'ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਜ਼ਿੰਦਗੀ ਦੀਆਂ ਗੁੰਝਲਾਂ ਦੇ ਹੱਲ ਲੱਭਦਾ ਫਿਰਦਾ ਹੈ। ਥੋੜ੍ਹ ਚਿਰੀ ਜ਼ਿੰਦਗੀ ਨੂੰ ਜੀਉਣ ਜੋਗੀ ਬਣਾਉਣ ਦੀ ਲੋੜ ਹੈ।ਦੁਨੀਆ ਖੂਬਸੂਰਤ ਵੀ ਬਹੁਤ ਹੈ ਪਰ ਨਿਰਦੱਈ ਵੀ ਪੁੱਜ ਕੇ ਹੈ। ਕੋਹਦੀ ਵੀ ਬਹੁਤ ਹੈ।ਕਵੀ ਸਮਝਦਾ ਹੈ ਕਿ ਮਨੁੱਖ ਨੂੰ ਹਰੇਕ ਹਾਲਤ ਵਿੱਚ ਆਸ ਦੇ ਦੀਵੇ ਜਗਾਈ ਰੱਖਣੇ ਚਾਹੀਦੇ ਹਨ। ਦੀਵਾ ਜੀਵਨ ਦੇ ਬਿਹਤਰ ਰਾਹ ਸੁਝਾਉਂਦਾ ਹੈ,ਸੰਘਰਸ਼ ਕਰਨ ਲਈ ਊਰਜਾ ਪ੍ਰਦਾਨ ਕਰਦਾ ਹੈ।ਜਾਹੋ-ਜਲਾਲ ਵਿੱਚ ਵਾਧਾ ਕਰਦਾ ਹੈ।ਜ਼ਿੰਦਗੀ ਜੀਉਣ ਦੇ ਵਿਸ਼ਵਾਸ ਨੂੰ ਪਕੇਰਿਆਂ ਕਰਦਾ ਹੈ।ਭਲੇ ਦਿਨ ਆਉਣ ਦੀ ਉਮੀਦ ਵਿੱਚ ਜੀਉਣਾ ਹੀ ਜ਼ਿੰਦਗੀ ਹੈ।ਹਰਿਮੰਦਰ ਦੇ ਦੀਵਿਆਂ ਦੀ ਲੋਅ ਨੂੰ ਕਵੀ ਕੁੱਲ ਦੁਨੀਆ ਦੇ ਦੀਵਿਆਂ ਦੀ ਲੋਅ ਤੋਂ ਸੋਹਣੀ ਮੰਨਦਾ ਹੈ।ਕਵੀ ਸੱਚ ਕਹਿਣ ਤੇ ਸੁਣਨ ਦਾ ਹੌਸਲਾ ਰੱਖਣ ਲਈ ਕਹਿੰਦਾ ਹੈ।

'ਗਹਿਰੇ ਰਿਸ਼ਤਿਆਂ ਦੀਆਂ ਕਵਿਤਾਵਾਂ' ਅਤੇ 'ਅਤੀਤ ਨਾਲ ਜੋੜਦੀਆਂ ਕਵਿਤਾਵਾਂ' ਵਿੱਚ ਕਵੀ ਦੀ ਭਾਵਨਾਤਮਿਕਤਾ ਪ੍ਰਬਲ ਸੁਰ ਵਿੱਚ ਪ੍ਰਗਟ ਹੁੰਦੀ ਹੈ।ਕਵੀ ਦੀਆਂ ਜੜ੍ਹਾਂ ਪਿੰਡ ਸੱਭਿਆਚਾਰ ਵਿੱਚ ਹਨ,ਜਿਥੋਂ ਉਹ ਰਚਨਾਤਮਿਕ ਊਰਜਾ ਪ੍ਰਾਪਤ ਕਰਦਾ ਹੈ।ਕਵਿਤਾ ਦਾ ਉਸਦੇ ਅੰਤਰੀਵ ਨਾਲ ਵੀ ਬਹੁਤ ਗਹਿਰਾ ਸਬੰਧ ਹੈ।ਮਾਂ-ਬਾਪ ਔਖਿਆਂ ਸੌਖਿਆਂ ਘਰ ਦੀਆਂ ਗ਼ਰਜ਼ਾਂ ਪੂਰੀਆਂ ਕਰਦੇ ਹਨ।ਮਾਂ ਆਪਣਾ ਮਾਂ-ਧਰਮ ਨਿਭਾਉਂਦੀ ਆਈ ਹੈ।ਮਾਂ ਦੇ ਪਵਿੱਤਰ ਰਿਸ਼ਤੇ ਦਾ ਕੋਈ ਬਦਲ ਹੈ ਹੀ ਨਹੀਂ! ਵਾਹੀ ਖੇਤੀ ਵਿੱਚ ਵਰਤੇ ਜਾਂਦੇ ਜਿਨ੍ਹਾਂ ਸੰਦਾਂ ਨੂੰ ਬਾਪ ਵਰਤਦਾ ਰਿਹਾ ਹੈ,ਉਨ੍ਹਾਂ ਨੂੰ ਯਾਦ ਕਰਦਿਆਂ ਕਵੀ ਭਾਵੁਕ ਹੋ ਜਾਂਦਾ ਹੈ।ਕਵੀ ਨੂੰ ਮਲਾਲ ਹੈ ਕਿ ਕਿਰਤੀ ਬਾਪ ਦੇ ਜਾਨ ਤੋਂ ਵੱਧ ਪਿਆਰੇ ਵਾਹੀ ਵਾਲੇ ਸੰਦਾਂ ਨੂੰ ਉਹ ਸੰਭਾਲ ਕੇ ਨਹੀਂ ਰੱਖ ਸਕਿਆ! ਕਵੀ ਮਿਹਨਤੀ, ਕਿਰਤੀ,ਸਾਦ-ਮੁਰਾਦੇ ਬਾਪ ਦਾਦੇ ਨੂੰ,ਮ ਾਮੀ ਨੂੰ,ਉਸਦੇ ਪਲੰਘ ਨੂੰ ਯਾਦ ਕਰਦਾ ਹੈ, ਨਮਨ ਕਰਦਾ ਹੈ। ਉਸਦੀ ਕਵਿਤਾ ਵਿੱਚੋਂ ਉਸਦੀ ਕਾਵਿ ਸੰਵੇਦਨਾ ਦਾ ਅਹਿਸਾਸ ਅਸਰਦਾਇਕ ਸੁਰ ਵਿੱਚ ਪ੍ਰਗਟ ਹੁੰਦਾ ਹੈ। ਅਨਪੜ੍ਹ, ਹੱਲਵਾਹ ਬਾਪ ਦਾ ਪੜ੍ਹਿ ਆ-ਲਿਖਿਆ, ਕਲਮਕਾਰ ਫਰਜ਼ੰਦ ਹੋਣ ਉਪਰ ਕਵੀ ਫ਼ਖ਼ਰ ਮਹਿਸੂਸ ਕਰਦਾ ਹੈ।ਉਸਨੂੰ ਮਾਣ ਹੈ ਕਿ ਉਸ ਕੋਲ ਹਰਫ਼ਾਂ ਦੀ ਦੌਲਤ ਹੈ,ਜਾਗੀਰ ਹੈ,ਭੰਡਾਰ ਹੈ। ਉਸਦੇ ਹਰਫ਼ਾਂ ਵਿੱਚ ਰੂਹਾਨੀ ਨੀਰ ਹੈ। ਹਰਫ਼ਾਂ ਵਿੱਚ ਉਹ ਪੂਰੀ ਕਾਇਨਾਤ ਨੂੰ ਸਮੇਟ ਸਕਦਾ ਹੈ। ਕਵੀ ਹਰਫ਼ਾਂ ਦਾ ਸਫ਼ੀਰ ਹੋਣਾ ਲੋਚਦਾ ਹੈ ਪਰ ਉਸਦੀ ਕਾਵਿ ਕੀਰਤੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਉਹ ਖ਼ੁਦ ਹੈ ਹੀ ਹਰਫ਼ਾਂ ਦਾ ਸਫ਼ੀਰ! ਅਜਿਹੀ ਕਾਵਿਕ ਸੁਰ ਰਾਹੀਂ ਔਜਲਾ-ਕਾਵਿ ਵਿਚਲੀ ਕਾਵਿ ਸੰਵੇਦਨਾ ਆਪਣੀ ਸਾਰਥਿਕਤਾ ਨੂੰ ਪ੍ਰਮਾਣਿਤ ਕਰਦੀ ਪ੍ਰਤੀਤ ਹੁੰਦੀ ਹੈ। ਉਸਦੀਆਂ ਕਵਿਤਾਵਾਂ ਵਿੱਚੋਂ ਵਿਦਰੋਹੀ ਸੁਰ ਵੇਖੀ ਜਾ ਸਕਦੀ ਹੈ :

ਰੋਹ ਵਿਦਰੋਹ ਦੀਆਂ ਨਜ਼ਮਾਂ ਬਣਾਉਣੀਆਂ
ਮੋਹ ਵਿੱਚ ਭਿੱਜਕੇ ਦਰਵੇਸ਼ੀਆਂ ਕਮਾਉਣੀਆਂ
(ਪੰਨਾ 49)


ਭਲੇ ਤੇ ਸਾਦਗੀ ਭਰਪੂਰ ਸਮੇਂ ਨੂੰ,ਲੋਕਾਂ ਵਿੱਚ ਆਪਸੀ ਪਿਆਰ ਤੇ ਆਪਣੇਪਨ ਨੂੰ,ਆਪਣੀ ਜੰਮਣ ਭੋਇੰ ਨੂੰ,ਰਿਸ਼ਤਿਆਂ ਵਿਚਲੇ ਨਿੱਘ ਨੂੰ ਅਤੇ ਇਕਜੁਟਤਾ ਤੇ ਇਕਸੁਰਤਾ ਆਦਿ ਨੂੰ ਯਾਦ ਕਰਕੇ ਕਵੀ ਭਾਵੁਕ ਹੋ ਜਾਂਦਾ ਹੈ।ਬੀਤੇ ਦੀਆਂ ਯਾਦਾਂ ਕਵੀ ਲਈ ਬਹੁਮੁੱਲਾ ਸਰਮਾਇਆ ਬਣਦੀਆਂ ਹਨ।

'ਮਾਨਵ ਰੰਗ ਦੀਆਂ ਕਵਿਤਾਵਾਂ' ਵਿੱਚ ਕਵੀ ਦੁਆਵਾਂ ਵੀ ਕਰਦਾ ਹੈ,ਅਰਜ਼ੋਈਆਂ ਵੀ ਕਰਦਾ ਹੈ। ਮਹਿਕਣ-ਮੌਲਣ ਲਈ,ਦਿਲ ਵਿੱਚ ਨਵੀਆਂ ਉਮੰਗਾਂ ਦੇ ਪੈਦਾ ਹੁੰਦੇ ਰਹਿਣ ਲਈ,ਜੂਝਣ ਦੇ ਜਜ਼ਬੇ ਲਈ,ਹੱਕ-ਇਨਸਾਫ਼ ਲਈ ਕੀਤੀਆਂ ਕਵੀ ਦੀਆਂ ਅਰਜ਼ੋਈਆਂ ਕਦੇ ਤਾਂ ਰੰਗ ਲਿਆਉਣਗੀਆਂ :

ਮਾਨਵ ਰੰਗ ਵਿਚ ਰੰਗ ਦੇ ਮੌਲਾ
ਦਿਲ ਨੂੰ ਨਵੀਂ ਉਮੰਗ ਦੇ ਮੌਲਾ
ਮਹਿਕਣ ਮੌਲਣ ਮਾਣਨ ਦੇ ਲਈ
ਧੜਕਣ ਜੋਗੇ ਅੰਗ ਦੇ ਮੌਲਾ (ਪੰਨਾ 55)

ਕਵੀ ਅਜੋਕੇ ਮਨੁੱਖ ਵਿੱਚੋਂ ਮਾਨਵਤਾ ਦੇ ਮਨਫ਼ੀ ਹੁੰਦੇ ਜਾਣ 'ਤੇ ਫਿਕਰਮੰਦ ਹੁੰਦਾ ਹੈ।ਮਨੁੱਖ ਦੀ ਸੋਚ 'ਤੇ,ਉਸਦੀਆਂ ਹਰਕਤਾਂ 'ਤੇ,ਉਸਦੀ ਹੈਵਾਨੀਅਤ 'ਤੇ,ਦਹਿਸ਼ਤ ਵਾਲੇ ਚਲਨ 'ਤੇ ਕਵੀ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ।ਕਦੇ ਕਦੇ ਉਹ ਅਣਵੰਡੇ ਪੰਜਾਬ ਨੂੰ ਯਾਦ ਕਰਦਾ ਹੈ।ਢੌਂਗੀ ਤੇ ਸਵਾਂਗ ਰਚਣ ਵਾਲੇ ਲੋਕਾਂ ਨੂੰ,ਦੂਜਿਆਂ ਨੂੰ ਹਨੇਰੇ ਵਿੱਚ ਰੱਖਣ ਵਾਲੇ ਲੋਕਾਂ ਨੂੰ ਕਵੀ ਪਸੰਦ ਨਹੀਂ ਕਰਦਾ।

ਖ਼ੁਦਕੁਸ਼ੀਆਂ,ਕਤਲਾਂ,ਕਰਜ਼ਿਆਂ,ਕੰਗਾਲੀਆਂ ਵਾਲੇ ਦਮ ਘੋਟੂ ਸਮੇਂ ਤੋਂ, ਡੁੱਲ੍ਹਦੇ ਲਹੂ ਦੇ ਭਿਆਨਕ ਦ੍ਰਿਸ਼ਾਂ ਤੋਂ ਮਨੁੱਖ ਤੰਗ ਆ ਜਾਂਦਾ ਹੈ।ਕਵੀ ਜਦੋਂ ਮੁਹੱਬਤ ਦੀਆਂ ਮੋਮਬੱਤੀਆਂ ਜਗਾਉਣ ਦੀ ਇੱਛਾ ਪ੍ਰਗਟ ਕਰਦਾ ਹੈ,ਸਰਬੱਤ ਦੇ ਭਲੇ ਤੇ ਸੁੱਖ ਸ਼ਾਂਤੀ ਲਈ ਦੁਆ ਕਰਦਾ ਹੈ ਤਾਂ ਉਸਦਾ ਕਾਵਿ ਚਿੰਤਨ ਉਘੜਦਾ ਨਜ਼ਰ ਆਉਂਦਾ ਹੈ। ਕਵੀ ਦੀ ਪਾਰਦਰਸ਼ੀ ਕਾਵਿ ਦ੍ਰਿਸ਼ਟੀ ਸਪਸ਼ਟ ਹੋ ਜਾਂਦੀ ਹੈ।



'ਪਰਵਾਸ ਤੇ ਸਵਾਸ ਰੰਗੀਆਂ ਕਵਿਤਾਵਾਂ' ਪਰਵਾਸ ਧਾਰਨ ਕਰਨ ਦੇ ਦਰਦ ਵਿੱਚੋਂ ਪੈਦਾ ਹੁੰਦੀਆਂ ਹਨ।ਰੋਟੀ ਰੋਜ਼ੀ ਖ਼ਾਤਰ ਪਰਵਾਸ ਧਾਰਨ ਕਰਨ ਕਰ ਗਇਆਂ ਦੇ ਚਾਅ,ਸੱਧਰਾਂ,ਸੁਪਨੇ ਆਦਿ ਡਾਲਰਾਂ ਦੇ ਵਹਿਣ ਵਿੱਚ ਵਹਿ ਜਾਂਦੇ ਹਨ।ਡਾਲਰ ਕਮਾਉਣੇ ਬਹੁਤ ਔਖੇ ਹਨ।ਪਰਵਾਸ ਦਾ ਹਰੇਕ ਪੀੜ੍ਹੀ ਦੇ ਪਰਵਾਸੀ ਉਪਰ ਅਸਰ ਪੈਂਦਾ ਹੈ।ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਉਨ੍ਹਾਂ ਦਾ ਆਪਣੇ ਦੇਸ਼ ਤੋਂ ਮੋਹ ਭੰਗ ਹੋ ਗਿਆ ਹੋਵੇ ! ਜਦਕਿ ਅਸਲੀਅਤ ਇਹ ਹੈ ਕਿ ਪਰਦੇਸਾਂ ਵਿੱਚ ਵੀ ਉਨ੍ਹਾਂ ਦਾ ਕੋਈ ਆਪਣਾ ਨਹੀਂ !

'ਸਮਾਜਕ ਚਿੰਤਨ ਦੀਆਂ ਕਵਿਤਾਵਾਂ' ਵਿੱਚ ਕਵੀ ਮਨੁੱਖ ਦੀ ਫਿਕਰਮੰਦੀ ਦੇ ਕਝ ਹੋਰ ਪਹਿਲੂਆਂ ਨੂੰ ਰੇਖਾਂਕਿਤ ਕਰਦਾ ਹੈ। ਮਨੁੱਖ ਨਿੱਕੇ ਨਿੱਕੇ ਸਮਾਜਕ ਧੜਿਆਂ ਵਿੱਚ ਵੰਡਿਆ ਗਿਆ ਹੈ।ਹਕੂਮਤਾਂ ਨਿਰਦੱਈ ਹੋ ਗਈਆਂ ਹਨ।ਵਕਤ ਉਦਾਸੀ ਦੇ ਆਲਮ ਵਿੱਚ ਘਿਰ ਗਿਆ ਹੈ। ਹਵਾ, ਪਾਣੀ, ਮਿੱਟੀ, ਵਾਤਾਵਰਨ ਜ਼ਹਿਰੀਲੇ ਹੋ ਗਏ ਹਨ।ਹੋ ਗਈਆਂ ਤੇ ਹੋ ਰਹੀਆਂ ਬੇਹਿਸਾਬੀਆਂ ਖ਼ੁਦਕੁਸ਼ੀਆਂ ਦਾ ਕਲੰਕ ਮਿਟਣਾ ਔਖਾ ਹੈ। ਹਰ ਰੋਜ਼ ਵਾਪਰਦੀਆਂ ਅਣਹੋਣੀਆਂ ਉਪਰ ਕਵੀ ਚਿੰਤਾ ਪ੍ਰਗਟ ਕਰਦਾ ਹੈ।ਮਨੁੱਖ ਦੇ ਹਿੰਸਕ ਹੋ ਗਏ ਜਜ਼ਬਾਤ ਦਾ ਵੀ ਕਵੀ ਨੂੰ ਹਿਰਖ ਹੈ।ਰਾਜਿਆਂ ਨੂੰ ਤਾਕਤ ਮਿਲ ਗਈ ਹੈ।ਉਹ ਕੁਰੱਖਤ ਬੋਲ ਬੋਲਦੇ ਹਨ।

'ਵਕਤ ਨਾਲ ਜੂਝਦੀਆਂ ਕਵਿਤਾਵਾਂ' ਵਿੱਚ ਕਵੀ ਵਿਛੜ ਵਿਛੜ ਕੇ ਮਿਲਣ,ਮਿਲ ਮਿਲ ਕੇ ਵਿਛੜਨ ਦੀਆਂ ਗੱਲਾਂ ਕਰਦਾ ਹੈ।ਮੁੜ ਲਗਰਾਂ ਫੁੱਟਣ,ਮੁੜ ਖ਼ਾਬ ਪੁੰਗਰਨ ਬਾਰੇ ਸੰਵਾਦ ਰਚਾਉਂਦਾ ਹੈ।ਇਸ ਧਰਤੀ 'ਤੇ ਮਨੁੱਖ ਨੇ ਕਈ ਜਰਵਾਨਿਆਂ ਦਾ ਮੁਕਾਬਲਾ ਕੀਤਾ। ਮਨੁੱਖ ਦਾ ਬਾਬੇ ਦੀ ਰਹਿਮਤਾਂ 'ਤੇ ਭਰੋਸਾ ਹਮੇਸ਼ਾ ਕਾਇਮ ਰਿਹਾ ਹੈ।ਜਿਨ੍ਹਾਂ ਦੇ ਹੱਥਾਂ ਵਿੱਚ ਪੰਜਾਬ ਦੀ ਵਾਗਡੋਰ ਹੈ,ਉਨ੍ਹਾਂ ਨੇ ਹੀ ਪੰਜਾਬ ਨੂੰ ਗਿਰਵੀ ਰੱਖ ਦਿੱਤਾ ਹੈ।ਕਵੀ ਪੰਜਾਬ ਨੂੰ ਸੰਭਲਣ ਵਾਸਤੇ ਕਹਿੰਦਾ ਹੈ। ਇਨਕਲਾਬ ਹੁਣ ਬਹੁਤ ਦੂਰ ਦੀ ਗੱਲ ਬਣ ਗਿਆ ਹੈ।ਇਸਦੀ ਤਵੱਕੋਂ ਕਰਨ ਦੇ ਹੁਣ ਕੋਈ ਅਰਥ ਨਹੀਂ ਰਹਿ ਗਏ।ਕੁਰਸੀਆਂ ਦੀ ਬਦਨੀਅਤ ਕਾਰਨ ਚੰਡੀਗੜ੍ਹ ਦਾ ਪਹਿਲਾਂ ਵਾਲਾ ਰੁਤਬਾ ਨਹੀਂ ਰਿਹਾ,ਸ਼ਾਨ ਨਹੀਂ ਰਹੀ ! ਕੇਹੀ ਵਿਡੰਬਣਾ ਹੈ ਕਿ ਡਿਜੀਟਲ ਯੁੱਗ ਦੀ ਭੀੜ ਤੇ ਸ਼ੋਰ ਵਿੱਚ ਗਵਾਚ ਗਿਆ ਮਨੁੱਖ ਆਪਣੀ ਪਛਾਣ ਹੀ ਭੁੱਲ ਗਿਆ ਹੈ।ਸੇਵਾ ਮੁਕਤੀ ਸਮੇਂ ਕਾਲਜ ਤੋਂ ਵਿਦਾ ਹੋਣ ਵਾਲੇ ਦਿਨ ਦੀ ਚੀਸ (ਜੋ ਬਾਅਦ ਵਿੱਚ ਵਰਦਾਨ ਬਣ ਜਾਂਦੀ ਹੈ),ਦੀ ਕਵੀ ਬੜੀ ਸੰਵੇਦਨਸ਼ੀਲਤਾ ਨਾਲ ਕਾਵਿ ਅਭਵਿਅਕਤੀ ਕਰਦਾ ਹੈ। ਉਸਨੂੰ ਖ਼ੁਸ਼ੀ ਹੈ ਕਿ ਉਸਨੇ ਅੱਖਰਾਂ ਦੀ ਫਸਲ ਬੀਜੀ,ਉਸਨੂੰ ਪਾਲਿਆ ਪੋਸਿਆ ਤੇ ਹੁਣ ਉਸ ਕੋਲ ਸਦਾ ਬਹਾਰ,f ਸਹਤਮੰਦ ਤੇ ਚਿਰ ਜੀਵੀ ਅੱਖਰਾਂ ਦੀ ਭਰਪੂਰ ਫਸਲ ਹੈ। ਸਾੜਾ ਕਰਨ ਵਾਲੇ ਗੁੰਮਨਾਮ ਅਵਸਥਾ ਵਿੱਚ ਹਨ !

'ਭਾਵਨਾਮਈ ਕਵਿਤਾਵਾਂ' ਸਿਰਫ ਮਨੁੱਖ ਨੂੰਭਾਵਨਾਵਾਂ ਵਿੱਚ ਹੀ ਨਹੀਂ ਵਹਾਉਂਦੀਆਂ, ਸਗੋਂ ਚਿਰ ਸਥਾਈ ਅਸਰ ਵੀ ਛੱਡਦੀਆਂ ਹਨ! ਘਰਾਂ ਵਿੱਚ ਅਣਮਿਣਵੀਆਂ ਸੁੱਖ ਸਹੂਲਤਾਂ ਹਨ,ਬੱਚੇ ਵਿਦੇਸ਼ ਚਲੇ ਗਏ ਹਨ। ਘਰ ਵਿੱਚ ਜੀਆਂ ਦੀ ਘਾਟ ਹੋਣ ਕਰਕੇ ਦਿਲ ਨੂੰ ਹੌਲ ਪੈਂਦੇ ਹਨ। ਘਰ ਹੁਣ ਪਹਿਲਾਂ ਵਰਗੇ ਘਰ ਨਹੀਂ ਰਹੇ! ਇਹ ਵਿਗੋਚਾ ਕਵੀ ਨੂੰ ਪਰੇਸ਼ਾਨ ਕਰਦਾ ਹੈ। ਕਿਤਾਬਾਂ ਦੀਆਂ ਵਿਭਿੰਨ ਵੰਨਗੀਆਂ ਬਾਰੇ, ਉਨ੍ਹਾਂ ਦੇ ਸੁਭਾਅ ਬਾਰੇ,ਉਨ੍ਹਾਂ ਦੀ ਉਪਯੋਗਤਾ ਬਾਰੇ,ਉਨ੍ਹਾਂ ਦੇ ਰਾਹ ਦਸੇਰੀਆਂ ਹੋਣ ਦੇ ਸੱਚ ਆਦਿ ਬਾਰੇ ਕਵੀ ਬੜੀਆਂ ਮੁੱਲਵਾਨ ਗੱਲਾਂ ਕਰਦਾ ਹੈ।ਇਸ ਸਮੇਂ ਵਿੱਚ ਅਜਿਹੀਆਂ ਗਰਮ ਹਵਾਵਾਂ ਚੱਲ ਰਹੀਆਂ ਹਨ ਕਿ ਬਦਕਿਸਮਤ ਮਾਵਾਂ ਨੇ ਰੋ-ਰੋ ਕੇ ਆਪਣੀਆਂ ਅੱਖਾਂ ਚੁੰਨ੍ਹੀਆਂ ਕਰ ਲਈਆਂ ਹਨ।ਸਮੇਂ ਦੀ ਕੁਲੱਖਣੀ ਪੀੜ ਵਿੱਚੋਂ ਜਨਮ ਲੈਂਦੀ ਕਵਿਤਾ 'ਚੜ੍ਹਿਆ ਸੋਧਿਣ ਧਰਤ ਲੋਕਾਈ' ਨੂੰ ਮੈਂ ਇਸ ਪੁਸਤਕ ਦੀਆਂ ਬਿਹਤਰੀਨ,ਉੱਚ-ਮਿਆਰੀ ਤੇ ਮੁੱਲਵਾਨ ਕਵਿਤਾਵਾਂ ਵਿੱਚ ਸ਼ੁਮਾਰ ਕਰਦਾ ਹਾਂ।ਇਹ ਨਜ਼ਮ ਇਸ ਕਾਇਨਾਤ ਦੇ ਦਰਦ ਨੂੰ ਆਪਣੇ ਅੰਦਰ ਸਮੋਅ ਲੈਣ ਲਈ ਤਤਪਰ ਹੁੰਦੀ ਹੈ :

ਬਾਬਰਾਂ ਔਰੰਗਜ਼ੇਬਾਂ ਵਰਗੇ ਕੁਝ ਲੋਕ
ਪੀਰਾਂ, ਪੈਗੰਬਰਾਂ ਤੇ ਗੁਰੂਆਂ ਨੂੰ
ਆਪਸ ਵਿੱਚ ਲੜਾਉਣਾ ਚਾਹੁੰਦੇ ਨੇ
ਦੇਸ਼ ਭਗਤਾਂ ਦੀ ਜ਼ਮੀਨ ਨੂੰ
ਕਤਲਗਾਹ ਬਣਾਉਣਾ ਚਾਹੁੰਦੇ ਨੇ (ਪੰਨਾ 122)

'ਕੁਝ ਉਦਾਸ ਕਵਿਤਾਵਾਂ' ਬੇਸ਼ੱਕ ਉਦਾਸ ਹਨ ਪਰ ਉਨ੍ਹਾਂ ਵਿਚਲੀ ਮਿਠਾਸ ਮਹਿਸੂਸ ਕਰਨ ਵਾਲੀ ਹੈ।ਕਵੀ ਜਦੋਂ ਸਮਾਜਕ/ ਆਰਥਕ ਕੀਮਤਾਂ ਵਿੱਚ ਆਉਂਦੀ ਗਿਰਾਵਟ ਨੂੰ ਵੇਖਦਾ ਹੈ,ਨੈਤਿਕ ਮੁੱਲਾਂ ਵਿੱਚ ਆਏ ਨਿਘਾਰ ਬਾਰੇ ਸੋਚਦਾ ਹੈ ਅਤੇ ਸਭ ਤੋਂ ਵਧ ਕੇ ਇਨਸਾਨੀਅਤ ਦੇ ਹੋ ਰਹੇ ਘਾਣ ਪ੍ਰਤੀ ਫਿਕਰਮੰਦੀ ਪ੍ਰਗਟ ਕਰਦਾ ਹੈ ਤਾਂ ਉਸਦਾ ਮਨ ਉਚਾਟ ਤੇ ਉਦਾਸ ਹੋ ਜਾਂਦਾ ਹੈ।ਉਹ ਮਨੁੱਖ ਦੀਆਂ ਅਧੂਰੀਆਂ ਰਹਿ ਗਈਆਂ ਖਾਹਿਸ਼ਾਂ ਵਿੱਚੋਂ ਮਿਲਦੀ ਉਦਾਸੀ,ਮਨੁੱਖੀ ਮਨ ਦੀ ਕਠੋਰਤਾ, ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ, ਪ੍ਰਾਪਤੀ-ਅਪ੍ਰਾਪਤੀ,ਮਨੁੱਖ ਦੀਆਂ ਗਲਤੀਆਂ,ਉਸਦੀਆਂ ਊਣਤਾਈਆਂ, ਨਿੱਤ ਨਵੀਆਂ ਉਲਝਣਾਂ, ਉਸਦੀਆਂ ਅਕਾਂਖਿਆਵਾਂ, ਉਸਦੀਆਂ ਸਵੈ ਗਿਲਾਨੀਆਂ ਆਦਿ ਨਾਲ ਜੁੜੇ ਸਰੋਕਾਰਾਂ ਨੂੰ ਢੁੱਕਵੇਂ ਕਾਵਿ ਮੁਹਾਵਰੇ ਵਿੱਚ ਢਾਲ ਕੇ ਪੇਸ਼ ਕਰਦਾ ਹੈ। ਉਦਾਸੀ ਤੇ ਨਿਰਾਸ਼ਤਾ ਦੇ ਆਲਮ ਵਿੱਚ ਵਿਚਰਦਿਆਂ ਕਵੀ ਦੇ ਮਨ ਵਿੱਚ ਉਦਾਸ ਪ੍ਰਕਿਰਤੀ ਦੀਆਂ ਕਵਿਤਾਵਾਂ ਦਾ ਆਵੇਸ਼ ਹੋਣਾ ਕਵੀ ਦੀ ਸਿਰਜਣ ਪ੍ਰਕਿਰਿਆ ਦਾ ਸੁਭਾਵਿਕ ਅਮਲ ਹੈ।ਕਵੀ ਮਾਸੂਮੀਅਤ ਦੇ ਕਾਤਲਾਂ ਨੂੰ ਲਲਕਾਰਦਾ ਹੈ।ਨਸ਼ਿਆਂ 'ਚ ਰੁੜ੍ਹ ਗਏ ਪੁੱਤਰਾਂ,ਹਿਜਰਤ ਕਰ ਗਏ ਧੀਆਂ ਪੁੱਤਰਾਂ ਦਾ ਦਰਦ ਮਨੁੱਖ ਦੇ ਦੁੱਖਾਂ ਵਿੱਚ ਵਾਧਾ ਕਰਦਾ ਹੈ। ਦਹਿਸ਼ਤ, ਡਰ, ਸਹਿਮ ਵਾਲਾ ਚੌਗਿਰਦਾ ਮਨੁੱਖ ਦੇ ਸਾਹ ਸੂਤੀ ਰੱਖਦਾ ਹੈ।ਦੰਗੇ ਕਰਾਉਣ ਵਾਲਿਆਂ, ਲਹੂ ਵਹਾਉਣ ਵਾਲਿਆਂ,ਬਲਦੀ 'ਤੇ ਤੇਲ ਪਾਉਣ ਵਾਲਿਆਂ,ਵਿਨਾਸ਼ਕਾਰੀ ਤੇ ਢਾਊ ਸ਼ਕਤੀਆਂ ਵਜੋਂ ਕੰਮ ਕਰਨ ਵਾਲਿਆਂ ਨੂੰ ਕਵੀ ਕਟਹਿਰੇ ਵਿੱਚ ਖੜੇ ਕਰਦਾ ਹੈ।ਇਨ੍ਹਾਂ ਉਦਾਸ ਕਵਿਤਾਵਾਂ ਵਿੱਚੋਂ ਕਿਸੇ ਤਰ੍ਹਾਂ ਦੀ ਭਾਂਜ ਦਾ ਕੋਈ ਅੰਸ਼ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਸਗੋਂ ਕਵੀ ਸਮਝਦਾ ਹੈ ਕਿ ਮਾਨਵਤਾ ਦੇ ਸੁਪਨੇ ਕਦੇ ਤਾਂ ਅੰਗੜਾਈਆਂ ਲੈਣਗੇ! ਕਵੀ ਨੂੰ ਮਲਾਲ ਹੈ ਕਿ ਅਸੀਂ ਆਪਣੇ ਪਿਓ-ਦਾਦਿਆਂ ਦੇ ਪੰਜਾਬ ਨੂੰ ਸੰਭਾਲ ਨਹੀਂ ਸਕੇ! ਵਕਤ ਉਦਾਸ ਹੈ,ਘਰ ਉਦਾਸ ਹਨ, ਮਨੁੱਖ ਉਦਾਸ ਹੈ, ਰੁੱਖ, ਪਾਣੀ, ਹਵਾ, ਮਿੱਟੀ ਸਭ ਉਦਾਸ ਹਨ। ਮਨੁੱਖ ਕੋਲੋਂ ਉਸਦੇ ਅਧਿਕਾਰ ਖੋਹੇ ਜਾ ਰਹੇ ਹਨ,ਜੀਊਣ ਦਾ ਹੱਕ ਖੋਹਿਆ ਜਾ ਰਿਹਾ ਹੈ। ਅਜਿਹੇ ਸਮੇਂ ਵੀ ਕਵੀ ਕਾਮਨਾ ਕਰਦਾ ਹੈ ਕਿ ਇਸ ਧਰਤੀ 'ਤੇ ਮੁਹੱਬਤ ਦੀ ਫਸਲ ਵਧੇ-ਫੁੱਲੇ ਤੇ ਪੰਜਾਬ ਦੀ ਸੀਰਤ ਤੇ ਸ਼ਨਾਖ਼ਤ ਸਲਾਮਤ ਰਹੇ !


ਇਹ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਕਵਿਤਾ ਦੀ ਸੁਭਾਵਿਕ ਪ੍ਰਕਿਰਤੀ ਹੈ ਕਿ ਉਸਦੀ ਕਾਵਿਕਾਰੀ ਨਿਰੰਤਰ ਗਤੀਸ਼ੀਲ ਕਾਵਿ ਸਾਧਨਾ ਦੇ ਸਮਤੁਲ ਉਸਰਦੀ ਹੈ। ਅਸਲ ਵਿੱਚ ਕਵਿਤਾ ਉਸ ਅੰਦਰ ਵਸੇਬਾ ਕਰਦੀ ਹੈ,ਉਸ ਅੰਦਰ ਜੀਉਂਦੀ ਹੈ।ਉਹ ਤੇ ਕਵਿਤਾ ਜੀਕਣ ਇਕ-ਮਿਕ ਹੋਵਣ !ਆਪਣੀ ਜ਼ਿੰਦਗੀ ਅਤੇ ਕਵਿਤਾ ਨੂੰ ਉਹ ਵੱਖ-ਵੱਖ ਕਰਕੇ ਨਹੀਂ ਵੇਖ ਸਕਦਾ !ਇਸਨੂੰ ਕਵੀ ਦੇ ਜਨੂੰਨ ਦੀ ਸਿਖਰ ਹੀ ਕਿਹਾ ਜਾ ਸਕਦਾ ਹੈ ਕਿ ਕਵਿਤਾ ਨੂੰ ਉਹ ਆਪਣੇ ਵਿਅਕਤਿਤਵ ਤੇ ਹੋਂਦ ਦੀ ਸਮਭਾਵੀ ਤਸੱਵਰ ਕਰਨ ਲੱਗਦਾ ਹੈ।

ਇਸ ਅਸਲੀਅਤ ਨੂੰ ਕਵੀ ਬੜੀ ਸ਼ਿੱਦਤ ਨਾਲ ਕਵਿਤਾਉਂਦਾ ਹੈ ਕਿ ਆਪਣਿਆਂ ਕੋਲੋਂ ਵਿਛੜਨਾ ਬੜਾ ਤਕਲੀਫ਼ਦੇਹ ਅਨੁਭਵ ਹੁੰਦਾ ਹੈ। ਇਹ ਕਵਿਤਾਵਾਂ ਸਮੇਂ ਦੇ ਸੱਚ 'ਤੇ ਪਹਿਰਾ ਦਿੰਦੀਆਂ ਹਨ ਤੇ ਮਨੁੱਖੀ ਸੂਝ ਦੇ ਕਵਾੜ ਖੋਲ੍ਹਣ ਲਈ ਮਨੁੱਖ ਦੇ ਮਨ-ਮਸਤਕ 'ਤੇ ਦਸਤਕ ਦਿੰਦੀਆਂ ਹਨ।ਇਹ ਕਾਵਿ ਪ੍ਰਵਚਨ ਥਾਂ ਪਰ ਥਾਂ ਕਈ ਪ੍ਰਸ਼ਨ ਉਠਾਉਂਦੇ ਹਨ, ਜਿਨ੍ਹਾਂ ਰਾਹੀਂ ਕਵੀ ਕਈ ਸੂਖਮਭਾਵੀ ਸਰੋਕਾਰਾਂ ਦੇ ਨਾਲ ਨਾਲ ਬੜੀਆਂ ਤੀਖਣ ਤੇ ਤੀਬਰ ਸਮਾਜਕ/ਆਰਥਕ ਸਮੱਸਿਆਵਾਂ ਵੱਲ ਵੀ ਸੰਕੇਤ ਕਰ ਜਾਂਦਾ ਹੈ। ਅਜਿਹੀਆਂ ਕਵਿਤਾਵਾਂ ਦੀ ਰਚਨਾਕਾਰੀ ਕਵੀ ਦੀ ਬੌਧਿਕਤਾ ਤੇ ਵਿਦਵਤਾ ਦੀ ਸੂਚਨਾ ਵੀ ਦਿੰਦੀਆਂ ਹਨ।

ਪੁਸਤਕ ਵਿਚਲੇ ਰਚਨਾ ਸੰਸਾਰ ਨੂੰ ਮੈਂ ਪ੍ਰੋ. ਔਜਲਾ ਦੀ 'ਸਮਾਜਕ ਪ੍ਰਤੀ ਫਿਕਰਮੰਦੀ ਵਿੱਚੋਂ ਉਪਜਦੀਆਂ ਕਵਿਤਾਵਾਂ ਦਾ ਸ਼ਿਲਾਲੇਖ' ਕਹਿ ਸਕਦਾ ਹਾਂ।ਬਹੁ ਪਾਸਾਰੀ, ਬਹੁ ਸੰਭਾਵੀ ਸਿਰਜਣਾਤਮਿਕ ਪਾਸਾਰਾਂ ਨਾਲ ਜੁੜਦੀਆਂ ਇਹ ਕਵਿਤਾਵਾਂ ਕਵੀ ਦੀ ਸੂਖਮ ਕਾਵਿ ਦ੍ਰਿਸ਼ਟੀ ਦਾ ਬੋਧ ਕਰਾਉਂਦੀਆਂ ਹਨ। ਕਵੀ ਆਪਣੀ ਕਾਵਿ ਸ਼ਿਲਪ ਯੋਗਤਾ ਦਾ ਸਦਉਪਯੋਗ ਕਰਦਿਆਂ ਕਵਿਤਾ ਉਪਰ ਪਕੜ ਬਣਾਈ ਰੱਖਦਾ ਹੈ।ਸ਼ਬਦ ਯੋਗਤਾ ਦੀ ਸਮਰੱਥ ਜੜਤ ਦੇ ਆਧਾਰ 'ਤੇ ਉਸਰਦੀ ਪ੍ਰੋ. ਔਜਲਾ ਦੀ ਕਵਿਤਾ ਵਿਸਥਾਰ ਕਰਦੀ ਜਾਂਦੀ ਹੈ ਤੇ ਆਪਣਾ ਥੀਮਕ ਵਾਤਾਵਰਨ ਸਿਰਜ ਲੈਂਦੀ ਹੈ।

ਕਵਿਤਾ ਰਾਹੀਂ ਆਪਣੇ ਵਿਚਾਰਾਂ ਦਾ ਸੁਹਜਭਾਵੀ ਪ੍ਰਗਟਾਵਾ ਕਰਦਿਆਂ ਕਵੀ ਕਿਸੇ ਉਚੇਚ ਤੋਂ ਕੰਮ ਨਹੀਂ ਲੈਂਦਾ। ਇਸ ਪੁਸਤਕ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਪ੍ਰੋ.ਕਲਵੰਤ ਸਿੰਘ ਔਜਲਾ ਦੀ ਕਵਿਤਾ ਪਾਠਕ ਨਾਲ ਸਾਰਥਕ ਸੰਵਾਦ ਰਚਾਉਣ ਵਿੱਚ ਕਾਮਯਾਬ ਹੁੰਦੀ ਹੈ।ਪਾਠਕਾਂ ਤੱਕ ਰਸਾਈ ਕਰਨ ਵਾਲਾ ਸੁਨੇਹਾ ਪਹੁੰਚਾਉਂਦੀ, ਸੂਝ ਨੂੰ ਕੁਰੇਦਦੀ ਤੇ ਚਿੰਤਨ ਕਰਨ ਲਈ ਉਤੇਜਿਤ ਕਰਦੀ ਇਸ ਬਹੁਮੁੱਲੀ ਤੇ ਵਿਲੱਖਣ ਪੁਸਤਕ ਦਾ ਸਵਾਗਤ ਕਰਦਿਆਂ ਮੈਂ ਖ਼ੁਸ਼ੀ ਅਨੁਭਵ ਕਰ ਰਿਹਾ ਹਾਂ।

ਸਾਹਿਤ ਦੇ ਨਾਂ 'ਤੇ ਨਵੇਂ ਲੇਖਕਾਂ ਦਾ ਸੋਸ਼ਣ: ਪ੍ਰਕਾਸ਼ਨ ਕਾਰੋਬਾਰ ਦਾ ਇੱਕ ਕੌੜਾ ਸੱਚ



ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਅਤੇ ਲੇਖਕ ਉਸ ਸ਼ੀਸ਼ੇ ਨੂੰ ਸਾਫ਼ ਰੱਖਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਸਾਹਿਤ ਦਾ ਮਕਸਦ ਮਨੁੱਖੀ ਸੰਵੇਦਨਾਵਾਂ ਨੂੰ ਪ੍ਰਗਟ ਕਰਨਾ, ਸਮਾਜ ਨੂੰ ਸੇਧ ਦੇਣਾ ਅਤੇ ਵਿਚਾਰਾਂ ਦੀ ਆਜ਼ਾਦੀ ਨੂੰ ਮਜ਼ਬੂਤ ਕਰਨਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਸਾਹਿਤਕ ਖੇਤਰ ਵਿੱਚ ਵੀ ਵਪਾਰਕ ਸੋਚ ਨੇ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਲਈਆਂ ਹਨ। ਖ਼ਾਸ ਕਰਕੇ ਕੁਝ ਸਥਾਪਿਤ ਪੰਜਾਬੀ ਲੇਖਕਾਂ ਵੱਲੋਂ ਚਲਾਏ ਜਾ ਰਹੇ ਪ੍ਰਕਾਸ਼ਨ ਅਦਾਰਿਆਂ ਦੀ ਆੜ ਵਿੱਚ ਨਵੇਂ ਲੇਖਕਾਂ ਦੇ ਸ਼ੋਸ਼ਣ ਅਤੇ ਆਰਥਿਕ ਲੁੱਟ ਦੇ ਮਾਮਲੇ ਚਿੰਤਾ ਦਾ ਵਿਸ਼ਾ ਬਣ ਰਹੇ ਹਨ।



ਯਾਦਵਿੰਦਰ ਸਿੰਘ ਕਲੌਲੀ

ਨਵਾਂ ਲੇਖਕ ਜਦੋਂ ਆਪਣੀ ਪਹਿਲੀ ਪੁਸਤਕ ਪ੍ਰਕਾਸ਼ਿਤ ਕਰਵਾਉਣ ਦਾ ਸੁਪਨਾ ਲੈ ਕੇ ਕਿਸੇ ਪ੍ਰਕਾਸ਼ਕ ਕੋਲ ਜਾਂਦਾ ਹੈ ਤਾਂ ਉਸ ਦੇ ਮਨ ਵਿੱਚ ਆਪਣੀ ਰਚਨਾ ਨੂੰ ਪਾਠਕਾਂ ਤੱਕ ਪਹੁੰਚਾਉਣ ਦੀ ਤਾਂਘ ਹੁੰਦੀ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਮਿਹਨਤ ਨੂੰ ਪਛਾਣ ਮਿਲੇ ਅਤੇ ਉਸ ਦੀ ਆਵਾਜ਼ ਸਾਹਿਤਕ ਜਗਤ ਵਿੱਚ ਸੁਣੀ ਜਾਵੇ। ਇਸੇ ਭਾਵਨਾਤਮਕ ਸਥਿਤੀ ਦਾ ਕੁਝ ਲੋਕ ਫ਼ਾਇਦਾ ਉਠਾਉਂਦੇ ਹਨ। ਸਥਾਪਿਤ ਲੇਖਕ ਹੋਣ ਦਾ ਰੁਤਬਾ, ਸਾਹਿਤਕ ਪਛਾਣ ਅਤੇ ਆਪਣੇ ਸੰਪਰਕਾਂ ਦਾ ਪ੍ਰਭਾਵ ਵਰਤ ਕੇ ਨਵੇਂ ਲੇਖਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਉਨ੍ਹਾਂ ਦੀ ਪੁਸਤਕ ਪ੍ਰਕਾਸ਼ਿਤ ਹੋਣ ਨਾਲ ਸਾਹਿਤਕ ਜਗਤ ਵਿੱਚ ਉਨ੍ਹਾਂ ਦੀ ਪਛਾਣ ਬਣ ਜਾਵੇਗੀ। ਕਈ ਵਾਰ ਪੁਸਤਕ ਛਾਪਣ ਦੇ ਨਾਂ 'ਤੇ ਲੇਖਕ ਤੋਂ ਮੋਟੀ ਰਕਮ ਵਸੂਲੀ ਜਾਂਦੀ ਹੈ। ਇਸ ਤੋਂ ਇਲਾਵਾ ਕਾਗਜ਼, ਛਪਾਈ, ਡਿਜ਼ਾਈਨਿੰਗ, ਸੰਪਾਦਨ ਅਤੇ ਹੋਰ ਖ਼ਰਚਿਆਂ ਦੇ ਨਾਂ 'ਤੇ ਵੱਖ-ਵੱਖ ਰਕਮਾਂ ਲਈਆਂ ਜਾਂਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਕਈ ਮਾਮਲਿਆਂ ਵਿੱਚ ਲੇਖਕ ਨੂੰ ਨਾ ਤਾਂ ਪੁਸਤਕਾਂ ਦੀ ਅਸਲ ਗਿਣਤੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਨਾ ਹੀ ਵਿਕਰੀ ਦਾ ਕੋਈ ਪਾਰਦਰਸ਼ੀ ਹਿਸਾਬ। ਰਾਇਲਟੀ ਦੀ ਗੱਲ ਤਾਂ ਕਈ ਵਾਰ ਬਿਲਕੁਲ ਹੀ ਗਾਇਬ ਹੋ ਜਾਂਦੀ ਹੈ। ਲੇਖਕ ਆਪਣੀ ਜੇਬ ਵਿੱਚੋਂ ਪੈਸੇ ਖ਼ਰਚ ਕਰਕੇ ਪੁਸਤਕ ਛਪਵਾਉਂਦਾ ਹੈ ਅਤੇ ਬਾਅਦ ਵਿੱਚ ਉਸੇ ਪੁਸਤਕ ਦੀ ਵਿਕਰੀ ਤੋਂ ਹੋਣ ਵਾਲੀ ਆਮਦਨ ਬਾਰੇ ਪੁੱਛਣ ਦਾ ਹੱਕ ਵੀ ਗੁਆ ਬੈਠਦਾ ਹੈ।

ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਜਦੋਂ ਇਹ ਕੰਮ ਕੋਈ ਆਮ ਵਪਾਰੀ ਕਰਦਾ ਹੈ ਤਾਂ ਉਸ ਨੂੰ ਕਾਰੋਬਾਰ ਕਿਹਾ ਜਾਂਦਾ ਹੈ, ਪਰ ਜਦੋਂ ਸਾਹਿਤਕ ਪਛਾਣ ਵਾਲਾ ਵਿਅਕਤੀ ਅਜਿਹਾ ਕਰਦਾ ਹੈ ਤਾਂ ਉਸ ਦੀ ਸਾਹਿਤਕ ਸ਼ਖ਼ਸੀਅਤ ਦੀ ਆੜ ਵਿੱਚ ਇਸ ਨੂੰ ਸੇਵਾ ਦਾ ਰੂਪ ਦੇ ਦਿੱਤਾ ਜਾਂਦਾ ਹੈ। ਸਾਹਿਤਕ ਸਮਾਗਮਾਂ ਵਿੱਚ ਸਨਮਾਨ, ਮੰਚਾਂ 'ਤੇ ਸਾਂਝ ਅਤੇ ਵੱਡੇ ਲੇਖਕਾਂ ਨਾਲ ਤਸਵੀਰਾਂ ਖਿਚਵਾਉਣ ਦੀ ਇੱਛਾ ਵੀ ਨਵੇਂ ਲੇਖਕਾਂ ਨੂੰ ਇਸ ਜਾਲ ਵਿੱਚ ਫਸਾਉਣ ਦਾ ਸਾਧਨ ਬਣ ਜਾਂਦੀ ਹੈ। ਇੱਥੇ ਇਹ ਸਪਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਹਰ ਲੇਖਕ ਵੱਲੋਂ ਚਲਾਇਆ ਜਾ ਰਿਹਾ ਪ੍ਰਕਾਸ਼ਨ ਅਦਾਰਾ ਸ਼ੋਸ਼ਣ ਨਹੀਂ ਕਰਦਾ ਅਤੇ ਨਾ ਹੀ ਹਰ ਪ੍ਰਕਾਸ਼ਕ ਦੀ ਨੀਅਤ ਮਾੜੀ ਹੁੰਦੀ ਹੈ। ਬਹੁਤ ਸਾਰੇ ਪ੍ਰਕਾਸ਼ਕ ਇਮਾਨਦਾਰੀ ਨਾਲ ਪੰਜਾਬੀ ਸਾਹਿਤ ਦੀ ਸੇਵਾ ਕਰ ਰਹੇ ਹਨ। ਪਰ ਕੁਝ ਲੋਕਾਂ ਦੀਆਂ ਗ਼ੈਰ-ਪਾਰਦਰਸ਼ੀ ਗਤੀਵਿਧੀਆਂ ਕਾਰਨ ਪੂਰੇ ਸਾਹਿਤਕ ਜਗਤ ਦੀ ਭਰੋਸੇਯੋਗਤਾ ਪ੍ਰਭਾਵਿਤ ਹੁੰਦੀ ਹੈ।

ਨਵੇਂ ਲੇਖਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਭਾਵਨਾਵਾਂ ਵਿੱਚ ਵਹਿ ਕੇ ਕੋਈ ਫ਼ੈਸਲਾ ਨਾ ਕਰਨ। ਪੁਸਤਕ ਛਪਵਾਉਣ ਤੋਂ ਪਹਿਲਾਂ ਲਿਖਤੀ ਸਮਝੌਤਾ ਕਰਨ, ਛਪਾਈ ਦੀ ਗਿਣਤੀ, ਕੁੱਲ ਖ਼ਰਚਾ, ਵਿਕਰੀ, ਰਾਇਲਟੀ ਅਤੇ ਲੇਖਕ ਨੂੰ ਮਿਲਣ ਵਾਲੀਆਂ ਮੁਫ਼ਤ ਕਾਪੀਆਂ ਬਾਰੇ ਸਪਸ਼ਟ ਜਾਣਕਾਰੀ ਲੈਣ। ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ।


ਸਾਹਿਤਕ ਸੰਸਥਾਵਾਂ, ਲੇਖਕ ਜਥੇਬੰਦੀਆਂ ਅਤੇ ਸੂਝਵਾਨ ਪਾਠਕਾਂ ਨੂੰ ਵੀ ਇਸ ਵਿਸ਼ੇ 'ਤੇ ਖੁੱਲ੍ਹ ਕੇ ਵਿਚਾਰ ਕਰਨਾ ਚਾਹੀਦਾ ਹੈ। ਸਾਹਿਤ ਦੀ ਦੁਨੀਆ ਵਿੱਚ ਲੇਖਕ ਦੀ ਕਲਮ ਦੀ ਕਦਰ ਹੋਣੀ ਚਾਹੀਦੀ ਹੈ, ਉਸ ਦੀ ਜੇਬ ਦੀ ਨਹੀਂ। ਕਿਸੇ ਨਵੇਂ ਲੇਖਕ ਦਾ ਪਹਿਲਾ ਕਦਮ ਉਸ ਲਈ ਹੌਸਲੇ ਅਤੇ ਸਹਿਯੋਗ ਦਾ ਕਾਰਨ ਬਣਨਾ ਚਾਹੀਦਾ ਹੈ, ਨਾ ਕਿ ਆਰਥਿਕ ਸ਼ੋਸ਼ਣ ਦਾ।

ਅੰਤ ਵਿੱਚ ਸਵਾਲ ਇਹ ਹੈ ਕਿ ਜੇ ਸਾਹਿਤ ਦੇ ਖੇਤਰ ਵਿੱਚ ਹੀ ਨਵੇਂ ਲੇਖਕਾਂ ਨੂੰ ਲੁੱਟਿਆ ਜਾਵੇਗਾ ਤਾਂ ਆਉਣ ਵਾਲੀ ਪੀੜ੍ਹੀ ਸਾਹਿਤਕ ਸੰਸਾਰ ਤੋਂ ਕੀ ਉਮੀਦ ਰੱਖੇਗੀ? ਸਾਹਿਤ ਸਿਰਫ਼ ਪੁਸਤਕਾਂ ਛਾਪਣ ਦਾ ਧੰਦਾ ਨਹੀਂ, ਇਹ ਵਿਚਾਰਾਂ, ਕਦਰਾਂ-ਕੀਮਤਾਂ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਖੇਤਰ ਹੈ। ਇਸ ਲਈ ਲੋੜ ਹੈ ਕਿ ਪ੍ਰਕਾਸ਼ਨ ਦੇ ਨਾਂ 'ਤੇ ਹੋ ਰਹੇ ਹਰ ਤਰ੍ਹਾਂ ਦੇ ਸ਼ੋਸ਼ਣ ਵਿਰੁੱਧ ਆਵਾਜ਼ ਉਠਾਈ ਜਾਵੇ ਅਤੇ ਅਜਿਹਾ ਸਾਹਿਤਕ ਮਾਹੌਲ ਸਿਰਜਿਆ ਜਾਵੇ ਜਿੱਥੇ ਨਵੇਂ ਲੇਖਕਾਂ ਦੀ ਕਲਮ ਨੂੰ ਸਤਿਕਾਰ ਮਿਲੇ, ਉਨ੍ਹਾਂ ਦੀ ਮਿਹਨਤ ਦਾ ਉਚਿਤ ਮੁੱਲ ਮਿਲੇ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਵਪਾਰ ਨਾ ਕੀਤਾ ਜਾਵੇ।

ਲੋਕਤੰਤਰੀ ਪ੍ਰੰਪਰਾਵਾਂ ਦਾ ਮਜ਼ਾਕ ਉਡਾ ਰਹੇ ਹਨ ਅਜੋਕੇ ਸਿਆਸਤਦਾਨ



ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ। ਇਸ ਨੂੰ ਪਿੰਡਾਂ ਦਾ ਦੇਸ਼ ਵੀ ਕਿਹਾ ਜਾਂਦਾ ਹੈ, ਜਿੱਥੇ ਛੇ ਲੱਖ ਚੋਹਟ ਹਜ਼ਾਰ ਤਿੰਨ ਸੌ ਇਨੱਤਰ ਪਿੰਡ ਹਨ। ਹਰ ਪਿੰਡ ਨੂੰ ਲੋਕਤੰਤਰ ਦੀ ਮੁੱਢਲੀ ਇਕਾਈ ਵਜੋਂ ਮਾਨਤਾ ਪ੍ਰਾਪਤ ਹੈ। ਲੋਕਤੰਤਰ ਦੀ ਸਭ ਤੋਂ ਮੁੱਢਲੀ ਇਕਾਈ ਪਿੰਡ ਦੀ ਗ੍ਰਾਮ ਪੰਚਾਇਤ ਹੀ ਹੁੰਦੀ ਹੈ ਜਿਸ ਵਿੱਚ ਮੈਂਬਰ ਅਤੇ ਸਰਪੰਚ ਚੁਣਿਆ ਜਾਂਦਾ ਹੈ। ਸਭ ਤੋਂ ਵੱਡੀ ਇਕਾਈ ਦੇਸ਼ ਦੀ ਸੰਸਦ ਨੂੰ ਮੰਨਿਆ ਜਾਂਦਾ ਹੈ। ਜਿਸ ਦੇ ਮੁੱਖ ਤੌਰ ਤੇ ਤਿੰਨ ਅੰਗ ਹੁੰਦੇ ਹਨ ਕਾਰਜਪਾਲਿਕਾ, ਵਿਧਾਨ ਪਾਲਿਕਾ ਅਤੇ ਨਿਆਂਪਾਲਕਾ। ਕਾਰਜ਼ਪਾਲਿਕਾ ਕਾਨੂੰਨ ਬਣਾਉਂਦੀ ਹੈ, ਵਿਧਾਨ ਪਾਲਿਕਾ ਉਸ ਦੀ ਪੜਚੋਲ ਕਰਕੇ ਕਨੂੰਨ ਨੂੰ ਲਾਗੂ ਕਰਦੀ ਹੈ ਅਤੇ ਨਿਆਂਪਾਲਕਾ ਨਿਰਪੱਖ ਹੋ ਕੇ ਕਾਨੂੰਨ ਦੀ ਸਮੀਖਿਆ ਕਰਦੀ ਹੈ। ਦੇਸ਼ ਵਿੱਚ ਸੰਸਦੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ, ਜਿਸ ਵਿੱਚ ਲੋਕ ਸਭਾ ਅਤੇ ਰਾਜ ਸਭਾ ਆਉਂਦੀਆ ਹਨ। ਦੋਨਾਂ ਦੇ ਚੁਣੇ ਹੋਏ ਮੈਂਬਰਾਂ ਨੂੰ ਸਾਂਸਦ ਕਿਹਾ ਜਾਂਦਾ ਹੈ। ਲੋਕ ਸਭਾ ਦੇ ਮੈਂਬਰਾਂ ਦੀ ਚੋਣ ਸਿੱਧੇ ਢੰਗ ਨਾਲ ਦੇਸ਼ ਦੇ ਵੋਟਰਾਂ ਦੁਆਰਾ ਕੀਤੀ ਜਾਂਦੀ ਹੈ।543 ਮੈਂਬਰ ਸਿੱਧੇ ਤੌਰ ਤੇ ਅਤੇ ਦੋ ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ। ਜਿਸ ਦੀ ਕੁੱਲ ਗਿਣਤੀ 545 ਬਣਦੀ ਹੈ। ਜਦ ਕਿ ਰਾਜ ਸਭਾ ਦੇ ਮੈਂਬਰ ਅਸਿੱਧੇ ਤੌਰ ਤੇ ਹਰ ਦੋ ਸਾਲ ਬਾਅਦ ਰਾਜਾਂ ਦੀਆਂ ਵਿਧਾਨ ਸਭਾਵਾਂ ਦੁਆਰਾ ਚੁਣੇ ਗਏ ਐਮ.ਐਲ.ਏ.ਦੁਆਰਾ ਕੀਤੀ ਜਾਂਦੀ ਹੈ। ਰਾਜ ਸਭਾ ਦੇ ਕੁੱਲ 233 ਮੈਂਬਰ ਚੁਣੇ ਜਾਂਦੇ ਹਨ ਅਤੇ 12 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ। ਇਸ ਤਰ੍ਹਾਂ ਕੁੱਲ 245 ਮੈਂਬਰ ਚੁਣੇ ਜਾਂਦੇ ਹਨ। ਰਾਜ ਸਭਾ ਇਕ ਸਥਾਈ ਸਦਨ ਹੈ ਜਿਸ ਦਾ ਕਾਰਜਕਾਲ 6 ਸਾਲ ਦਾ ਹੁੰਦਾ ਹੈ। ਰਾਜ ਸਭਾ ਦੇ 1/3 ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ। ਜਦੋਂ 15 ਅਗਸਤ, 1947 ਨੂੰ ਦੇਸ਼ ਨੂੰ ਆਜ਼ਾਦੀ ਮਿਲੀ ਤਾਂ ਡਾਕਟਰ ਭੀਮ ਰਾਓ ਅੰਬੇਦਕਰ ਜੀ ਵੱਲੋਂ ਤਿਆਰ ਕੀਤੇ ਸੰਵਿਧਾਨ ਅਨੁਸਾਰ ਦੇਸ਼ ਨੇ ਕੁਝ ਸਾਲਾਂ ਵਿੱਚ ਹੀ ਬਹੁਤ ਤਰੱਕੀ ਕੀਤੀ। ਪ੍ਰੰਤੂ ਹੋਲੀ ਹੋਲੀ ਨੇਤਾਵਾਂ ਦੀ ਸੋਚ ਸਵਾਰਥੀ ਹੋਣ ਲੱਗੀ ਅਤੇ ਉਹ ਸੰਵਿਧਾਨ ਦੀ ਮਾਨ ਮਰਿਆਦਾ ਨੂੰ ਭੁੱਲ ਕੇ ਆਪਣੇ ਹਿੱਤਾਂ ਨੂੰ ਪਹਿਲ ਦੇਣ ਲੱਗ ਪਏ। 1975 ਦੀ ਐਮਰਜੰਸੀ ਇਸ ਗੱਲ ਦੀ ਗਵਾਹ ਹੈ ਕਿ ਸੱਤਾ ਦਾ ਆਨੰਦ ਮਾਨਣ ਵਾਲੇ ਲੋਕ ਕੁਰਸੀਆਂ ਨਾਲ ਮੋਹ ਪਾਲ ਬੈਠੇ। ਪਾਰਟੀਆਂ ਆਪਣੇ ਹਿੱਤ ਪਾਲਣ ਲੱਗੀਆਂ ਤੇ ਲੋਕਤੰਤਰੀ ਪ੍ਰਕਿਰਿਆ ਦਾ ਮਜ਼ਾਕ ਹੋਣ ਲੱਗ ਪਿਆ। ਅੱਜ ਹਾਲਾਤ ਇਹ ਹਨ ਕੀ ਬਹੁਤ ਸਾਰੇ ਅਨਪੜ੍ਹ ਨੇਤਾ ਸਵਾਰਥ ਦਾ ਨੰਗਾ ਨਾਚ ਖੇਡ ਰਹੇ ਹਨ। ਨੀਟ ਵਰਗੀਆਂ ਪ੍ਰੀਖਿਆਵਾਂ ਦੇ ਪੇਪਰ ਲੀਕ ਹੋ ਰਹੇ ਹਨ। ਬੇਰੁਜ਼ਗਾਰੀ ਲਗਾਤਾਰ ਵੱਧ ਰਹੀ ਹੈ। ਦੇਸ਼ ਦਾ ਨੌਜਵਾਨ ਸੰਘਰਸ਼ ਕਰਨ ਲਈ ਸੜਕਾਂ ਉੱਪਰ ਹੈ। ਦੇਸ਼ ਦੇ ਨੇਤਾਵਾਂ ਦੇ ਕੰਨਾਂ ਉੱਪਰ ਜੂੰ ਨਹੀਂ ਸਰਕਦੀ। ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ। ਅੱਜ ਦੇਸ਼ ਦੇ ਨੇਤਾਵਾਂ ਨੂੰ ਨਿਊਜ਼ੀਲੈਂਡ ਦੀ ਸਾਬਕਾ ਪ੍ਰਧਾਨ ਮੰਤਰੀ ਜਸਿੰਡਾ ਆਰਡਨ÷ ਤੋਂ ਸਬਕ ਲੈਣ ਦੀ ਜਰੂਰਤ ਹੈ ਜੋ ਇਸ ਸਮੇਂ ਆਸਟ੍ਰੇਲੀਆ ਦੇ ਵਿੱਚ ਨੌਕਰੀ ਕਰ ਰਹੀ ਹੈ ਉਹ ਨੌਕਰੀ ਕਿਉਂ ਕਰ ਰਹੀ ਹੈ? ਤਾਂ ਜੋ ਆਪਣੇ ਘਰ ਦਾ ਗੁਜ਼ਾਰਾ ਚਲਾਇਆ ਜਾ ਸਕੇ। 2017 ਤੋਂ ਲੈ ਕੇ 2023 ਤੱਕ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਰਹੀ ਇਹ ਦੁਨੀਆਂ ਦੀ ਸਭ ਤੋਂ ਘੱਟ ਉਮਰ ਦੀ ਮਹਿਲਾ ਪ੍ਰਧਾਨ ਮੰਤਰੀ ਸੀ। ਪੀ.ਐਮ.ਦੀ ਕੁਰਸੀ ਛੱਡਣ ਤੋਂ ਬਾਅਦ ਹੁਣ ਇਹ ਆਸਟਰੇਲੀਆ ਦੀ ਇੱਕ ਯੂਨੀਵਰਸਿਟੀ ਦੇ ਵਿੱਚ ਪ੍ਰੋਫੈਸਰ ਵਜੋਂ ਕੰਮ ਕਰ ਰਹੀ ਹੈ।ਕੋਈ ਹੰਕਾਰ ਨਹੀਂ ਕੋਈ ਲਾਲ ਬੱਤੀ ਵਾਲੀ ਗੱਡੀ ਨਹੀਂ ਬਸ ਇੱਕ ਨਿੱਕੇ ਜਿਹੇ ਕਲਾਸ ਰੂਮ ਦੇ ਵਿੱਚ ਬੱਚਿਆਂ ਨੂੰ ਪੜ੍ਹਾ ਰਹੀ ਹੈ।ਹੁਣ ਸੋਚੋ ਭਾਰਤ ਦੇ ਸਿਆਸਤਦਾਨਾਂ ਬਾਰੇ ਇੱਥੇ ਕੀ ਹੋ ਰਿਹਾ ਹੈ। ਸਾਡੇ ਦੇਸ਼ ਵਿੱਚ ਜੇ ਕੋਈ ਇੱਕ ਵਾਰ ਸਰਪੰਚ ਵੀ ਬਣ ਜਾਵੇ ਤਾਂ ਉਹ ਸਾਰੀ ਉਮਰ ਆਪਣੇ ਨਾਮ ਨਾਲੋਂ ਸਰਪੰਚ ਨਹੀਂ ਹਟਾਉਂਦਾ ਤੇ ਜੇ ਕੋਈ ਐ.ਐਲ.ਏ. ਜਾਂ ਐਮ.ਪੀ. ਬਣ ਜਾਂਦਾ ਹੈ ਤਾਂ ਉਹ ਸੱਤ ਪੀੜੀਆਂ ਜਿੰਨਾ ਪੈਸਾ ਜਮਾਂ ਕਰ ਲੈਂਦਾ ਹੈ ਅਤੇ ਪੰਜ ਸਾਲ ਦੀ ਕਮਾਈ ਤੋਂ ਬਾਅਦ ਵੀ ਜ਼ਿੰਦਗੀ ਭਰ ਚੌਖੀ ਪੈਨਸ਼ਨ ਦਾ ਆਨੰਦ ਮਾਣਦਾ ਹੈ। ਦੂਜੇ ਪਾਸੇ ਐਡੇ ਵੱਡੇ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਆਪਣੇ ਘਰ ਦਾ ਗੁਜ਼ਾਰਾ ਚਲਾਉਣ ਦੀ ਖਾਤਰ ਇੱਕ ਨਿੱਕੀ ਜਿਹੀ ਨੌਕਰੀ ਕਰਦੀ ਹੋਈ ਸਨਮਾਨਯੋਗ ਜਿੰਦਗੀ ਜਿਉਂਦੀ ਹੈ।



ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ
ਖਾਸ ਤਹਿਸੀਲ ਮੁਕੇਰੀਆਂ,
ਜ਼ਿਲ੍ਹਾ ਹੁਸ਼ਿਆਰਪੁਰ,
ਮੋਬਾ. 94653-69343

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ, ਇੰਡਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

ਮੌਤ ਤੋਂ ਬਾਅਦ ਦੇ ਸੱਤ ਮਿੰਟ
ਕੀ ਇਨਸਾਨ ਆਪਣੇ ਪਿਆਰਿਆਂ ਦੀਆਂ ਆਵਾਜ਼ਾਂ ਸੁਣ ਸਕਦਾ ਹੈ? ਵਿਗਿਆਨਕ ਸੱਚਾਈ ਅਤੇ ਰਹੱਸ



ਮੌਤ ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਸੱਚ ਹੈ, ਪਰ ਇਸ ਨਾਲ ਜੁੜੇ ਕਈ ਸਵਾਲ ਅੱਜ ਵੀ ਮਨੁੱਖੀ ਮਨ ਵਿੱਚ ਜਿਗਿਆਸਾ ਪੈਦਾ ਕਰਦੇ ਹਨ। ਇਨ੍ਹਾਂ ਵਿੱਚੋਂ ਇੱਕ ਸਵਾਲ ਬਹੁਤ ਭਾਵਨਾਤਮਕ ਹੈ: ਕੀ ਮਨੁੱਖ ਦੀ ਮੌਤ ਤੋਂ ਬਾਅਦ ਵੀ ਕੁਝ ਸਮੇਂ ਲਈ ਉਸ ਦਾ ਦਿਮਾਗ਼ ਸਰਗਰਮ ਰਹਿੰਦਾ ਹੈ? ਕੀ ਉਹ ਆਪਣੇ ਆਲੇ-ਦੁਆਲੇ ਬੈਠੇ ਰੋਂਦੇ ਹੋਏ ਪਰਿਵਾਰਕ ਮੈਂਬਰਾਂ ਦੀਆਂ ਆਵਾਜ਼ਾਂ ਸੁਣ ਸਕਦਾ ਹੈ? ਕੀ ਉਹ ਆਪਣੇ ਪਿਆਰਿਆਂ ਦੇ ਦੁੱਖ ਨੂੰ ਮਹਿਸੂਸ ਕਰਦਾ ਹੈ, ਪਰ ਜਵਾਬ ਦੇਣ ਦੇ ਯੋਗ ਨਹੀਂ ਹੁੰਦਾ?

ਅਕਸਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਮੌਤ ਤੋਂ ਬਾਅਦ ਦਿਮਾਗ਼ ਸੱਤ ਮਿੰਟ ਤੱਕ ਜ਼ਿੰਦਾ ਰਹਿੰਦਾ ਹੈ ਅਤੇ ਇਸ ਸਮੇਂ ਦੌਰਾਨ ਮਨੁੱਖ ਆਪਣੇ ਜੀਵਨ ਦੀਆਂ ਯਾਦਾਂ ਨੂੰ ਦੁਬਾਰਾ ਦੇਖਦਾ ਹੈ। ਇਹ ਵਿਚਾਰ ਸੁਣਨ ਵਿੱਚ ਦਿਲਚਸਪ ਅਤੇ ਭਾਵਨਾਤਮਕ ਹੈ, ਪਰ ਇਸ ਦੀ ਵਿਗਿਆਨਕ ਹਕੀਕਤ ਨੂੰ ਸਮਝਣਾ ਜ਼ਰੂਰੀ ਹੈ।

ਪੈ.ਗਾਮ-ਏ-ਜਗਤ

ਕੀ ਮੌਤ ਤੋਂ ਬਾਅਦ ਦਿਮਾਗ਼ ਸੱਤ ਮਿੰਟ ਤੱਕ ਜ਼ਿੰਦਾ ਰਹਿੰਦਾ ਹੈ?

ਵਿਗਿਆਨਕ ਖੋਜਾਂ ਅਨੁਸਾਰ ਇਹ ਕਹਿਣਾ ਸਹੀ ਨਹੀਂ ਹੈ ਕਿ ਹਰ ਮਨੁੱਖ ਦਾ ਦਿਮਾਗ਼ ਮੌਤ ਤੋਂ ਬਾਅਦ ਲਾਜ਼ਮੀ ਤੌਰ 'ਤੇ ਸੱਤ ਮਿੰਟ ਤੱਕ ਸਰਗਰਮ ਰਹਿੰਦਾ ਹੈ। ਇਹ ਇੱਕ ਪ੍ਰਚਲਿਤ ਧਾਰਨਾ ਹੈ, ਜਿਸ ਨੂੰ ਸਾਬਤ ਕਰਨ ਵਾਲਾ ਕੋਈ ਪੱਕਾ ਵਿਗਿਆਨਕ ਸਬੂਤ ਨਹੀਂ ਹੈ।

ਜਦੋਂ ਦਿਲ ਧੜਕਣਾ ਬੰਦ ਕਰ ਦਿੰਦਾ ਹੈ, ਤਾਂ ਦਿਮਾਗ਼ ਤੱਕ ਖੂਨ ਅਤੇ ਆਕਸੀਜਨ ਦੀ ਸਪਲਾਈ ਰੁਕ ਜਾਂਦੀ ਹੈ। ਇਸ ਕਾਰਨ ਦਿਮਾਗ਼ ਦੀ ਕਾਰਜਸ਼ੀਲਤਾ ਤੇਜ਼ੀ ਨਾਲ ਘਟਣ ਲੱਗਦੀ ਹੈ। 2016 ਵਿੱਚ ਪ੍ਰਕਾਸ਼ਿਤ ਇੱਕ ਵਿਗਿਆਨਕ ਸਮੀਖਿਆ ਵਿੱਚ ਪਾਇਆ ਗਿਆ ਕਿ ਅਚਾਨਕ ਖੂਨ ਦਾ ਸੰਚਾਰ ਬੰਦ ਹੋਣ ਤੋਂ ਬਾਅਦ ਜ਼ਿਆਦਾਤਰ ਮਾਮਲਿਆਂ ਵਿੱਚ ਦਿਮਾਗ਼ ਦੀ ਬਿਜਲਈ ਸਰਗਰਮੀ 30 ਸਕਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਖਤਮ ਹੋ ਜਾਂਦੀ ਹੈ। ਹਾਲਾਂਕਿ ਕੁਝ ਨਸਾਂ ਨਾਲ ਸੰਬੰਧਿਤ ਪ੍ਰਤੀਕਿਰਿਆਵਾਂ ਕੁਝ ਹੋਰ ਸਮੇਂ ਤੱਕ ਰਹਿ ਸਕਦੀਆਂ ਹਨ। PubMed +A

ਇੱਥੇ ਇੱਕ ਮਹੱਤਵਪੂਰਨ ਗੱਲ ਸਮਝਣ ਦੀ ਲੋੜ ਹੈ। ਦਿਲ ਦਾ ਰੁਕਣਾ ਅਤੇ ਦਿਮਾਗ਼ੀ ਮੌਤ (Brain Death) ਇੱਕੋ ਜਿਹੀਆਂ ਸਥਿਤੀਆਂ ਨਹੀਂ ਹਨ। ਦਿਲ ਰੁਕਣ ਦੀ ਸਥਿਤੀ ਵਿੱਚ ਸਮੇਂ ਸਿਰ CPR ਅਤੇ ਹੋਰ ਇਲਾਜ ਨਾਲ ਕਈ ਵਾਰ ਵਿਅਕਤੀ ਨੂੰ ਮੁੜ ਜੀਵਤ ਕੀਤਾ ਜਾ ਸਕਦਾ ਹੈ। ਪਰ ਦਿਮਾਗ਼ੀ ਮੌਤ ਇੱਕ ਅਟੱਲ ਸਥਿਤੀ ਹੈ, ਜਿਸ ਵਿੱਚ ਦਿਮਾਗ਼ ਦੇ ਸਾਰੇ ਮਹੱਤਵਪੂਰਨ ਕਾਰਜ ਸਥਾਈ ਤੌਰ 'ਤੇ ਬੰਦ ਹੋ ਜਾਂਦੇ ਹਨ।

ਕੀ ਮਰਨ ਵਾਲਾ ਵਿਅਕਤੀ ਆਪਣੇ ਪਿਆਰਿਆਂ ਦੀਆਂ ਆਵਾਜ਼ਾਂ ਸੁਣ ਸਕਦਾ ਹੈ?

ਇਸ ਸਵਾਲ ਦਾ ਜਵਾਬ ਵਿਗਿਆਨ ਨੇ ਪੂਰੀ ਤਰ੍ਹਾਂ ਨਹੀਂ ਲੱਭਿਆ, ਪਰ ਕੁਝ ਖੋਜਾਂ ਬਹੁਤ ਦਿਲਚਸਪ ਹਨ।



ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ, ਮਲੋਟ, ਪੰਜਾਬ

2020 ਵਿੱਚ Scientific Reports ਜਰਨਲ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਖੋਜਕਰਤਾਵਾਂ ਨੇ ਹਸਪਤਾਲ ਦੇ ਪੈਲੀਏਟਿਵ ਕੇਅਰ ਵਿੱਚ ਰਹਿ ਰਹੇ ਅਜਿਹੇ ਮਰੀਜ਼ਾਂ ਦੇ ਦਿਮਾਗ਼ ਦੀ ਬਿਜਲਈ ਸਰਗਰਮੀ ਦਾ ਅਧਿਐਨ ਕੀਤਾ, ਜੋ ਜੀਵਨ ਦੇ ਆਖ਼ਰੀ ਘੰਟਿਆਂ ਵਿੱਚ ਬੇਹੋਸ਼ੀ ਵਰਗੀ ਅਵਸਥਾ ਵਿੱਚ ਸਨ।

557 ਰਾਹੀਂ ਕੀਤੀ ਗਈ ਜਾਂਚ ਵਿੱਚ ਪਤਾ ਲੱਗਿਆ ਕਿ ਕੁਝ ਮਰੀਜ਼ਾਂ ਦਾ ਦਿਮਾਗ਼ ਆਵਾਜ਼ਾਂ ਵਿੱਚ ਹੋਣ ਵਾਲੇ ਬਦਲਾਅ ਪ੍ਰਤੀ ਪ੍ਰਤੀਕਿਰਿਆ ਦੇ ਰਿਹਾ ਸੀ, ਭਾਵੇਂ ਉਹ ਬਾਹਰੋਂ ਕੋਈ ਜਵਾਬ ਨਹੀਂ ਦੇ ਰਹੇ ਸਨ। ਇਸ ਖੋਜ ਤੋਂ ਸੰਕੇਤ ਮਿਲਿਆ ਕਿ ਮੌਤ ਦੇ ਨੇੜੇ ਵੀ ਸੁਣਨ ਦੀ ਸਮਰੱਥਾ ਕੁਝ ਸਮੇਂ ਤੱਕ ਕਾਇਮ ਰਹਿ ਸਕਦੀ ਹੈ। PubMed +B

ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਵਿਅਕਤੀ ਹਰ ਗੱਲ ਨੂੰ ਸਮਝ ਰਿਹਾ ਸੀ ਜਾਂ ਆਪਣੇ ਪਰਿਵਾਰਕ ਮੈਂਬਰਾਂ ਦੇ ਰੋਣ ਅਤੇ ਦੁੱਖ ਨੂੰ ਪੂਰੀ ਚੇਤਨਾ ਨਾਲ ਮਹਿਸੂਸ ਕਰ ਰਿਹਾ ਸੀ। ਆਵਾਜ਼ ਪ੍ਰਤੀ ਦਿਮਾਗ਼ ਦੀ ਪ੍ਰਤੀਕਿਰਿਆ ਅਤੇ ਉਸ ਆਵਾਜ਼ ਨੂੰ ਸਮਝਣਾ ਦੋ ਵੱਖਰੀਆਂ ਗੱਲਾਂ ਹਨ।

ਮੌਤ ਦੇ ਨੇੜੇ ਦਿਮਾਗ਼ ਵਿੱਚ ਕੀ ਹੁੰਦਾ ਹੈ?

ਮੌਤ ਦੇ ਨੇੜੇ ਪਹੁੰਚਣ ਸਮੇਂ ਦਿਮਾਗ਼ ਵਿੱਚ ਕਈ ਤਰ੍ਹਾਂ ਦੇ ਬਦਲਾਅ ਹੁੰਦੇ ਹਨ। ਆਕਸੀਜਨ ਦੀ ਘਾਟ, ਖੂਨ ਦੇ ਸੰਚਾਰ ਵਿੱਚ ਕਮੀ ਅਤੇ ਨਸਾਂ ਦੀ ਕਾਰਜਸ਼ੀਲਤਾ ਵਿੱਚ ਤਬਦੀਲੀਆਂ ਕਾਰਨ ਵਿਅਕਤੀ ਦੀ ਚੇਤਨਾ ਪ੍ਰਭਾਵਿਤ ਹੋ ਸਕਦੀ ਹੈ।

ਕੁਝ ਖੋਜਾਂ ਵਿੱਚ ਦਿਲ ਦੇ ਰੁਕਣ ਦੇ ਆਲੇ-ਦੁਆਲੇ ਦਿਮਾਗ਼ ਵਿੱਚ ਥੋੜ੍ਹੇ ਸਮੇਂ ਲਈ ਅਸਧਾਰਨ ਬਿਜਲਈ ਸਰਗਰਮੀ ਦੇਖੀ ਗਈ ਹੈ। ਵਿਗਿਆਨੀ ਇਸ ਗੱਲ ਦਾ ਅਧਿਐਨ ਕਰ ਰਹੇ ਹਨ ਕਿ ਕੀ ਅਜਿਹੀਆਂ ਤਬਦੀਲੀਆਂ ਦਾ ਨੇੜੇ-ਮੌਤ ਅਨੁਭਵਾਂ (Near-Death Experiences) ਨਾਲ ਕੋਈ ਸੰਬੰਧ ਹੈ। ਪਰ ਇਹ ਅਜੇ ਸਾਬਤ ਨਹੀਂ ਹੋਇਆ ਕਿ ਇਹ ਸਰਗਰਮੀ ਕਿਸੇ ਵਿਅਕਤੀ ਦੇ ਆਖ਼ਰੀ ਵਿਚਾਰਾਂ, ਯਾਦਾਂ ਜਾਂ ਚੇਤਨ ਅਨੁਭਵਾਂ ਨੂੰ ਦਰਸਾਉਂਦੀ ਹੈ। PMC +B

ਪਰਿਵਾਰਕ ਮੈਂਬਰਾਂ ਨੂੰ ਕੀ ਕਰਨਾ ਚਾਹੀਦਾ ਹੈ?

ਇਹ ਵਿਗਿਆਨਕ ਜਾਣਕਾਰੀ ਸਾਨੂੰ ਇੱਕ ਮਨੁੱਖੀ ਅਤੇ ਸੰਵੇਦਨਸ਼ੀਲ ਸੁਨੇਹਾ ਵੀ ਦਿੰਦੀ ਹੈ। ਜੇਕਰ ਕੋਈ ਵਿਅਕਤੀ ਜੀਵਨ ਦੇ ਆਖ਼ਰੀ ਪੜਾਅ ਵਿੱਚ ਹੈ ਅਤੇ ਉਹ ਬੋਲਣ ਜਾਂ ਜਵਾਬ ਦੇਣ ਦੇ ਯੋਗ ਨਹੀਂ ਹੈ, ਤਾਂ ਵੀ ਉਸ ਨਾਲ ਪਿਆਰ ਅਤੇ ਸਤਿਕਾਰ ਨਾਲ ਗੱਲ ਕਰਨੀ ਚਾਹੀਦੀ ਹੈ।

ਉਸ ਦਾ ਹੱਥ ਫੜਨਾ, ਪਿਆਰ ਭਰੇ ਸ਼ਬਦ ਕਹਿਣਾ, ਉਸ ਨੂੰ ਹੌਸਲਾ ਦੇਣਾ ਅਤੇ ਆਪਣੀਆਂ ਚੰਗੀਆਂ ਯਾਦਾਂ ਸਾਂਝੀਆਂ ਕਰਨਾ ਪਰਿਵਾਰ ਲਈ ਵੀ ਸਹਾਰਾ ਬਣ ਸਕਦਾ ਹੈ। ਭਾਵੇਂ ਸਾਨੂੰ ਪਤਾ ਨਾ ਹੋਵੇ ਕਿ ਉਹ ਸਾਡੀਆਂ ਗੱਲਾਂ ਸੁਣ ਰਿਹਾ ਹੈ ਜਾਂ ਨਹੀਂ, ਪਰ ਅਜਿਹਾ ਕਰਨ ਨਾਲ ਕੋਈ ਨੁਕਸਾਨ ਨਹੀਂ ਹੈ।

ਵਿਗਿਆਨ ਅਤੇ ਮਨੁੱਖੀ ਭਾਵਨਾਵਾਂ ਦਾ ਸੁਮੇਲ

ਮੌਤ ਸਿਰਫ਼ ਸਰੀਰਕ ਜੀਵਨ ਦਾ ਅੰਤ ਹੈ, ਪਰ ਇਸ ਨਾਲ ਜੁੜੀਆਂ ਯਾਦਾਂ, ਰਿਸ਼ਤੇ ਅਤੇ ਭਾਵਨਾਵਾਂ ਪਿੱਛੇ ਰਹਿ ਜਾਂਦੀਆਂ ਹਨ। ਵਿਗਿਆਨ ਅਜੇ ਵੀ ਇਹ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਜੀਵਨ ਦੇ ਆਖ਼ਰੀ ਪਲਾਂ ਵਿੱਚ ਮਨੁੱਖੀ ਦਿਮਾਗ਼ ਕਿਵੇਂ ਕੰਮ ਕਰਦਾ ਹੈ ਅਤੇ ਚੇਤਨਾ ਕਦੋਂ ਪੂਰੀ ਤਰ੍ਹਾਂ ਖਤਮ ਹੁੰਦੀ ਹੈ।

ਸਾਨੂੰ ਇਹ ਨਹੀਂ ਮੰਨਣਾ ਚਾਹੀਦਾ ਕਿ ਮੌਤ ਤੋਂ ਬਾਅਦ ਹਰ ਵਿਅਕਤੀ ਸੱਤ ਮਿੰਟ ਤੱਕ ਆਪਣੇ ਪਰਿਵਾਰ ਦੀਆਂ ਆਵਾਜ਼ਾਂ ਸੁਣਦਾ ਹੈ। ਇਸ ਦਾ ਕੋਈ ਪੱਕਾ ਸਬੂਤ ਨਹੀਂ ਹੈ। ਪਰ ਇਹ ਖੋਜ ਜ਼ਰੂਰ ਦੱਸਦੀ ਹੈ ਕਿ ਜੀਵਨ ਦੇ ਆਖ਼ਰੀ ਪੜਾਅ ਵਿੱਚ ਸੁਣਨ ਦੀ ਸਮਰੱਥਾ ਬਾਰੇ ਸਾਡੀ ਸਮਝ ਅਜੇ ਅਧੂਰੀ ਹੈ।

ਅੰਤ ਵਿੱਚ, ਇੱਕ ਗੱਲ ਯਾਦ ਰੱਖਣ ਵਾਲੀ ਹੈ: ਜਦੋਂ ਕੋਈ ਆਪਣਾ ਸਾਡੇ ਵਿਚਕਾਰ ਹੋਵੇ, ਉਸ ਨੂੰ ਪਿਆਰ ਦੇ ਦੋ ਸ਼ਬਦ ਕਹਿਣ ਲਈ ਆਖ਼ਰੀ ਪਲਾਂ ਦੀ ਉਡੀਕ ਨਹੀਂ ਕਰਨੀ ਚਾਹੀਦੀ। ਕਿਉਂਕਿ ਜਿਉਂਦੇ ਜੀਅ ਦਿੱਤਾ ਪਿਆਰ, ਮੌਤ ਤੋਂ ਬਾਅਦ ਕਹੇ ਗਏ ਹਜ਼ਾਰਾਂ ਸ਼ਬਦਾਂ ਨਾਲੋਂ ਕਿਤੇ ਵੱਧ ਕੀਮਤੀ ਹੁੰਦਾ ਹੈ।

'ਪੰਜਾਬ ਲਈ ਦੁਆਵਾਂ'



ਕੋਈ ਕਰੋ ਦੁਆਵਾਂ ਕਿ ਜ਼ਿੰਦਗੀ ਮੁੜ ਕੇ ਆ ਜਾਏ ਪੈਰਾਂ 'ਤੇ,
ਥੰਮ ਜਾਏ ਮੌਤ ਹਨੇਰੀ ਝੁੱਲ ਰਹੀ ਜੋ ਪਿੰਡਾਂ ਸ਼ਹਿਰਾਂ 'ਤੇ।
ਹੈ ਦਹਿਸ਼ਤ ਦਾ ਮਾਹੌਲ ਜੋ ਬਣਿਆ ਸਿਰ ਤੋਂ ਟਲ ਜਾਵੇ,
ਕਿਤੇ ਕੱਸੀ ਜਾਏ ਨਕੇਲ ਇਹਨਾਂ ਮੌਤ ਦੇ ਕਹਿਰਾਂ 'ਤੇ।
ਚਿੱਟੇ ਜਿਹੀ ਬਲਾ ਦਾ ਹੱਲ ਇਨਸਾਨ ਨੂੰ ਲੱਭ ਜਾਵੇ,
ਮੱਤ-ਸੁਮੱਤ ਨਾਲ ਬੰਦਾ ਕਾਬੂ ਪਾ ਲਏ ਜਹਿਰਾਂ 'ਤੇ।
ਹੱਥਾਂ ਨੂੰ ਰੁਜ਼ਗਾਰ ਮਿਲੇ ਤੇ ਪਹੀਏ ਕਦਮ ਸੜਕਾਂ ਨੂੰ,
ਬੁੱਲ੍ਹਾਂ ਉੱਤੇ ਗੀਤ ਪਏ ਗੂੰਜਣ ਝਾਂਜਰ ਛਣਕੇ ਪੈਰਾਂ 'ਤੇ।
ਗੋਡਿਆਂ ਪਰਨੇ ਹੋਇਆ ਏ ਜੋ ਡੁੱਬ ਕੇ ਕਰਜ਼ਿਆਂ ਵਿੱਚ,
ਧੋਬੀ ਪਟਕਾ ਮਾਰ ਪੰਜਾਬ ਮੁੜ ਕੇ ਖੜ੍ਹ ਜਾਏ ਪੈਰਾਂ 'ਤੇ।
ਸਾਡੇ ਬਾਪੂ ਚਿੰਤਾ ਮੁਕਤ ਹੋਣ, ਤੇ ਮਾਂਵਾਂ ਛੱਡਣ ਝੋਰਿਆਂ ਨੂੰ,
ਛੱਡ ਕੇ ਨਸ਼ੇ ਦੇ ਕੋਹੜ ਨੂੰ, ਜਵਾਨੀ ਆ ਜਾਏ ਲਹਿਰਾਂ 'ਤੇ।
ਰੂੜੀਆਂ ਉੱਤੇ ਡਿੱਗਦੇ, ਉੱਠ ਕੇ ਤੁਰਨ ਮੈਦਾਨਾਂ ਵੱਲ,
ਮਿਹਰਾਂ ਹੋ ਜਾਣ, ਉਮਰਾਂ ਦੀਆਂ ਸਿਖਰ ਦੁਪਹਿਰਾਂ 'ਤੇ।
ਹਰ ਚਿਹਰੇ ਤੇ ਖੁਸ਼ੀਆਂ ਗ਼ਮੀਆਂ ਫੇਰ ਤੋਂ ਗਿੱਧਾ ਪਾਵਣ ਜੀ ,
ਮੁੜ ਕੇ ਰੌਣਕਾਂ ਲੱਗਣ 'ਪਾਲੀ' ਮੋੜਾਂ, ਸੱਥਾਂ ਨਹਿਰਾਂ 'ਤੇ।
ਕੋਈ ਕਰੋ ਦੁਆਵਾਂ ਕਿ ਜ਼ਿੰਦਗੀ ਮੁੜ ਕੇ ਆ ਜਾਏ ਪੈਰਾਂ 'ਤੇ।
ਥੰਮ ਜਾਏ ਮੌਤ ਹਨੇਰੀ ਝੁੱਲ ਰਹੀ ਜੋ ਪਿੰਡਾਂ ਸ਼ਹਿਰਾਂ 'ਤੇ। -ਪਾਲੀ ਸਾਧੋਵਾਲ

ਕਵਿਤਾ-ਮਾਏਂ ਤੇਰੀ ਯਾਦ



ਜਦੋਂ ਕੋਈ ਮਾਂ ਧੀ ਨੂੰ ਲਾਡ ਲਡਾਉਂਦੀ ਏ
ਜਦੋਂ ਕੋਈ ਮਾਂ ਧੀ ਨੂੰ ਲਾਡ ਲਡਾਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਜਦੋਂ ਕੋਈ ਧੀ ਮਾਂ 'ਤੇ ਹੱਕ ਜਤਾਉਂਦੀ ਏ
ਮਾਂ ਵੀ ਜਦ ਉਸ ਹੱਕ ਅੱਗੇ ਝੁਕਦੀ ਜਾਂਦੀ ਏ
ਮੈਂ ਕਿਸ 'ਤੇ ਹੱਕ ਜਤਾਵਾਂ ਇਹ ਪੀੜ ਵੱਢ-ਵੱਢ ਖਾਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਜਦੋਂ ਧੀ ਮਾਂ 'ਤੇ ਗੁੱਸੇ ਗਿਲੇ ਲਾਹੁੰਦੀ ਏ
ਮਾਂ ਧੀ ਦੇ ਗੁੱਸੇ 'ਤੇ ਜਦ ਹੱਸ ਦਿਖਾਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਜਦੋਂ ਧੀ ਸਹੁਰਿਓ ਆ, ਮਾਂ ਨੂੰ ਘੁੱਟ ਕੇ ਜੱਫੀ ਪਾਉਂਦੀ ਏ
ਮੇਰੀ ਗਲਵੱਕੜੀ ਵੀ ਫਿਰ ਤੈਨੂੰ ਬਾਂਹੀ ਕੱਸਣਾ ਚਾਹੁੰਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਜਦੋਂ ਰਾਹ ਤੇਰੇ ਪਿੰਡ ਦੇ ਸੁੰਨਿਆ ਨੂੰ ਮੈਂ ਕੱਲਿਆਂ ਗਾਂਹਦੀ ਆਂ
ਤੇਰੀ ਉਡੀਕ ਦੀ ਬਿੜਕ ਉਦੋਂ ਸੀਨੇ ਅੱਗ ਜਿਹੀ ਲਾਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਸੋਚਿਆ ਲਿਖ ਕੇ ਕੁੱਝ ਤੇਰੇ ਬਾਰੇ, ਮਨ ਦਾ ਬੋਝ ਘਟਾਉਣੀ ਆਂ
ਪਰ ਯਾਦਾਂ ਤੇਰੀਆਂ ਦੀ ਲੋਰੀ ਵੀ ਜਦ ਮੈਨੂੰ ਹੋਰ ਰਵਾਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਤੇਰੇ ਨਾਲ ਪੈਦਲ ਗਾਹੇ ਰਾਹਾਂ 'ਤੇ ਜਦ ਮੈਂ ਕਾਰ ' ਚ ਜਾਂਦੀ ਆਂ
ਨਾਲ ਮੇਰੇ ਖੱਬੀ ਸੀਟ 'ਤੇ ਮੈਂ ਤੈਨੂੰ ਦੇਖਣਾ ਚਾਹੁੰਦੀ ਆਂ
ਚਾਅ ਤੇਰੇ ਮੇਰੇ ਅਧੂਰੇ ਕਿੰਝ ਹੋਣਗੇ ਪੂਰੇ
ਇਹ ਸੋਚ ਮੈਨੂੰ ਉਸ ਟਾਇਮ ਜਦ ਸੋਚੀ ਪਾਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਜਦੋਂ ਮੈਨੂੰ ਕਿਸੇ 'ਚ ਤੂੰ ਦਿਸਜੇ
ਮੈਂ ਉਹਨੂੰ ਤੇਰੇ ਵਾਂਗ ਹੀ ਧਿਆਉਂਦੀ ਆਂ
ਫਿਰਾਂ ਉਸ ਮਗਰੇ ਵੀ ਤੈਨੂੰ ਜਾਣ
ਪਰ ਜਦ ਉਹ ਓਪਰਾ ਜਾਣ ਤੇਰੇ ਵਾਂਗ ਨਾ ਪੱਲਾ ਫੜਾਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਸਤਾਉਂਦੀ ਏ .
ਪੁੱਤ ਸਮਝ ਕੇ ਕਦੇ ਪਾਲ਼ਿਆ ਸੀ ਤੂੰ
ਨਾਲ ਮਿਹਨਤਾਂ ਮੈਨੂੰ ਕਦੇ ਸ਼ਿੰਗਾਰਿਆ ਸੀ ਤੂੰ
ਘਰ ਦੀ ਹਾਲਤ ਠੀਕ ਕਰੂ, ਇਹ ਸੁਪਨਾ ਦਿਲ 'ਚ ਸੰਭਾਲਿਆ ਸੀ ਤੂੰ
ਅੱਜ ਤੇਰੇ ਕੀਤੇ ਚਾਅ ਜਦੋਂ ਮੈਂ ਤੇਰੇ ਤੋਂ ਵਾਰਨਾ ਚਾਹੁੰਦੀ ਆ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਦੁੱਖ ਹੋਵੇ ਸੁੱਖ ਹੋਵੇ, ਮੈਂ ਸਭ ਤੈਨੂੰ ਸੁਣਾਉਣਾ ਚਾਹੁੰਦੀ ਆਂ
ਪਰ ਜਦ ਤੂੰ ਕਿਧਰੇ ਨਜ਼ਰ ਨਾ ਆਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਉਂਝ ਸੱਸ ਤਾਂ ਲਾਡ ਲਡਾਉਂਦੀ ਬਾਹਲਾ, ਪਿਆਰ ਵੀ ਉਹ ਜਤਾਉਂਦੀ ਬਾਹਲਾ
ਪਰ ਨੂੰਹ-ਧੀ ਵਿਚਕਾਰ ਜਦ ਉਹ ਫ਼ਰਕ ਲੈ ਆਉਂਦੀ ਏ
ਮੈਨੂੰ ਤੇਰੀ ਯਾਦ ਮਾਏਂ ਉਦੋਂ ਬਹੁਤ ਆਉਂਦੀ ਏ .
ਅੰਬਰਾਂ 'ਤੇ ਪਹੁੰਚਾ ਮੈਨੂੰ, ਤੂੰ ਖੌਰੇ ਕਿਹੜਾ ਤਾਰਾ ਹੋ ਗਈ ਏ
ਬੱਸ ਇੱਕੋ ਦੁੱਖ ਸਤਾਉਂਦਾ ਬਾਹਲਾ, ਤੂੰ ਮੈਥੋਂ ਦੂਰ ਕਿਉਂ ਹੋ ਗਈ ਏ
ਆ ਜਾ ਮੁੜ ਕੇ ਮੈਂ ਵੀ ਤੈਨੂੰ ਤੇਰੇ ਵਾਂਗ ਹੁਣ ਚਾਉਣਾ ਚਾਹੁੰਦੀ ਆਂ
ਮੈਨੂੰ ਤੇਰੀ ਯਾਦ ਮਾਏਂ ਸੱਚੀਂ ਬਹੁਤ ਆਉਂਦੀ ਏ। -ਅਨੀਤਾ 'ਨਵ' ਵਸ਼ਿਸ਼ਟ

ਮਨੁੱਖ ਵਿੱਚ ਖਤਮ ਹੋ ਰਿਹਾ ਹੈ ਸਬਰ ਅਤੇ ਸੰਤੋਖ



ਅੱਜ ਦੇ ਮਨੁੱਖ ਵਿੱਚ ਕਿਉਂ ਖਤਮ ਹੋ ਰਿਹਾ ਹੈ ਸਬਰ ਅਤੇ ਸੰਤੋਖ? ਇਹ ਸਵਾਲ ਅੱਜ ਦੇ ਭੌਤਿਕਵਾਦੀ ਯੁੱਗ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਗੰਭੀਰ ਪ੍ਰਸ਼ਨ ਹੈ, ਜਿਸ ਦਾ ਜਵਾਬ ਲੱਭਣ ਲਈ ਸਾਨੂੰ ਆਪਣੇ ਅੰਦਰ ਝਾਤੀ ਮਾਰਨੀ ਪਵੇਗੀ, ਆਪਣੇ ਸਮਾਜ ਦੀ ਚੀਰ-ਫਾੜ ਕਰਨੀ ਪਵੇਗੀ ਅਤੇ ਆਪਣੀ ਜੀਵਨ-ਜਾਚ ਦਾ ਮੁਲਾਂਕਣ ਕਰਨਾ ਪਵੇਗਾ।


ਕਦੇ ਉਹ ਸਮਾਂ ਸੀ, ਜਦੋਂ ਸਾਡੇ ਬਜ਼ੁਰਗ ਕਹਿੰਦੇ ਸਨ ਕਿ ਸਬਰ ਦਾ ਫਲ ਮਿੱਠਾ ਹੁੰਦਾ ਹੈ ਅਤੇ ਸੰਤੋਖੀ ਸਦਾ ਸੁਖੀ ਰਹਿੰਦਾ ਹੈ। ਉਹਨਾਂ ਦੇ ਜੀਵਨ ਵਿੱਚ ਸਬਰ ਅਤੇ ਸੰਤੋਖ ਦੋਵੇਂ ਹੀ ਸਾਹਾਂ ਵਾਂਗ ਵੱਸਦੇ ਸਨ। ਉਹ ਥੋੜ੍ਹੇ ਵਿੱਚ ਵੀ ਗੁਜ਼ਾਰਾ ਕਰ ਲੈਂਦੇ ਸਨ। ਉਹ ਰੁੱਖੀ-ਮਿੱਸੀ ਖਾ ਕੇ ਵੀ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਸਨ। ਉਹਨਾਂ ਕੋਲ ਵੱਡੀਆਂ-ਵੱਡੀਆਂ ਕੋਠੀਆਂ ਨਹੀਂ ਸਨ, ਵੱਡੀਆਂ-ਵੱਡੀਆਂ ਗੱਡੀਆਂ ਨਹੀਂ ਸਨ, ਪਰ ਉਹਨਾਂ ਦੇ ਦਿਲਾਂ ਵਿੱਚ ਸਕੂਨ ਸੀ। ਉਹਨਾਂ ਦੀਆਂ ਰਾਤਾਂ ਦੀ ਨੀਂਦ ਗਹਿਰੀ ਸੀ ਅਤੇ ਉਹਨਾਂ ਦੇ ਚਿਹਰਿਆਂ 'ਤੇ ਇੱਕ ਅਜੀਬ ਜਿਹਾ ਨੂਰ ਹੁੰਦਾ ਸੀ।

ਪੈ.ਗਾਮ-ਏ-ਜਗਤ

ਪਰ ਅੱਜ ਦੇ ਮਨੁੱਖ ਕੋਲ ਸਭ ਕੁਝ ਹੈ। ਉਸ ਕੋਲ ਕੋਠੀ ਹੈ, ਗੱਡੀ ਹੈ, ਬੈਂਕ ਬੈਲੈਂਸ ਹੈ, ਮੋਬਾਇਲ ਹੈ, ਇੰਟਰਨੈੱਟ ਹੈ, ਪਰ ਉਸ ਕੋਲ ਜੇਕਰ ਕੁਝ ਨਹੀਂ ਹੈ ਤਾਂ ਉਹ ਹੈ ਸਬਰ ਅਤੇ ਸੰਤੋਖ। ਅੱਜ ਦਾ ਮਨੁੱਖ ਹਰ ਵੇਲੇ ਭੱਜ ਰਿਹਾ ਹੈ। ਉਹ ਸਵੇਰੇ ਉੱਠਦੇ ਹੀ ਭੱਜਣਾ ਸ਼ੁਰੂ ਕਰ ਦਿੰਦਾ ਹੈ। ਉਸ ਨੂੰ ਕਿਸੇ ਚੀਜ਼ ਦੀ ਉਡੀਕ ਹੀ ਨਹੀਂ ਹੈ। ਉਸ ਨੂੰ ਹਰ ਚੀਜ਼ ਤੁਰੰਤ ਚਾਹੀਦੀ ਹੈ। ਉਸ ਨੂੰ ਤੁਰੰਤ ਪੈਸਾ ਚਾਹੀਦਾ ਹੈ, ਤੁਰੰਤ ਸਫਲਤਾ ਚਾਹੀਦੀ ਹੈ, ਤੁਰੰਤ ਪ੍ਰਸਿੱਧੀ ਚਾਹੀਦੀ ਹੈ ਅਤੇ ਇਸ ਤੁਰੰਤ ਦੀ ਦੌੜ ਵਿੱਚ ਉਸ ਨੇ ਸਬਰ ਨੂੰ ਹੀ ਖਤਮ ਕਰ ਦਿੱਤਾ ਹੈ।

ਸਬਰ ਕਿਉਂ ਖਤਮ ਹੋ ਰਿਹਾ ਹੈ? ਇਸ ਦਾ ਸਭ ਤੋਂ ਵੱਡਾ ਕਾਰਨ ਹੈ ਸਾਡੀ ਸੋਸ਼ਲ ਮੀਡੀਆ ਦੀ ਦੁਨੀਆਂ, ਜਿੱਥੇ ਹਰ ਚੀਜ਼ ਦੋ ਸਕਿੰਟ ਵਿੱਚ ਮਿਲ ਜਾਂਦੀ ਹੈ। ਜਿੱਥੇ ਇੱਕ ਕਲਿੱਕ 'ਤੇ ਖਾਣਾ ਆ ਜਾਂਦਾ ਹੈ, ਇੱਕ ਕਲਿੱਕ 'ਤੇ ਕੱਪੜੇ ਆ ਜਾਂਦੇ ਹਨ ਅਤੇ ਇੱਕ ਕਲਿੱਕ 'ਤੇ ਰਿਸ਼ਤੇ ਬਣ ਜਾਂਦੇ ਹਨ ਅਤੇ ਟੁੱਟ ਜਾਂਦੇ ਹਨ। ਜਦੋਂ ਹਰ ਚੀਜ਼ ਇੰਨੀ ਜਲਦੀ ਮਿਲਣ ਲੱਗ ਪਵੇ, ਤਾਂ ਮਨੁੱਖ ਨੂੰ ਉਡੀਕ ਕਰਨ ਦੀ ਆਦਤ ਹੀ ਖਤਮ ਹੋ ਜਾਂਦੀ ਹੈ। ਉਹ ਸੋਚਦਾ ਹੈ ਕਿ ਜਿਵੇਂ ਮੋਬਾਇਲ 'ਤੇ ਸਭ ਕੁਝ ਤੁਰੰਤ ਮਿਲਦਾ ਹੈ, ਉਵੇਂ ਹੀ ਜ਼ਿੰਦਗੀ ਵਿੱਚ ਵੀ ਸਭ ਕੁਝ ਤੁਰੰਤ ਮਿਲ ਜਾਣਾ ਚਾਹੀਦਾ ਹੈ। ਪਰ ਜ਼ਿੰਦਗੀ ਮੋਬਾਇਲ ਦੀ ਸਕਰੀਨ ਨਹੀਂ ਹੈ। ਜ਼ਿੰਦਗੀ ਇੱਕ ਖੇਤ ਹੈ, ਜਿੱਥੇ ਬੀਜ ਬੀਜਣ ਤੋਂ ਬਾਅਦ ਫਸਲ ਪੱਕਣ ਤੱਕ ਉਡੀਕ ਕਰਨੀ ਪੈਂਦੀ ਹੈ ਅਤੇ ਜਿਹੜਾ ਉਡੀਕ ਨਹੀਂ ਕਰ ਸਕਦਾ, ਉਹ ਕਦੇ ਵੀ ਫਸਲ ਨਹੀਂ ਵੱਢ ਸਕਦਾ।

ਦੂਜਾ ਵੱਡਾ ਕਾਰਨ ਹੈ ਸਾਡੀ ਤੁਲਨਾ ਕਰਨ ਦੀ ਆਦਤ। ਅੱਜ ਦਾ ਮਨੁੱਖ ਆਪਣੇ ਆਪ ਨੂੰ ਹਰ ਵੇਲੇ ਦੂਜਿਆਂ ਨਾਲ ਤੋਲਦਾ ਰਹਿੰਦਾ ਹੈ। ਉਹ ਫੇਸਬੁੱਕ 'ਤੇ ਦੇਖਦਾ ਹੈ ਕਿ ਉਸ ਦੇ ਦੋਸਤ ਨੇ ਨਵੀਂ ਗੱਡੀ ਲੈ ਲਈ ਹੈ। ਉਹ ਇੰਸਟਾਗ੍ਰਾਮ 'ਤੇ ਦੇਖਦਾ ਹੈ ਕਿ ਉਸ ਦੇ ਰਿਸ਼ਤੇਦਾਰ ਨੇ ਵਿਦੇਸ਼ ਦੀ ਯਾਤਰਾ ਕਰ ਲਈ ਹੈ ਅਤੇ ਫਿਰ ਉਹ ਆਪਣੇ ਆਪ ਨੂੰ ਕੋਸਣ ਲੱਗ ਪੈਂਦਾ ਹੈ ਕਿ ਮੇਰੇ ਕੋਲ ਇਹ ਕਿਉਂ ਨਹੀਂ ਹੈ। ਇਸ ਤੁਲਨਾ ਨੇ ਉਸ ਦੇ ਅੰਦਰੋਂ ਸੰਤੋਖ ਨੂੰ ਮਾਰ ਦਿੱਤਾ ਹੈ। ਉਹ ਭੁੱਲ ਗਿਆ ਹੈ ਕਿ ਹਰ ਇੱਕ ਦੀ ਕਿਸਮਤ ਵੱਖਰੀ ਹੈ, ਹਰ ਇੱਕ ਦੀ ਥਾਲੀ ਵਿੱਚ ਵੱਖਰਾ ਭੋਜਨ ਹੈ।



ਚਮਕੌਰ ਸਿੰਘ ਕੈਰਵੇ
ਮੋ. 9875200097

ਸੰਤੋਖ ਦਾ ਅਰਥ ਇਹ ਨਹੀਂ ਹੈ ਕਿ ਤੁਸੀਂ ਮਿਹਨਤ ਕਰਨੀ ਛੱਡ ਦਿਓ। ਸੰਤੋਖ ਦਾ ਅਰਥ ਹੈ ਕਿ ਤੁਸੀਂ ਮਿਹਨਤ ਪੂਰੀ ਕਰੋ, ਪਰ ਫਲ ਦੀ ਪ੍ਰਾਪਤੀ 'ਤੇ ਵਾਹਿਗੁਰੂ ਦਾ ਭਾਣਾ ਮੰਨੋ। ਸਾਡੇ ਗੁਰੂ ਸਾਹਿਬਾਨ ਨੇ ਵੀ ਤਾਂ ਇਹੀ ਸਿਖਾਇਆ ਹੈ ਕਿ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਪਰ ਅੱਜ ਅਸੀਂ ਕਿਰਤ ਨੂੰ ਛੱਡ ਕੇ ਸਿਰਫ ਫਲ ਦੇ ਪਿੱਛੇ ਭੱਜ ਰਹੇ ਹਾਂ।

ਤੀਜਾ ਕਾਰਨ ਹੈ ਸਾਡੀਆਂ ਵੱਧਦੀਆਂ ਹੋਈਆਂ ਇੱਛਾਵਾਂ। ਕਦੇ ਸਾਡੀਆਂ ਲੋੜਾਂ ਸੀਮਤ ਸਨ, ਅੱਜ ਸਾਡੀਆਂ ਇੱਛਾਵਾਂ ਅਸੀਮਤ ਹੋ ਗਈਆਂ ਹਨ। ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਪੈਦਾ ਹੋ ਜਾਂਦੀ ਹੈ, ਦੂਜੀ ਪੂਰੀ ਹੁੰਦੀ ਹੈ ਤਾਂ ਤੀਜੀ ਪੈਦਾ ਹੋ ਜਾਂਦੀ ਹੈ ਅਤੇ ਇਹਨਾਂ ਇੱਛਾਵਾਂ ਦੇ ਜਾਲ ਵਿੱਚ ਫਸ ਕੇ ਮਨੁੱਖ ਆਪਣੀ ਸਾਰੀ ਉਮਰ ਦੁਖੀ ਰਹਿੰਦਾ ਹੈ। ਉਹ ਕਦੇ ਵੀ ਸੰਤੁਸ਼ਟ ਨਹੀਂ ਹੁੰਦਾ। ਉਹ ਸੋਚਦਾ ਹੈ ਕਿ ਜੇਕਰ ਮੈਨੂੰ ਇਹ ਮਿਲ ਜਾਵੇ ਤਾਂ ਮੈਂ ਸੁਖੀ ਹੋ ਜਾਵਾਂਗਾ, ਪਰ ਜਦੋਂ ਉਹ ਚੀਜ਼ ਮਿਲ ਜਾਂਦੀ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਸੁੱਖ ਤਾਂ ਉਸ ਚੀਜ਼ ਵਿੱਚ ਸੀ ਹੀ ਨਹੀਂ। ਸੁੱਖ ਤਾਂ ਉਸ ਦੇ ਅੰਦਰ ਸੀ, ਜਿਸ ਨੂੰ ਉਹ ਬਾਹਰ ਲੱਭ ਰਿਹਾ ਸੀ।

ਚੌਥਾ ਕਾਰਨ ਹੈ ਸਾਡੇ ਸੰਯੁਕਤ ਪਰਿਵਾਰਾਂ ਦਾ ਟੁੱਟਣਾ। ਕਦੇ ਸਾਡੇ ਘਰਾਂ ਵਿੱਚ ਦਾਦਾ-ਦਾਦੀ ਹੁੰਦੇ ਸਨ, ਜੋ ਬੱਚਿਆਂ ਨੂੰ ਸਬਰ ਅਤੇ ਸੰਤੋਖ ਦੀਆਂ ਕਹਾਣੀਆਂ ਸੁਣਾਉਂਦੇ ਸਨ, ਜੋ ਉਹਨਾਂ ਨੂੰ ਰਾਜਾ ਭਰਥਰੀ ਅਤੇ ਗੋਪੀ ਚੰਦ ਦੀਆਂ ਕਹਾਣੀਆਂ ਸੁਣਾ ਕੇ ਸਮਝਾਉਂਦੇ ਸਨ ਕਿ ਸੰਸਾਰ ਨਾਸ਼ਵਾਨ ਹੈ। ਪਰ ਅੱਜ ਪਰਿਵਾਰ ਟੁੱਟ ਗਏ ਹਨ, ਬੱਚੇ ਇਕੱਲੇ ਰਹਿ ਗਏ ਹਨ। ਉਹਨਾਂ ਨੂੰ ਸਬਰ ਸਿਖਾਉਣ ਵਾਲਾ ਕੋਈ ਨਹੀਂ ਹੈ। ਉਹਨਾਂ ਨੂੰ ਸੰਤੋਖ ਦਾ ਮਤਲਬ ਸਮਝਾਉਣ ਵਾਲਾ ਕੋਈ ਨਹੀਂ ਹੈ। ਉਹਨਾਂ ਦੇ ਹੱਥ ਵਿੱਚ ਸਿਰਫ ਮੋਬਾਇਲ ਹੈ, ਜੋ ਉਹਨਾਂ ਨੂੰ ਹਰ ਵੇਲੇ ਇਹੀ ਸਿਖਾਉਂਦਾ ਹੈ ਕਿ ਹੋਰ ਚਾਹੀਦਾ ਹੈ, ਹੋਰ ਚਾਹੀਦਾ ਹੈ ਅਤੇ ਇਸ ਹੋਰ ਦੀ ਦੌੜ ਵਿੱਚ ਮਨੁੱਖ ਆਪਣੀ ਮਾਨਸਿਕ ਸ਼ਾਂਤੀ ਗੁਆ ਬੈਠਾ ਹੈ।

ਅੱਜ ਹਰ ਦੂਜਾ ਵਿਅਕਤੀ ਡਿਪਰੈਸ਼ਨ ਦਾ ਸ਼ਿਕਾਰ ਹੈ, ਹਰ ਤੀਜਾ ਵਿਅਕਤੀ ਨੀਂਦ ਦੀਆਂ ਗੋਲੀਆਂ ਖਾ ਰਿਹਾ ਹੈ। ਕਿਉਂ? ਕਿਉਂਕਿ ਉਸ ਕੋਲ ਸਬਰ ਨਹੀਂ ਹੈ, ਉਸ ਕੋਲ ਸੰਤੋਖ ਨਹੀਂ ਹੈ। ਉਹ ਹਰ ਵੇਲੇ ਕਿਸੇ ਅਣਜਾਣੀ ਚਿੰਤਾ ਵਿੱਚ ਡੁੱਬਿਆ ਰਹਿੰਦਾ ਹੈ। ਇਸ ਲਈ ਜੇਕਰ ਅਸੀਂ ਆਪਣੇ ਜੀਵਨ ਵਿੱਚ ਸੱਚਾ ਸੁੱਖ ਚਾਹੁੰਦੇ ਹਾਂ, ਤਾਂ ਸਾਨੂੰ ਫਿਰ ਤੋਂ ਆਪਣੇ ਅੰਦਰ ਸਬਰ ਅਤੇ ਸੰਤੋਖ ਨੂੰ ਜਗਾਉਣਾ ਪਵੇਗਾ। ਸਾਨੂੰ ਇਹ ਸਮਝਣਾ ਪਵੇਗਾ ਕਿ ਜ਼ਿੰਦਗੀ ਇੱਕ ਦੌੜ ਨਹੀਂ ਹੈ, ਇਹ ਇੱਕ ਯਾਤਰਾ ਹੈ ਅਤੇ ਯਾਤਰਾ ਦਾ ਆਨੰਦ ਉਦੋਂ ਹੀ ਆਉਂਦਾ ਹੈ ਜਦੋਂ ਅਸੀਂ ਹੌਲੀ-ਹੌਲੀ ਚੱਲੀਏ, ਆਲੇ-ਦੁਆਲੇ ਦੇ ਨਜ਼ਾਰਿਆਂ ਨੂੰ ਵੇਖੀਏ ਅਤੇ ਜੋ ਮਿਲਿਆ ਹੈ ਉਸ ਵਿੱਚ ਖੁਸ਼ ਰਹੀਏ। ਕਿਉਂਕਿ ਜਿਸ ਮਨੁੱਖ ਕੋਲ ਸਬਰ ਹੈ, ਉਸ ਕੋਲ ਹਰ ਮੁਸੀਬਤ ਦਾ ਹੱਲ ਹੈ ਅਤੇ ਜਿਸ ਮਨੁੱਖ ਕੋਲ ਸੰਤੋਖ ਹੈ, ਉਸ ਕੋਲ ਦੁਨੀਆਂ ਦੀ ਸਭ ਤੋਂ ਵੱਡੀ ਦੌਲਤ ਹੈ।

.ਗ਼ਜ਼ਲ

ਚੇਤਨਾ ਦੀ ਰੌਸ਼ਨੀ ਦਾ ਰਾਹ ਦਸੇਰਾ ਬਣ ਕਦੇ।
ਘੁੱਪ ਹਨੇਰੇ ਨੂੰ ਮਿਟਾ ਦੇ ਤੂੰ ਸਵੇਰਾ ਬਣ ਕਦੇ।
ਨਰਕ ਬਣੀਆਂ ਬਸਤੀਆਂ ਵਿੱਚ ਜ਼ਿੰਦਗੀ ਨੇ ਧੜਕਣਾ,
ਝੁੱਗੀਆਂ ਤੇ ਖੋਲ਼ਿਆਂ ਦਾ ਤੂੰ ਬਨੇਰਾ ਬਣ ਕੇ।
ਲਾਹ ਗਲੋਂ ਕਾਲ?ਾ ਹਨੇਰ੍ਹਾ ਲੋਅ ਦਾ ਪਰਤੀਕ ਬਣ,
ਦੀਵਿਆਂ ਦੀ ਪਾਲ ਬਣ ਮਨਵ ਬਨੇਰਾ ਬਣ ਕਦੇ।
ਮੌਤ ਦਾ ਤੂੰ ਬਣ ਕੇ ਆਸ਼ਿਕ ਮੰਜ਼ਿਲਾਂ ਨੂੰ ਪਾਰ ਕਰ,
ਸੱਚ ਦਾ ਤੂੰ ਬਣ ਕੇ ਆਸ਼ਕ ਚੀ ਗੁਵੇਰਾ ਬਣ ਕਦੇ।
ਹੱਕ ਤੇਰਾ ਕੌਣ ਖਾਂਦਾ ਰੱਖ ਸਦਾ ਤਿੱਖੀ ਨਿਗ?ਹਾ,
ਹੱਕ ਆਪਣੇ ਲੈਣ ਲਈ ਉੱਠ ਖੜ੍ਹ ਫਰੇਰਾ ਬਣ ਕਦੇ।
ਕੀਲ ਕੇ ਪਾ ਲੈ ਪਟਾਰੀ ਆਪਣੇ ਹੰਕਾਰ ਨੂੰ,
ਛੱਡ 'ਸਿਕੰਦਰ' ਹੋਣ ਨੂੰ ਮਾਨਵ ਸਪੇਰਾ ਬਣ ਕੇ। -ਸਿਕੰਦਰ ਮਾਨਵ

.ਗ਼ਜ਼ਲ

ਵਫਾ ਹੋਵੇ, ਦਯਾ ਹੋਵੇ ਜਿਦ੍ਹੇ ਵਿਚ ਪਿਆਰ ਵੀ ਹੋਵੇ।
ਬੇਸ਼ੱਕ ਕੱਲ੍ਹ ਤੀਕ ਹੀ ਹੋਵੇ, ਮੇਰੀ ਇਉਂ ਜ਼ਿੰਦਗੀ ਹੋਵੇ।
ਮੇਰੀ ਜਿੰਦ, ਜਿਉਂਦਿਆਂ ਦੀ ਬੰਦਗੀ ਵੀ ਕਰ ਰਹੀ ਹੋਵੇ।
ਤੇ ਜਾਨੋਂ ਵੱਧ ਵਖ਼ਤਾਂ ਮਾਰਿਆਂ ਨੂੰ ਪਿਆਰਦੀ ਹੋਵੇ।
ਨਾ ਚਾਹਾਂ ਕੋਠੀਆਂ, ਕਾਰਾਂ, ਮੇਰੀ ਮੰਗ ਬਹੁਤ ਛੋਟੀ ਹੈ,
ਵਸੀਅਤ ਢਾਈ ਅੱਖ਼ਰਾਂ ਦੀ ਹੀ ਮੇਰੇ ਨਾਂ ਲਿਖੀ ਹੋਵੇ।
ਮੈਂ ਮਿੱਧੇ ਫ਼ੁੱਲ, ਮੋਈਆਂ ਤਿਤਲੀਆਂ ਨੂੰ ਵੇਖਦਾਂ ਜਦ ਵੀ,
ਇਵੇਂ ਮਹਿਸੂਸਦਾ ਹਾਂ, ਜਾਨ ਜਿੱਦਾਂ ਨਿਕਲਦੀ ਹੋਵੇ।
ਮਰੇ ਨਾ ਰੀਝ ਕੋਈ ਦਿਲ ਦੀ, ਨਾ ਟੁੱਟਣ ਖ਼ਾਬ ਨੈਣਾਂ ਦੇ,
ਕਿਤੇ ਦੁਨੀਆ 'ਚ ਐਸੀ ਥਾਂ ਵੀ ਮੈਨੂੰ ਭਾਲਦੀ ਹੋਵੇ।
ਮੈਂ ਬੁਝਿਆ ਮਨ ਤੇ ਥੱਕੀ ਸ਼ਾਮ ਲੈ ਕੇ ਰੋਜ਼ ਘਰ ਪਰਤਾਂ,
ਕਦੇ ਤਾਂ ਘਰ ਦੀ ਦੇਹਲੀ ਮੇਰਾ ਰਾਹ ਵੀ ਦੇਖਦੀ ਹੋਵੇ।
ਹਰਿੱਕ ਬੰਦਾ ਹੀ ਸਿਰ 'ਤੇ ਪੈਰ ਰੱਖ ਕੇ ਦੌੜਿਆ ਜਾਂਦਾ,
ਉਹਦੀ ਸੋਨੇ ਦੀ ਲੰਕਾ ਜਿੱਦਾਂ ਕਿਧਰੇ ਜਲ ਰਹੀ ਹੋਵੇ।
ਸਦਾ ਹੀ ਖੁਸ਼ੀਆਂ-ਗ਼ਮੀਆਂ ਨਾਲ ਮੇਰੇ ਖੇਡੀਆਂ ਏਦਾਂ,
ਜਿਵੇਂ ਬਾਲਾਂ ਦੀ ਟੋਲੀ ਲੁਕਣਮੀਚੀ ਖੇਡਦੀ ਹੋਵੇ।
ਐ ਮੇਰੇ ਮਾਲਕਾ! ਤੌਫ਼ੀਕ ਦੇ ਲਫ਼ਜ਼ਾਂ ਨੂੰ ਵਰਤਣ ਦੀ,
ਮੁਕੰਮਲ ਜਦ ਗ਼ਜ਼ਲ ਹੋਵੇ ਉਹ ਸੂਰਤ ਯਾਰ ਦੀ ਹੋਵੇ।
-ਸੁਰਿੰਦਰ ਪ੍ਰੀਤ ਘਣੀਆਂ

.ਗ਼ਜ਼ਲ

ਦੌੜ ਮੇਰੀ ਦਾ ਕੁਝ ਕੁ ਹਿੱਸਾ ਅਜੇ ਵੀ ਬਾਕੀ ਹੈ।
ਦਰਵਾਜ਼ਾ ਹੀ ਤਾਂ, ਬੰਦ ਹੋਇਐ ਖੁੱਲੀ ਤਾਕੀ ਹੈ।
ਵਾਧੇ ਘਾਟੇ ਤੇ ਰੌਲੇ ਰੱਪੇ ਵਾਲੇ ਲੰਘ ਗਏ ਸੀਨ,
ਖੰਭ ਕੁਤਰਾ ਕੇ, ਉੱਡਣ ਵਾਲੀ, ਬਾਕੀ ਝਾਕੀ ਹੈ।
ਮਹਿਫ਼ਿਲ ਤਾਂ ਹੈ ਮੁੱਕ ਚੁੱਕੀ, ਖ਼ਾਲੀ ਪੈਮਾਨੇ ਨੇ,
ਜਾਮ ਪਿਲਾਵਨ ਵਾਲਾ ਵੀ ਨਾ ਬੈਠਾ ਸਾਕੀ ਹੈ।
ਹਰ ਤਰ੍ਹਾਂ ਦੀ ਖੇਡ ਹੈ ਮੁੱਕੀ, ਨਾ ਵੇਖਣ ਵਾਲੇ ਨੇ,
ਇੱਕ ਕੋਨੇ ਵਿੱਚ ਗੇਂਦ ਪਈ ਦੂਜੇ ਵਿੱਚ ਹਾਕੀ ਹੈ।
ਚਿੱਟੇ ਵਸਤਰ, ਚਿੱਟੀ ਚਾਦਰ, ਉਡੀਕ ਰਹੇ ਮੈਨੂੰ,
ਅਲਮਾਰੀ ਵਿੱਚ ਬੰਦ ਪਈ, ਪੱਗ ਹੁਣ ਖਾਕੀ ਹੈ।
ਬਿਨ ਪਾਣੀ ਵੀ ਤਰ ਲੈਂਦਾ ਸੀ ਛੱਪੜ ਜੀਵਨ ਦੇ,
ਤੁਰਨਾ ਵੀ ਹੁਣ ਭੁੱਲ ਗਿਆ ਤੇ ਭੁੱਲੀ ਤੈਰਾਕੀ ਹੈ।
ਜਿਸ ਦੇ ਲਈ ਵੀ ਔਖੇ ਹੋ ਕੇ ਰਾਹ ਸੌਖੇ ਕੀਤੇ ਸੀ,
ਉਹੀ ਹੁਣ ਨੇ ਬਾਗ਼ੀ ਹੋਏ ਉਹੀਓ ਹੁਣ ਆਕੀ ਹੈ।
ਇੰਦਰ ਦੁਨੀਆਂ ਵਿੱਚ ਆ ਕੇ, ਕੀ ਖੱਟਿਆ ਏ ਤੂੰ,
ਰੱਜ ਰੱਜ ਕੇ ਖਾਧਾ ਹੈ ਕਿ ਤੂੰ ਕਦੇ ਕੱਟੀ ਫਾਕੀ ਹੈ।
-ਡਾ. ਇੰਦਰ ਪਾਲ ਸਿੰਘ ਪਟਿਆਲਾ

ਨਜ਼ਮ : ਦਰਵੇਸ਼

ਮੌਲਦੀ ਧਰਤ ਕੁਦਰਿਤ 'ਚ,
ਜੰਮਿਆਂ ਹਾਂ ਮੈਂ ਉਸ ਦੇਸ਼।
ਕੁਦਰਿਤ ਦੇ ਹੱਥ 'ਚ ਏ ਅਜੇ ਵੀ,
ਮਰਨ ਜੰਮਣ ਦੀ ਮਾਨਵੀ ਖੇਡ।
ਕੁਦਰਿਤ ਨੇਮਤ ਦੀ ਲੁੱਟ ਖੋਹ ਲਈ,
ਦੇਸ਼ ਸਵਰਗ ਦਾ ਝਾਕਾ ਦਿੰਦਿਆਂ ਜਿੱਥੇ,
ਰਾਇਆ ਨੂੰ ਖੁਸ਼ਾਮਦੀ ਲਈ ਬਾਦਸ਼ਾਹ,
ਪਹਿਨਾਏ ਹਾਰੇ ਹੋਏ ਮਨੁੱਖ ਦਾ ਵੇਸ਼।
ਹਾਂ, ਮੈਂ ਇੱਕ ਕਵੀ ਤੇ ਨਹੀਂ ਏ,
ਪਹਿਨਿਆ ਯੁੱਗ ਪੁਰਸ਼ ਜਾਂ, ਯੁੱਗ ਕਵੀ ਦਾ ਵੇਸ਼।
ਖੁਸ਼ਾਮਦੀ ਰਾਇਆ ਚ ਬਚਾ ਰੱਖੀ ਏ ਹੋਂਦ,
ਬਾਦਸ਼ਾਹੀ ਆਕਿਆਂ ਦੇ ਥਪੇੜੇ ਸੀ ਚਾਹੁੰਦੇ,
ਚੜ੍ਹ ਜਾਏ ਵਿਲਾਸਤਾ ਦਾ ਖੁਸ਼ਾਮਦੀ ਵੇਸ਼।
ਕਿਰ ਗਏ ਨੇ ਰੇਤ ਦੀ ਕੰਧ ਵਾਂਗੂੰ ਓ ਜੋ,
ਵਹਿੰਦੀ ਗੰਗਾ ਚ ਵਿਲਾਸਤਾ ਦੀ ਲਾ ਚੁੱਭੀ,
ਯੁੱਗ ਪੁਰਸ਼ ਜਾਂ ਯੁੱਗ ਕਵੀ ਦਾ ਪਹਿਨ ਗਏ ਨੇ ਵੇਸ਼।
ਉਤਾਂਹ ਥੁੱਕ ਕੇ ਮੈਲਾ ਅਕਾਸ਼ ਨੂੰ ਕਰਨ ਦੇ ਭਰਮ ਪਾਲਕ ,
ਵਿਚਾਰਕਾਂ ਦਾ ਨਹੀਂ ਏ ਮੇਰਾ ਭੋਰਾ ਪੇਖ਼।
ਬਾਦਸ਼ਾਹ ਦੇ ਦੇਸ਼ ਨੂੰ ਸਵਰਗ ਚ ਬਦਲਣ,
ਝਾਕਾ ਦੇਣ ਦੇ ਇਸ ਤਲਿਸਮ ਵਿਰੋਧੀ,
ਗੁੱਸੇ ਦੀ ਮਸ਼ਾਲ ਨੂੰ ਲੋਕ ਸੰਗਰਾਮ ਚ,
ਮਘਾਉਣ ਦੀ ਥਾਏਂ ਭਰਮ ਪਾਲਕ,
ਚਾੜ੍ਹਨ ਸਮਾਜ ਨੂੰ ਸੋਸ਼ਲ ਮੀਡੀਆ 'ਤੇ,
ਰੱਬ ਦੀ ਰਜ਼ਾ ਦੇ ਵਿਚਾਰਾਂ ਦਾ ਵੇਸ਼।
ਯੁੱਗ ਪੁਰਸ਼ ਜਾਂ ਯੁੱਗ ਕਵੀ ਦਾ ਪਹਿਨਦਾ,
ਵਿਲਾਸਤਾ ਰੰਗ ਚ ਜੇ ਮੈਂ ਵੀ ਵੇਸ਼ ,
ਸਮਾਜ ਦਾ ਨਹੀਂ ਰਹਿ ਸਕਣਾ ਸੀ ਦਰਵੇਸ਼। -ਐਸ. ਪ੍ਰਸ਼ੋਤਮ

ਕਵਿਤਾ

ਅੱਖੀਆਂ ਵਿੱਚ ਸੁਪਨੇ ਤਰਦੇ ਵੇਖੇ ਨੇ,
ਬਣ ਹੰਝੂ ਉਹ ਸੁਪਨੇ ਮਰਦੇ ਵੇਖੇ ਨੇ।
ਜਿੰਨ੍ਹਾਂ ਮੇਹਨਤ ਕੀਤੀ ਸੁਪਨੇ ਬੋਚਨ ਦੀ,
ਉਹ ਦੁਨੀਆਂ ਵਿੱਚ ਉੱਨਤੀ ਕਰਦੇ ਵੇਖੇ ਨੇ।
ਝੂਠ ਦੇ ਪੈਰ ਨਹੀਂ ਹੁੰਦੇ ਇਸ ਧਰਤੀ ਤੇ
ਝੂਠੇ ਲੋਕੀਂ ਸੱਚ ਤੋਂ ਡਰਦੇ ਵੇਖੇ ਨੇ।
ਕੁਝ ਵੀ ਦਾਇਮ ਕਾਇਮ ਨਹੀਂ ਦੁਨੀਆ ਅੰਦਰ
ਪੀਲੇ ਪੱਤੇ ਅਕਸਰ ਝੜਦੇ ਵੇਖੇ ਨੇ।
ਜੱਗ ਵਿਚ ਅਨਮੋਲ ਅਸੀਸਾਂ ਮਾਂ ਬਾਪ ਦੀਆਂ ,
ਬਿਨ ਮਾਪੇ ਬੱਚੇ ਹੋਂਕੇ ਭਰਦੇ ਵੇਖੇ ਨੇ।
ਪੈਸਾ ,ਤਾਕਤ , ਬਦਨੀਤੀ ਦੇ ਚੱਕਰ ਵਿੱਚ,
ਸੱਚੇ ਫਾਂਸੀ ਉੱਤੇ ਚੜ੍ਹਦੇ ਵੇਖੇ ਨੇ।
ਨਾ ਕਰ ਗੁਮਾਨ ਸੁਹੱਪਣ ਪੈਸੇ ਦਾ ਐ ਬੰਦੇ
ਰਾਜੇ ਅਰਸ਼ੋਂ ਫਰਸ਼ ਤੇ ਡਿਗਦੇ ਵੇਖੇ ਨੇ।
ਰੁੱਖਾਂ ਦੀ ਠੰਡੀ ਛਾਂ ਚ ਬੈਠਣ ਵਾਲੇ ਹੀ
ਆਰੀ ਨਾਲ ਓਹੀ ਵੱਢਦੇ ਵੇਖੇ ਨੇ।
ਜਿਨ੍ਹਾਂ ਚ ਪਵਿੱਤਰ ਡੁੱਲ ਤਾਰਨ ਲੋਕੀਂ,
ਓਹਨਾਂ ਚ ਗੰਦੇ ਨਾਲੇ ਵਗਦੇ ਵੇਖੇ ਨੇ।
ਪੂਜਾ ਸਥਾਨਾਂ ਤੇ ਬੈਠ ਕਰਮ ਕਾਂਡੀ,
ਮੰਦੀਆ ਹਰਕਤਾਂ ਕਰਦੇ ਵੇਖੇ ਨੇ।
ਚੁੱਪ ਚਪੀਤੇ ਚੰਗੀ ਨੀਤੇ ਕੰਮ ਕਰਨ
ਓਹੀ ਲੋਕ ਦੁਨੀਆਂ ਚ ਜਿਉਂਦੇ ਵੇਖੇ ਨੇ।

ਪ੍ਰੋਮਿਲਾ ਅਰੋੜਾ,
ਤ੍ਰਿਭਾਸ਼ੀ ਲੇਖਿਕਾ ਅਨੁਵਾਦਕ,
ਕਪੂਰਥਲਾ

ਵਿਚਾਰ



ਅਰਮਾਨ...

ਜ਼ਿੰਦਗੀ ਨੂੰ ਸਮਝਦਿਆਂ, ਸਮੇਟਦਿਆਂ ਅਤੇ ਸਹਿਜਤਾ ਨਾਲ ਜਿਉਣ ਦਾ ਵੱਲ ਸਿੱਖ ਲਿਆ ਤਾਂ ਸਾਰੇ ਅਰਮਾਨ ਸ਼ਰਤੀਆ ਪੂਰੇ ਹੁੰਦੇ ਜਾਣਗੇ॥ ਅਰਮਾਨਾ ਦਾ ਕਤਲ ਕਰਨਾ ਕਮੀਨਗੀ ਭਰਿਆ ਕਾਰਨਾਮਾ ਹੁੰਦੈ। ਅਜਿਹਾ ਕਾਤਲ ਸਦਾ ਦੁਰਕਾਰਿਆ ਜਾਂਦੈ ਅਤੇ ਮਾਨਸਿਕ ਪੀੜਾ 'ਚ ਗ੍ਰਹਿਸਿਆ ਰਹਿੰਦੈ॥ ਆਪਣੇ ਅਰਮਾਨਾ ਦੀ ਪੂਰਤੀ ਲਈ ਦੂਸਰਿਆਂ ਨੂੰ ਠਿੱਬੀ ਲਾਉਣਾ ਅਮਾਨਵੀ ਵਰਤਾਰਾ ਹੁੰਦੈ॥ ਕਰ ਭਲਾ ਤਾਂ ਹੋ ਭਲਾ। ਬੁਰੀ ਨਜ਼ਰ ਵਾਲੇ ਦਾ ਮੂੰਹ ਸਦਾ ਕਾਲਾ ਹੀ ਰਹਿੰਦੈ॥

ਤਰਥੱਲੀ...

ਸਮੱਸਿਆ ਜਦੋਂ ਤੁਹਾਡੇ ਅੰਦਰ ਤਰਥੱਲੀ ਮਚਾਉਣ ਲੱਗ ਪਵੇ ਤਾਂ ਸਮਝੋ ਤੁਸੀਂ ਉਸ ਮੁਸ਼ਕਲ ਦੇ ਹੱਲ ਵੱਲ ਵਧ ਰਹੇ ਹੋ। ਹੌਂਸਲੇ ਨਾਲ ਅੱਗੇ ਵਧੋ॥ ਲਾਈਲਗ ਬਣਕੇ ਜਾਂ ਕਿਸੇ ਦੀ ਸ਼ਹਿ 'ਤੇ ਤਰਥੱਲੀ ਮਚਾਉਣਾ ਮੂਰਖਤਾਈ ਭਰਿਆ ਕਦਮ ਹੁੰਦੈ। ਪਛਤਾਵਾ ਹੀ ਪੱਲੇ ਪਵੇਗਾ,ਬਚੋ॥ ਕੁਦਰਤੀ ਆਫਤ ਦੀ ਤਰਥੱਲੀ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ, ਭਾਣਾ ਮੰਨਣਾ ਹੀ ਪੈਂਦੈ ਰੱਬ ਦੀ ਕੁਦਰਤ ਨੂੰ ਜਿਨਾ ਛੇੜੋਂਗੇ ਉਨਾ ਹੀ ਔਖੇ ਹੋਵੋਂਗੇ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ


ਜਾਬ ਵਿਧਾਨ ਸਭਾ ਚੋਣਾਂ ਵਿੱਚ ਹਰਿਆਣਾ ਸਿੱਖ ਫੋਰਮ ਭਾਜਪਾ ਦੇ ਝੂਠੇ ਵਾਅਦਿਆਂ ਦੀ ਖੋਲ੍ਹੇਗਾ ਪੋਲ-ਬੇਦੀ

• ਫੋਰਮ ਨੇ ਭਾਜਪਾ ਦੇ ਸਿੱਖ ਆਗੂਆਂ ਨੂੰ ਵੀ ਨਿਸ਼ਾਨੇ ਤੇ ਲਿਆ

ਪੈ.ਗਾਮ-ਏ-ਜਗਤ
ਅੰਬਾਲਾ, 11 ਨਵੰਬਰ (ਆਰ.ਸਿੰਘ)

ਹਰਿਆਣਾ ਸਿੱਖ ਫੋਰਮ ਦੇ ਪ੍ਰਧਾਨ ਜਸਦੀਪ ਸਿੰਘ ਬੇਦੀ ਨੇ ਅੱਜ ਏਥੇ ਇਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਭਾਜਪਾ ਵੱਲੋਂ ਅੰਬਾਲਾ ਲੋਕ ਸਭਾ ਹਲਕੇ ਵਿੱਚ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਬਣਾਉਣ ਦਾ ਵਾਅਦਾ ਪੂਰਾ ਨਾ ਕਰਨ ਦਾ ਮੁੱਦਾ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੁੱਦੇ ਨੂੰ ਉਠਾਉਣ ਦਾ ਉਦੇਸ਼ ਭਾਜਪਾ ਦੇ ਅਸਲੀ ਚਿਹਰੇ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ ਹੈ।

ਹਰਿਆਣਾ ਸਿੱਖ ਫੋਰਮ ਦੇ ਪ੍ਰਧਾਨ ਬੇਦੀ ਨੇ ਕਿਹਾ ਕਿ 12 ਫਰਵਰੀ, 2017 ਨੂੰ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਨੇ ਅੰਬਾਲਾ ਲੋਕ ਸਭਾ ਹਲਕੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਇੱਕ ਯੂਨੀਵਰਸਿਟੀ ਬਣਾਉਣ ਦਾ ਐਲਾਨ ਕੀਤਾ ਸੀ ਪਰ ਇਹ ਪ੍ਰੋਜੈਕਟ ਅਜੇ ਤੱਕ ਪੂਰਾ ਨਹੀਂ ਹੋਇਆ ਹੈ। ਬੇਦੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਜਨਮ ਦਿਵਸ ਨੂੰ ਮਨਾਉਣ ਲਈ 12 ਫਰਵਰੀ, 2017 ਨੂੰ ਕਰਨਾਲ ਵਿੱਚ ਇੱਕ ਰਾਜ ਪੱਧਰੀ ਧਾਰਮਿਕ ਇਕੱਠ ਦਾ ਆਯੋਜਨ ਕੀਤਾ ਸੀ। ਇਸ ਇਕੱਠ ਵਿੱਚ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਨੇ ਅੰਬਾਲਾ, ਪੰਚਕੂਲਾ ਜਾਂ ਯਮੁਨਾਨਗਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਇੱਕ ਯੂਨੀਵਰਸਿਟੀ ਸਥਾਪਤ ਕਰਨ ਦਾ ਐਲਾਨ ਕੀਤਾ ਸੀ।



ਬੇਦੀ ਨੇ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਦੇ ਐਲਾਨ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਆਪਣੇ 2014 ਦੇ ਚੋਣ ਮੈਨੀਫੈਸਟੋ ਵਿੱਚ ਅੰਬਾਲਾ ਜਾਂ ਪੰਚਕੂਲਾ ਵਿੱਚ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਸਥਾਪਤ ਕਰਨ ਦਾ ਵਾਅਦਾ ਕੀਤਾ ਸੀ। 2014 ਵਿੱਚ ਹਰਿਆਣਾ ਵਿੱਚ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਹਰਿਆਣਾ ਦੇ ਸਿੱਖ ਸੰਗਠਨਾਂ ਨੇ ਸਰਕਾਰ 'ਤੇ ਆਪਣਾ ਵਾਅਦਾ ਪੂਰਾ ਕਰਨ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਮੁੱਖ ਮੰਤਰੀ ਮਨੋਹਰ ਲਾਲ ਨੇ ਇਸ ਦਾ ਐਲਾਨ ਕੀਤਾ ਪਰ ਵਾਅਦਾ ਅਧੂਰਾ ਹੀ ਰਿਹਾ।

ਜਸਦੀਪ ਸਿੰਘ ਬੇਦੀ ਨੇ ਕਿਹਾ ਕਿ ਅਗਲੇ ਸਾਲ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਿਯਮਿਤ ਤੌਰ 'ਤੇ ਪੰਜਾਬ ਦਾ ਦੌਰਾ ਕਰ ਰਹੇ ਹਨ ਅਤੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਰਹੇ ਹਨ। ਭਾਜਪਾ ਨਾਲ ਜੁੜੇ ਕਈ ਸਿੱਖ ਆਗੂ ਮੀਡੀਆ ਵਿੱਚ ਭਾਜਪਾ ਨੂੰ ਸਿੱਖ ਹਿਤੈਸ਼ੀ ਦਰਸਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਜੇ ਇਨ੍ਹਾਂ ਸਾਰਿਆਂ ਨੇ ਹਰਿਆਣਾ ਦੀ ਭਾਜਪਾ ਸਰਕਾਰ 'ਤੇ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਸਥਾਪਤ ਕਰਨ ਦੇ ਐਲਾਨ ਨੂੰ ਜਲਦੀ ਪੂਰਾ ਕਰਨ ਲਈ ਦਬਾਅ ਪਾਇਆ ਹੁੰਦਾ ਤਾਂ ਅਜਿਹਾ ਕਰਕੇ ਉਨ੍ਹਾਂ ਨੂੰ ਸਿੱਖ ਭਾਈਚਾਰੇ ਵਿੱਚ ਪੂਰਾ ਸਤਿਕਾਰ ਮਿਲਦਾ ਅਤੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਲਾਭ ਮਿਲਣ ਦੀਆਂ ਸੰਭਾਵਨਾਵਾਂ ਕਈ ਗੁਣਾ ਵੱਧ ਜਾਂਦੀਆਂ।

ਪਾਠਕ ਤੋਂ ਦੂਰ ਹੁੰਦੀ ਕਵਿਤਾ

ਪਤਾ ਨਹੀਂ ਕਿਉਂ,
ਲੋੜ ਤੋਂ ਵੱਧ ਆਧੁਨਿਕ ਹੋਈ ਕਵਿਤਾ
ਮੈਨੂੰ ਸਮਝ ਨਹੀਂ ਆਉਂਦੀ
ਜਿੱਥੇ ਸ਼ਬਦਾਂ ਨਾਲੋਂ
ਸ਼ਬਦਾਂ ਦੀਆਂ ਗੁੰਝਲਾਂ ਵੱਧ ਹੋਣ,
ਜਿੱਥੇ ਅਹਿਸਾਸ ਨਾਲੋਂ
ਪ੍ਰਯੋਗ ਦਾ ਬੋਝ ਭਾਰੂ ਹੋਵੇ,
ਉੱਥੇ ਮੈਂ ਅਕਸਰ
ਅਰਥਾਂ ਦੀ ਤਲਾਸ਼ ਵਿੱਚ
ਖ਼ੁਦ ਨੂੰ ਹੀ ਗੁਆ ਬੈਠਦਾ ਹਾਂ
ਮੈਨੂੰ ਤਾਂ ਉਹ ਕਵਿਤਾ ਚੰਗੀ ਲੱਗਦੀ
ਜੋ ਦਿਲ ਦੇ ਦਰਵਾਜ਼ੇ ਖੜਕਾਵੇ,
ਜੋ ਬਿਨਾਂ ਕਿਸੇ ਸ਼ਬਦਕੋਸ਼ ਦੇ
ਰੂਹ ਤੱਕ ਪਹੁੰਚ ਜਾਵੇ
ਜੋ ਪੜ੍ਹਨ ਤੋਂ ਬਾਅਦ
ਸਮਝਣ ਲਈ ਨਹੀਂ,
ਮਹਿਸੂਸ ਕਰਨ ਲਈ
ਮਜਬੂਰ ਕਰ ਦੇਵੇ
ਮੈਂ ਨਵੇਂ ਪ੍ਰਯੋਗਾਂ ਦੇ ਵਿਰੁੱਧ ਨਹੀਂ,
ਨਾ ਹੀ ਸਮੇਂ ਤੋਂ ਪਿੱਛੇ ਮੁੜਨਾ ਚਾਹੁੰਦਾ ਹਾਂ,
ਪਰ ਕਵਿਤਾ ...
ਇੰਨੀ ਵੀ ਆਧੁਨਿਕ ਨਾ ਹੋ ਜਾਵੇ
ਕਿ ਪਾਠਕ ਦੀ ਸਮਝ ਵਿੱਚ ਵੀ ਨਾ ਆਵੇ
-ਆਸ਼ੂ ਕੁਮਰਾ

ਘੱਟਦੀ ਸਹਿਣਸ਼ੀਲਤਾ ਤੇ ਵਧਦਾ ਗੁੱਸਾ

ਲੇਖਕ: ਜੀਵਨ ਕੁਮਾਰ 'ਜੀਵਨ'

ਮਨੁੱਖ ਕਾਦਰ ਦੀ ਕੁਦਰਤ ਦੀ ਬਣਾਈ ਸਰਵੋਤਮ ਰਚਨਾ ਹੈ। ਆਪਣੀ ਬੁੱਧੀ ਸਦਕਾ ਉਸ ਨੇ ਧਰਤੀ 'ਤੇ ਆਪਣੀ ਹੋਂਦ ਨੂੰ ਨਾ ਸਿਰਫ਼ ਬਚਾਇਆ ਹੈ, ਸਗੋਂ ਉਸ ਨੂੰ ਤਰੱਕੀ ਦੀਆਂ ਨਵੀਆਂ ਸਿਖਰਾਂ ਤੱਕ ਵੀ ਪਹੁੰਚਾਇਆ ਹੈ। ਵਿਕਾਸ ਦੇ ਜਿਸ ਮੁਕਾਮ 'ਤੇ ਅੱਜ ਮਨੁੱਖ ਖੜ੍ਹਾ ਹੈ, ਉਹ ਆਪਣੇ ਆਪ ਵਿੱਚ ਕਿਸੇ ਜਾਦੂ ਤੋਂ ਘੱਟ ਨਹੀਂ। ਇਸ ਦੇ ਨਾਲ ਹੀ ਮਨੁੱਖ ਭਾਵਨਾਵਾਂ ਦਾ ਵੀ ਇੱਕ ਪਿਟਾਰਾ ਹੈ। ਪਰ ਅੱਜ ਮਨੁੱਖ ਦੀਆਂ ਭਾਵਨਾਵਾਂ ਵਿੱਚ ਆ ਰਹੀ ਤਬਦੀਲੀ ਅਤੇ ਉਸ ਦੀ ਘਟਦੀ ਸਹਿਣਸ਼ੀਲਤਾ ਦਾ ਇਸ਼ਾਰਾ ਪਿਛਲੇ ਦਿਨਾਂ ਵਿੱਚ ਵਾਪਰੀਆਂ ਕੁਝ ਘਟਨਾਵਾਂ ਤੋਂ ਸਾਫ਼ ਮਿਲਦਾ ਹੈ। ਛੋਟੀਆਂ-ਛੋਟੀਆਂ ਗੱਲਾਂ 'ਤੇ ਮਨੁੱਖ ਦਾ ਆਪੇ ਤੋਂ ਬਾਹਰ ਹੋ ਜਾਣਾ ਦੱਸਦਾ ਹੈ ਕਿ ਉਸ ਅੰਦਰ ਸਹਿਣਸ਼ੀਲਤਾ ਦਿਨੋ-ਦਿਨ ਘਟਦੀ ਜਾ ਰਹੀ ਹੈ।



ਹਰਿਆਣਾ ਦੇ ਫਰੀਦਾਬਾਦ ਵਿੱਚ ਪਾਰਕਿੰਗ ਦੇ ਵਿਵਾਦ ਨੂੰ ਲੈ ਕੇ ਇੱਕ ਵਿਅਕਤੀ ਵੱਲੋਂ ਆਪਣੇ ਗੁਆਂਢ ਵਿੱਚ ਰਹਿੰਦੇ ਪਰਿਵਾਰ ਦੇ ਇੱਕ ਰਿਸ਼ਤੇਦਾਰ 'ਤੇ 15-16 ਰਾਊਂਡ ਫਾਇਰ ਕੀਤੇ ਗਏ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸੇ ਤਰ੍ਹਾਂ ਲਖਨਊ ਵਿੱਚ ਵੀ ਦਰੱਖਤ ਹੇਠਾਂ ਪਾਰਕਿੰਗ ਨੂੰ ਲੈ ਕੇ ਹੋਏ ਵਿਵਾਦ ਦੌਰਾਨ ਇੱਕ ਵਿਅਕਤੀ ਵੱਲੋਂ ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਅਜਿਹੇ ਵਿਵਾਦ ਹੁਣ ਸਿਰਫ਼ ਵੱਡੇ ਸ਼ਹਿਰਾਂ ਤੱਕ ਹੀ ਸੀਮਤ ਨਹੀਂ ਰਹੇ, ਸਗੋਂ ਛੋਟੇ ਕਸਬਿਆਂ ਅਤੇ ਪਿੰਡਾਂ ਤੱਕ ਵੀ ਪਹੁੰਚ ਗਏ ਹਨ। ਮਨੁੱਖਤਾ ਦਾ ਸਭ ਤੋਂ ਵੱਡਾ ਦੁਸ਼ਮਣ ਅੱਜ ਮਨੁੱਖ ਦਾ ਆਪਣਾ ਗੁੱਸਾ ਬਣਦਾ ਜਾ ਰਿਹਾ ਹੈ।

ਅਜਿਹੇ ਸਮੇਂ ਵਿੱਚ ਮਹਾਤਮਾ ਗਾਂਧੀ ਜੀ ਦੀਆਂ ਸਿੱਖਿਆਵਾਂ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹਨ। ਉਨ੍ਹਾਂ ਦਾ ਕਥਨ ਸੀ ਕਿ ਅੱਖ ਬਦਲੇ ਅੱਖ ਦੀ ਨੀਤੀ ਇੱਕ ਦਿਨ ਪੂਰੇ ਸੰਸਾਰ ਨੂੰ ਅੰਨ੍ਹਾ ਕਰ ਦੇਵੇਗੀ। ਇਸੇ ਤਰ੍ਹਾਂ ਦੱਖਣੀ ਅਫ਼ਰੀਕਾ ਦੇ ਉੱਘੇ ਨੇਤਾ ਨੈਲਸਨ ਮੰਡੇਲਾ ਨੇ ਆਪਣੇ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਕਾਰਨ ਲੰਮਾ ਸਮਾਂ ਜੇਲ੍ਹ ਵਿੱਚ ਬਿਤਾਇਆ। ਜਦੋਂ ਉਹ ਜੇਲ੍ਹ ਤੋਂ ਰਿਹਾਅ ਹੋ ਕੇ ਦੇਸ਼ ਦੇ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚੇ ਤਾਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਹੁਣ ਆਪਣੇ ਵਿਰੋਧੀਆਂ ਨਾਲ ਕੀ ਸਲੂਕ ਕਰਨਗੇ? ਉਨ੍ਹਾਂ ਦਾ ਜਵਾਬ ਸੀ ਕਿ ਉਨ੍ਹਾਂ ਨੇ ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਆਪਣੇ ਵਿਰੋਧੀਆਂ ਨੂੰ ਦਿਲੋਂ ਮੁਆਫ਼ ਕਰ ਦਿੱਤਾ ਸੀ।

ਅੱਜ ਦੇ ਮਨੁੱਖ ਨੂੰ ਵੀ ਇਨ੍ਹਾਂ ਉਦਾਹਰਨਾਂ ਤੋਂ ਸਿੱਖਿਆ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਇੱਕ ਪਲ ਦਾ ਗੁੱਸਾ ਤੁਹਾਡੀ ਅਨਮੋਲ ਜ਼ਿੰਦਗੀ ਨੂੰ ਹਮੇਸ਼ਾ ਲਈ ਬਰਬਾਦ ਕਰ ਸਕਦਾ ਹੈ ਅਤੇ ਤੁਹਾਡੇ ਆਪਣੇ ਜੀਵਨ ਨੂੰ ਨਰਕ ਬਣਾ ਸਕਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ ਜੇਲ੍ਹਾਂ ਵਿੱਚ ਪਛਤਾਵਾ ਕਰ ਰਹੇ ਉਹ ਕੈਦੀ ਹਨ, ਜਿਨ੍ਹਾਂ ਦੇ ਇੱਕ ਪਲ ਦੇ ਗੁੱਸੇ ਨੇ ਨਾ ਸਿਰਫ਼ ਉਨ੍ਹਾਂ ਦੀ ਆਪਣੀ ਜ਼ਿੰਦਗੀ ਤਬਾਹ ਕੀਤੀ, ਸਗੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਉਜਾੜ ਕੇ ਰੱਖ ਦਿੱਤਾ।



ਜੀਵਨ ਕੁਮਾਰ 'ਜੀਵਨ'

ਅੱਜ ਪਰਿਵਾਰਾਂ ਵਿੱਚ ਵੀ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ। ਤਲਾਕ ਅਤੇ ਆਤਮਹੱਤਿਆ ਦੇ ਵਧਦੇ ਮਾਮਲਿਆਂ ਪਿੱਛੇ ਵੀ ਕਈ ਵਾਰ ਆਪੇ ਤੋਂ ਬਾਹਰ ਹੋਣਾ, ਗੁੱਸਾ ਅਤੇ ਆਪਸੀ ਸਮਝ ਦੀ ਘਾਟ ਅਹਿਮ ਕਾਰਨ ਬਣਦੇ ਹਨ। ਮਾਤਾ-ਪਿਤਾ ਅਤੇ ਅਧਿਆਪਕ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ, ਪਰ ਅੱਜ ਦੀ ਨਵੀਂ ਪੀੜ੍ਹੀ ਕਈ ਵਾਰ ਉਨ੍ਹਾਂ ਦੀ ਜਾਇਜ਼ ਸਖ਼ਤੀ ਅਤੇ ਅਨੁਸ਼ਾਸਨ ਨੂੰ ਵੀ ਸਹਿਣ ਨਹੀਂ ਕਰ ਪਾਉਂਦੀ। ਇਸ ਸਬੰਧੀ ਆਈਆਈਟੀ ਬੰਬੇ ਨਾਲ ਜੁੜੀ ਇੱਕ ਘਟਨਾ ਵੀ ਚਰਚਾ ਵਿੱਚ ਰਹੀ, ਜਿਸ ਵਿੱਚ ਇੱਕ ਵਿਦਿਆਰਥੀ ਨੂੰ ਨਕਲ ਕਰਨ ਤੋਂ ਰੋਕਣ ਦੇ ਮਾਮਲੇ ਤੋਂ ਬਾਅਦ ਆਤਮਹੱਤਿਆ ਦੀ ਘਟਨਾ ਵਾਪਰੀ ਅਤੇ ਇਸ ਦੇ ਸਿੱਟੇ ਵਜੋਂ ਸੰਸਥਾ ਦੇ ਇੱਕ ਡੀਨ ਨੂੰ ਆਪਣਾ ਅਹੁਦਾ ਛੱਡਣਾ ਪਿਆ। ਅਧਿਆਪਕ ਹੋਣ ਦੇ ਨਾਤੇ ਲੇਖਕ ਨੂੰ ਵੀ ਕਈ ਵਾਰ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਜਦੋਂ ਵੀ ਵਿਦਿਆਰਥੀਆਂ ਦੀ ਅਨੁਸ਼ਾਸਨਹੀਣਤਾ ਨੂੰ ਰੋਕਣ ਜਾਂ ਉਨ੍ਹਾਂ ਦੇ ਸੁਧਾਰ ਲਈ ਕੁਝ ਸਖ਼ਤੀ ਵਰਤੀ ਜਾਂਦੀ ਹੈ ਤਾਂ ਕਈ ਵਾਰ ਉਹ ਇਸ ਨੂੰ ਆਪਣੀ ਇੱਜ਼ਤ ਨਾਲ ਜੋੜ ਲੈਂਦੇ ਹਨ ਅਤੇ ਅਜਿਹੇ ਹਾਲਾਤ ਪੈਦਾ ਕਰ ਦਿੰਦੇ ਹਨ ਕਿ ਸਕੂਲ ਪ੍ਰਸ਼ਾਸਨ ਵੀ ਦੁਚਿੱਤੀ ਵਿੱਚ ਪੈ ਜਾਂਦਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਆਭਾਸੀ ਦੁਨੀਆ, ਇੰਟਰਨੈੱਟ, ਮੋਬਾਈਲ ਅਤੇ ਡਿਜੀਟਲ ਮੀਡੀਆ ਦਾ ਪ੍ਰਭਾਵ ਮਨੁੱਖ 'ਤੇ ਇੰਨਾ ਵਧ ਗਿਆ ਹੈ ਕਿ ਉਹ ਇੱਕ ਬੇਕਾਬੂ ਘੋੜੇ ਵਾਂਗ ਹਰ ਕਿਸੇ ਨੂੰ ਕੁਚਲ ਕੇ ਅੱਗੇ ਵਧਣਾ ਚਾਹੁੰਦਾ ਹੈ। ਪਰ ਅਜਿਹੀ ਸੋਚ ਇੱਕ ਦਿਨ ਮਨੁੱਖ ਨੂੰ ਹੀ ਇਸ ਧਰਤੀ ਤੋਂ ਖ਼ਤਮ ਕਰਨ ਦਾ ਕਾਰਨ ਬਣ ਸਕਦੀ ਹੈ। ਫਿਰ ਉਸ ਵੱਲੋਂ ਕੀਤੀ ਗਈ ਤਰੱਕੀ ਕਿਸ ਕੰਮ ਆਵੇਗੀ?

ਸੋ, ਅੱਜ ਲੋੜ ਹੈ ਕਿ ਮਨੁੱਖ ਆਪਣੇ ਗੁੱਸੇ 'ਤੇ ਕਾਬੂ ਪਾਉਣ ਲਈ ਸਾਹਿਤ ਅਤੇ ਸ਼ਬਦ-ਗੁਰੂ ਨਾਲ ਆਪਣਾ ਰਿਸ਼ਤਾ ਜੋੜੇ। ਕੁਦਰਤ ਨਾਲ ਇੱਕਮਿਕ ਹੋ ਕੇ ਉਸ ਦੀ ਖ਼ੂਬਸੂਰਤੀ ਦਾ ਆਨੰਦ ਮਾਣੇ। 'ਜੀਓ ਅਤੇ ਜਿਊਣ ਦਿਓ' ਦੇ ਸਿਧਾਂਤ ਨੂੰ ਅਪਨਾਏ ਅਤੇ 'ਮਨ ਨੀਵਾਂ, ਮਤ ਉੱਚੀ' ਰੱਖ ਕੇ ਜੀਵਨ ਬਤੀਤ ਕਰੇ। ਅਜਿਹਾ ਕਰਕੇ ਹੀ ਉਹ ਆਪਣਾ ਅਤੇ ਸਮੁੱਚੀ ਮਨੁੱਖਤਾ ਦਾ ਭਲਾ ਕਰ ਸਕਦਾ ਹੈ। ਨਹੀਂ ਤਾਂ ਗੁੱਸੇ ਦੀ ਤਬਾਹੀ ਦਾ ਮੰਜ਼ਰ ਤਾਂ ਅਸੀਂ ਰੋਜ਼ਾਨਾ ਅਖ਼ਬਾਰਾਂ ਅਤੇ ਖ਼ਬਰਾਂ ਵਿੱਚ ਦੇਖ ਹੀ ਰਹੇ ਹਾਂ।

ਇਸ ਲਈ ਆਪਣੇ ਮਨ ਨੂੰ ਸ਼ਾਂਤ ਰੱਖੋ, ਹੱਸੋ-ਖੇਡੋ ਅਤੇ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਸਮਾਂ ਬਿਤਾਓ। ਦੂਜਿਆਂ ਦੀਆਂ ਗੱਲਾਂ ਨੂੰ ਸਹਿਣ ਅਤੇ ਸਮਝਣ ਦੀ ਆਦਤ ਪਾਓ। ਸਹਿਣਸ਼ੀਲਤਾ ਆਪਣੇ ਆਪ ਜੀਵਨ ਦਾ ਹਿੱਸਾ ਬਣ ਜਾਵੇਗੀ।

ਗੁੱਸਾ ਛੱਡੋ, ਹੱਸ ਕੇ ਜੀਓ !

ਧਰਤੀ ਮਾਂ, ਕੁਦਰਤ ਨੂੰ ਸਾੜਣ ਦੀ ਥਾਂ ਸਿਹਤਮੰਦ, ਸਵੱਛ, ਸੁਰੱਖਿਅਤ, ਖ਼ੁਸ਼ਹਾਲ ਬਣਾਉਣ ਲਈ ਯਤਨ ਕਰੀਏ : ਪ੍ਰਿੰਸੀਪਲ ਮੰਜੂ ਗਰਗ

ਪਟਿਆਲਾ, 11 ਨਵੰਬਰ (ਪੈ.ਗਾਮ-ਏ-ਜਗਤ)

ਸਾਰਿਆਂ ਨੂੰ ਜਨਮ ਦੇਣ ਵਾਲੇ ਮਾਤਾ ਪਿਤਾ ਸਹਾਰਾ ਦਿੰਦੇ, ਧਰਤੀ ਮਾਂ, ਕੁਦਰਤ ਅਤੇ ਵਾਤਾਵਰਨ ਸਾਨੂੰ ਭੋਜਨ ਪਾਣੀ ਹਵਾਵਾਂ ਦੇਣ ਵਾਲੇ ਪਾਲਣਹਾਰ ਹਨ, ਇਸ ਲਈ ਇਨ੍ਹਾਂ ਨੂੰ ਬਾਰੂਦ, ਅੱਗਾਂ, ਰਸਾਇਣਕ, ਕੈਮੀਕਲ ਪਦਾਰਥਾਂ ਨਾਲ ਸਾੜਣ ਦੀ ਥਾਂ ਇਨ੍ਹਾਂ ਦੀ ਸੁਰੱਖਿਆ, ਸ਼ਿੰਗਾਰ, ਸਵੱਛਤਾ, ਸੁੰਦਰਤਾ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਪ੍ਰਦੂਸ਼ਣ ਤਪਸ਼ ਘਟਾਉਣ ਲਈ ਯਤਨ ਕਰਨੇ ਚਾਹੀਦੇ ਹਨ, ਇਹ ਭਾਵਨਾਵਾਂ, ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਵਲੋਂ ਆਪਣੇ ਵਿਦਿਆਰਥੀਆਂ ਦੇ ਜਨਮ ਦਿਹਾੜੇ ਮੌਕੇ ਉਨ੍ਹਾਂ ਤੋਂ ਫ਼ਲਦਾਰ, ਫੁੱਲਦਾਰ ਪੌਦੇ ਲਗਾਉਂਦੇ ਹੋਏ ਉਤਸ਼ਾਹਿਤ ਕਰਦਿਆਂ ਪ੍ਰਗਟ ਕੀਤੇ।



ਉਨ੍ਹਾਂ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਚੰਗੇਰੀ ਸਿੱਖਿਆ ਦੇ ਨਾਲ ਸਿਹਤ, ਤੰਦਰੁਸਤੀ, ਅਰੋਗਤਾ, ਸੁਰੱਖਿਆ, ਖ਼ੁਸ਼ਹਾਲੀ, ਸੰਸਕਾਰਾਂ, ਮਰਿਆਦਾਵਾਂ, ਫਰਜ਼ਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ। ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਮੈਂਬਰਾਂ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਸ਼ੁਧ, ਸਵੱਛ ਭੋਜਨ, ਪਾਣੀ, ਹਵਾਵਾਂ, ਆਕਸੀਜਨ, ਭਾਵਨਾਵਾਂ ਅਤੇ ਆਦਤਾਂ ਸਾਡੀ ਤੰਦਰੁਸਤੀ, ਅਰੋਗਤਾ ਭਾਈਚਾਰੇ ਨੂੰ ਵਧਾਉਂਦੇ ਹਨ। ਧਰਤੀ ਮਾਂ, ਕੁਦਰਤ, ਮਾਪਿਆਂ ਦੀ ਖ਼ੁਸ਼ੀਆਂ, ਖ਼ੁਸ਼ਹਾਲੀ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣ। ਉਨ੍ਹਾਂ ਨੇ ਕੈਂਸਰ, ਦਿਲ, ਲੀਵਰ ਦੀਆਂ ਬਿਮਾਰੀਆਂ ਤੋਂ ਬਚਣ ਲਈ ਫਾਸਟ ਫੂਡ, ਜੰਕ ਫੂਡ, ਕੋਲਡ ਡਰਿੰਕ, ਰਸਾਇਣਕ ਪਦਾਰਥਾਂ, ਨਸ਼ਿਆਂ ਤੋਂ ਬਚਣ ਅਤੇ ਜੜੀਆਂ, ਬੂਟੀਆ, ਪੱਤਿਆਂ, ਫਲਾਂ, ਸਬਜ਼ੀਆਂ ਦਾਲਾਂ ਸੰਤੁਲਿਤ ਭੋਜਨ ਦੀ ਮਹੱਤਤਾ ਦੱਸੀ। ਪ੍ਰਿੰਸੀਪਲ ਮੈਡਮ ਨੇ ਬੱਚਿਆਂ ਨੂੰ ਇਮਾਨਦਾਰੀ, ਵਫ਼ਾਦਾਰੀ, ਸਹਿਣਸ਼ੀਲਤਾ, ਨਿਮਰਤਾ, ਸਬਰ ਸ਼ਾਂਤੀ, ਆਗਿਆ ਪਾਲਣ ਅਤੇ ਅਨੁਸ਼ਾਸਨ ਅਨੁਸਾਰ ਜ਼ਿੰਦਗੀ ਬਤੀਤ ਕਰਨ ਦੇ ਲਾਭ ਦੱਸੇ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਉੱਤੇ ਸੰਗਤ 'ਚ ਕੀਰਤਨ ਕਰਨ ਤੋਂ ਇੱਕ ਮਹੀਨੇ ਲਈ ਰੋਕ

ਪੈ.ਗਾਮ-ਏ-ਜਗਤ
ਅੰਬਾਲਾ, 11 ਨਵੰਬਰ (ਆਰ ਸਿੰਘ)

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਦੇ ਕੀਰਤਨੀ ਜਥਿਆਂ ਉੱਤੇ ਸੰਗਤ ਵਿੱਚ ਕੀਰਤਨ ਕਰਨ ਤੋਂ ਮਿਤੀ 13 ਨਵੰਬਰ 2026 ਤੋਂ ਲੈ ਕੇ 12 ਦਸੰਬਰ 2026 ਤੱਕ ਇੱਕ ਮਹੀਨੇ ਦੀ ਰੋਕ ਲਗਾਈ ਗਈ ਹੈ। ਇਹ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਬੀਤੇ ਦਿਨਾਂ ਤੋਂ ਦੋਵਾਂ ਜਥਿਆਂ ਵਿਚਕਾਰ ਚੱਲ ਰਹੇ ਆਪਸੀ ਵਿਵਾਦ ਅਤੇ ਸੰਗਤ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਗਾਤਾਰ ਪੁੱਜ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਕੀਤੀ ਗਈ ਹੈ।

ਇਸ ਮਾਮਲੇ ਸਬੰਧੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸਿੱਖ ਰਹਿਤ ਮਰਯਾਦਾ, ਸੰਗਤ ਵਿਚ ਵਿਚਰਨ ਅਤੇ ਗੁਰਮਤਿ ਸੰਗੀਤ ਦੀ ਸੋਝੀ ਪ੍ਰਾਪਤ ਕਰਨ ਲਈ ਭਾਈ ਜਗਜੀਤ ਸਿੰਘ

- **ਦੋਵਾਂ ਨੂੰ ਸਿੱਖ ਮਿਸ਼ਨਰੀ ਕਾਲਜ ਤੇ ਗੁਰਮਤਿ ਸੰਗੀਤ ਅਕੈਡਮੀ ਤੋਂ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਇੱਕ ਮਹੀਨੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦੇ ਆਦੇਸ਼**





ਬਬੀਹਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਮਹੀਨੇ ਲਈ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਮਨ ਵਿਚ ਨਿਮਰਤਾ ਲਿਆਉਣ ਲਈ ਲੰਗਰ ਹਾਲ ਵਿਚ ਸਵੇਰੇ-ਸ਼ਾਮ ਸੇਵਾ ਕਰਨ ਉਪਰੰਤ ਇੱਕ ਮਹੀਨੇ ਬਾਅਦ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਬੰਧਤ ਸੰਸਥਾਵਾਂ ਤੋਂ ਪ੍ਰਮਾਣ ਪੱਤਰ ਲੈ ਕੇ ਨਿਜੀ ਰੂਪ ਵਿਚ ਪੇਸ਼ ਹੋਣਗੇ। ਸਕੱਤਰੇਤ ਵੱਲੋਂ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਗੁਰਬਾਣੀ ਕੀਰਤਨ ਗੁਰ ਪਾਤਸ਼ਾਹ ਵੱਲੋਂ ਬਖ਼ਸ਼ੀ ਦਾਤ ਅਤੇ ਰੂਹ ਦੀ ਖੁਰਾਕ ਹੈ। ਗੁਰਬਾਣੀ ਕੀਰਤਨ ਕਰਨ ਵਾਲੇ ਇਨਸਾਨ ਵਿਚ ਗੁਰੂ ਦੀ ਭੈਅ ਭਾਵਨੀ, ਨਿਮਰਤਾ, ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਅਤੇ ਗੁਰਬਾਣੀ ਸੰਗੀਤ ਪ੍ਰਣਾਲੀ ਦਾ ਗਿਆਨ ਹੋਣਾ ਜ਼ਰੂਰੀ ਹੈ। ਪਿਛਲੇ ਕੁਝ ਸਮੇਂ ਤੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਵੱਲੋਂ ਜਿਥੇ ਗੁਰਬਾਣੀ ਕੀਰਤਨ ਦੀ ਮਰਯਾਦਾ ਦੀ ਉਲੰਘਣਾ ਕੀਤੀ ਗਈ ਹੈ, ਉੱਥੇ ਹੀ ਇੱਕ ਦੂਜੇ ਵਿਰੁੱਧ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਸੋਸ਼ਲ ਮੀਡੀਆ ਰਾਹੀਂ ਹਲਕੇ ਪੱਧਰ ਦੀ ਦੂਸ਼ਣਬਾਜ਼ੀ ਵੀ ਕੀਤੀ ਜਾ ਰਹੀ ਹੈ। ਕਿਹਾ ਗਿਆ ਕਿ ਇਸ ਨਾਲ ਪੁਰਾਤਨ ਕੀਰਤਨੀਏ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ।

ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਜੀ ਵਿਖੇ ਦੀਵਾਲੀ, ਸੋਮਤੀ ਮੱਸਿਆ ਅਤੇ ਗਵਰਧਨ ਪੂਜਾ, ਅਨਕੁੱਟ ਸ਼ਰਧਾ ਪੂਰਵਕ ਮਨਾਇਆ ਗਿਆ : ਸਤਨਾਮ ਹਸੀਜਾ

ਚੰਡੀਗੜ੍ਹ, (ਪੈ.ਗਾਮ-ਏ-ਜਗਤ)

ਦੀਵਾਲੀ ਮੌਕੇ ਹਸੀਜਾ ਪਰਿਵਾਰ ਮੰਦਿਰ ਸ੍ਰੀ ਕੇਦਾਰ ਨਾਥ ਜੀ ਵਿਖੇ ਨਤਮਸਤਕ ਹੋਏ ਅਤੇ ਲੱਡੂਆਂ ਦਾ ਪ੍ਰਸ਼ਾਦ ਪੰਡਿਤ ਜੀ ਵਲੋਂ ਲਗਵਾ ਕੇ ਸੰਗਤਾਂ ਵਿੱਚ ਅਤੁੱਟ ਵੰਡਿਆ ਗਿਆ। ਸੁਧਾਰ ਸਭਾ ਦੇ ਸਾਰੇ ਮੈਂਬਰ ਅਤੇ ਹਸੀਜਾ ਪਰਿਵਾਰ ਨੇ ਵਿਸ਼ਾਲ ਸ਼ਿਵ ਮੂਰਤੀ ਕੋਲ ਦੀਪਮਾਲਾ ਅਤੇ ਮੰਦਿਰ ਦੇ ਆਸੇ ਪਾਸੇ ਦੀਪਮਾਲਾ ਕੀਤੀ। ਸੋਮਤੀ ਮੱਸਿਆ ਨੂੰ ਪਿੱਤਰਾਂ ਦੀ ਯਾਦ ਵਿੱਚ ਖੀਰ ਪੂੜੇ ਦਾ ਵਿਸ਼ਾਲ ਸ਼ਿਵ ਜੀ ਦੀ ਮੂਰਤੀ ਕੋਲ ਮੰਦਿਰ ਵਿੱਚ ਪ੍ਰਸ਼ਾਦ ਲਗਵਾ ਕੇ ਅਤੁੱਟ ਵਰਤਾਇਆ ਗਿਆ। ਗਵਰਧਨ ਪੂਜਾ ਮੌਕੇ ਕੜੀ ਚਾਵਲ ਬਣਾਉਣ ਦੀ ਸੇਵਾ ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ ਅਤੇ ਬਿੱਲਾ ਹਲਵਾਈ ਅਤੇ ਸੁਧਾਰ ਸਭਾ ਦੇ ਮੈਂਬਰਾਂ ਵੱਲੋਂ ਕੀਤੀ ਗਈ। ਗਵਰਧਨ ਪੂਜਾ ਮੌਕੇ ਕੜੀ ਚਾਵਲ ਅਤੇ ਹਲਵੇ ਦਾ ਪ੍ਰਸ਼ਾਦ ਲਗਵਾ ਕੇ ਸੰਗਤਾਂ ਵਿੱਚ ਅਤੁੱਟ ਵੰਡਿਆ ਗਿਆ। ਦਿਨ ਪਾ ਦਿਨ ਮੰਦਿਰ ਦੀ ਮਹਿਮਾ ਬਹੁਤ ਵੱਧ ਰਹੀ ਹੈ ਅਤੇ ਸੰਗਤ ਵਿੱਚ ਇਕੱਠ ਵੱਧ ਰਿਹਾ ਹੈ। ਇਹ ਪ੍ਰਸ਼ੰਸਾ ਮੰਦਿਰ ਦੇ ਪੁਜਾਰੀ ਜੀ ਵਲੋਂ ਕੀਤੀ ਗਈ। ਸੰਸਥਾਪਕ ਸਤਨਾਮ ਹਸੀਜਾ ਨੇ ਦੀਵਾਲੀ ਮੌਕੇ ਸਾਰਿਆਂ ਨੂੰ ਅਪੀਲ ਕੀਤੀ ਕਿ ਪ੍ਰਦੂਸ਼ਣ ਵਿੱਚ ਵਾਧਾ ਨਾ ਹੋਵੇ ਇਸ ਕਰਕੇ ਰੁੱਖ ਵੱਧ ਤੋਂ ਵੱਧ ਲਗਾਓ, ਵਿਆਹ ਸ਼ਾਦੀ ਦਾ ਸੀਜਨ ਚੱਲ ਗਿਆ ਹੈ, ਪਲੇਟ ਵਿੱਚ ਭੋਜਨ ਉਨ੍ਹਾਂ ਪਾਓ ਜਿਨ੍ਹਾਂ ਵਰਤੋਂ ਵਿੱਚ ਆਵੇ, ਅੰਨ ਦਾ ਅਨਾਦਰ ਨਾ ਕਰੋ। ਹਸੀਜਾ ਜੀ ਨੇ ਕਿਹਾ ਕਿ ਸਾਨੂੰ ਜਦੋਂ ਵੀ ਭੋਜਨ ਕਰਨਾ ਹੋਵੇ ਲੋੜ ਅਨੁਸਾਰ ਹੀ ਪਲੇਟ ਵਿੱਚ ਸਮਾਨ ਪਾਇਆ ਜਾਓ ਜੂਠ ਬਿਲਕੁਲ ਵੀ ਨਾ ਛੱਡਿਆ ਜਾਵੇ। ਨੌਜਵਾਨਾਂ ਵਿੱਚ ਨਸ਼ਾ ਬਹੁਤ ਤੇਜੀ ਨਾਲ ਵੱਧ ਰਿਹਾ ਹੈ, ਇਸ ਤੋਂ ਬਚਨ ਦੀ ਅਤੀ ਜਰੂਰੀ ਲੋੜ ਹੈ। ਨਸ਼ੇ ਨੂੰ ਰੋਕਣ ਲਈ ਸਾਰਿਆਂ ਦਾ ਸਹਿਯੋਗ ਚਾਹੀਦਾ ਹੈ।



'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਹਲਕੇ ਦੇ ਅੱਠ ਪਿੰਡਾਂ ਦੇ 2,256 ਪਰਿਵਾਰਾਂ ਨੂੰ ਮਾਲਕੀ ਦਸਤਾਵੇਜ਼ ਸੌਂਪੇ

ਸੁਨਾਮ, 11 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ 'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਸੁਨਾਮ ਵਿਧਾਨ ਸਭਾ ਹਲਕੇ ਦੇ ਅੱਠ ਪਿੰਡਾਂ ਵਿੱਚ ਕਰਵਾਏ ਵੰਡ ਸਮਾਗਮਾਂ ਦੌਰਾਨ 2,256 ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦੇ ਦਸਤਾਵੇਜ਼ ਸੌਂਪੇ। ਪਿੰਡ ਤੋਗਾਵਾਲ ਵਿਖੇ ਉਨ੍ਹਾਂ ਨੇ ਮਾਲਕੀ ਦਸਤਾਵੇਜ਼ਾਂ ਦੀ ਵੰਡ ਦੇ ਨਾਲ ਪਿੰਡ ਦੇ ਖੇਡ ਮੈਦਾਨ ਦਾ ਉਦਘਾਟਨ ਵੀ ਕੀਤਾ।

- **ਤੋਗਾਵਾਲ ਦੇ ਖੇਡ ਮੈਦਾਨ ਦਾ ਕੀਤਾ ਉਦਘਾਟਨ, ਬੱਚਿਆਂ ਤੇ ਨੌਜਵਾਨਾਂ ਨੂੰ ਪਿੰਡ ਵਿੱਚ ਹੀ ਮਿਲੇਗੀ ਖੇਡ ਅਭਿਆਸ ਦੀ ਸਹੂਲਤ**



ਲਾਭਪਾਤਰੀ ਪਰਿਵਾਰਾਂ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ 'ਮੇਰਾ ਘਰ ਮੇਰੇ ਨਾਮ' ਯੋਜਨਾ ਦਾ ਉਦੇਸ਼ ਪਿੰਡਾਂ ਦੀ ਲਾਲ ਲਕੀਰ ਅੰਦਰ ਪੀੜ੍ਹੀਆਂ ਤੋਂ ਵੱਸਦੇ ਯੋਗ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਮਾਲਕੀ ਦਾ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਨਾਲ ਪਰਿਵਾਰਾਂ ਕੋਲ ਆਪਣੇ ਘਰ ਦੀ ਮਾਲਕੀ ਦਰਸਾਉਣ ਲਈ ਸਰਕਾਰੀ ਰਿਕਾਰਡ ਹੋਵੇਗਾ। ਪਿੰਡ ਪੱਧਰ 'ਤੇ ਵੰਡ ਸਮਾਗਮ ਕਰਵਾਉਣ ਨਾਲ ਲਾਭਪਾਤਰੀਆਂ ਨੂੰ ਆਪਣੇ ਪਿੰਡ ਵਿੱਚ ਹੀ ਦਸਤਾਵੇਜ਼ ਪ੍ਰਾਪਤ ਕਰਨ ਦੀ ਸਹੂਲਤ ਮਿਲੀ।

ਵੰਡ ਸਮਾਗਮਾਂ ਦੌਰਾਨ ਘਾਸੀਵਾਲ ਦੇ 140, ਚੌਵਾਸ ਦੇ 370, ਤੋਲਾਵਾਲ ਦੇ 380 ਅਤੇ ਬੀਰ ਕਲਾਂ ਦੇ 240 ਪਰਿਵਾਰਾਂ ਨੂੰ ਮਾਲਕੀ ਦਸਤਾਵੇਜ਼ ਸੌਂਪੇ ਗਏ। ਇਸੇ ਤਰ੍ਹਾਂ ਝਾੜੋਂ ਦੇ 300, ਸਾਹੋਕੇ ਦੇ 315, ਮੰਡੇਰ ਖੁਰਦ ਦੇ 229 ਅਤੇ ਤੋਗਾਵਾਲ ਦੇ 282 ਪਰਿਵਾਰਾਂ ਨੂੰ ਦਸਤਾਵੇਜ਼ ਦਿੱਤੇ ਗਏ। ਮੰਡੇਰ ਖੁਰਦ ਦਾ ਵੰਡ ਸਮਾਗਮ ਪਿੰਡ ਦੇ ਗੁਰੂ ਘਰ ਵਿਖੇ ਕਰਵਾਇਆ ਗਿਆ।

ਤੋਗਾਵਾਲ ਵਿਖੇ ਖੇਡ ਮੈਦਾਨ ਦਾ ਉਦਘਾਟਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਮੈਦਾਨ ਨਾਲ ਪਿੰਡ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਪਿੰਡ ਵਿੱਚ ਹੀ ਖੇਡਣ ਅਤੇ ਨਿਯਮਤ ਅਭਿਆਸ ਕਰਨ ਦੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਨੌਜਵਾਨ ਇੱਥੇ ਟੀਮਾਂ ਬਣਾ ਕੇ ਅਭਿਆਸ ਕਰ ਸਕਣਗੇ ਅਤੇ ਗ੍ਰਾਮ ਪੰਚਾਇਤ ਤੇ ਸਥਾਨਕ ਖੇਡ ਪ੍ਰੇਮੀ ਪਿੰਡ ਪੱਧਰੀ ਮੁਕਾਬਲੇ ਕਰਵਾ ਸਕਣਗੇ। ਉਨ੍ਹਾਂ ਨੌਜਵਾਨਾਂ ਨੂੰ ਮੈਦਾਨ ਦੀ ਨਿਯਮਤ ਵਰਤੋਂ ਕਰਨ ਅਤੇ ਪਿੰਡ ਵਾਸੀਆਂ ਨੂੰ ਇਸ ਦੀ ਸਾਂਭ-ਸੰਭਾਲ ਵਿੱਚ ਸਹਿਯੋਗ ਦੇਣ ਦਾ ਸੱਦਾ ਦਿੱਤਾ। ਸਮਾਗਮਾਂ ਵਿੱਚ ਘਾਸੀਵਾਲ ਤੋਂ ਸੁਖਪਾਲ ਸਿੰਘ, ਚੌਵਾਸ ਤੋਂ ਗੁਰਚਰਨ ਸਿੰਘ, ਤੋਲਾਵਾਲ ਦੇ ਸਰਪੰਚ ਦੀਪਾ, ਬੀਰ ਕਲਾਂ ਦੇ ਸਰਪੰਚ ਨਿੱਕਾ, ਝਾੜੋਂ ਦੇ ਸਰਪੰਚ ਰਜਿੰਦਰ, ਸਾਹੋਕੇ ਦੇ ਸਰਪੰਚ ਸੁੱਖ, ਮੰਡੇਰ ਖੁਰਦ ਦੇ ਸਰਪੰਚ ਬਿੱਟੂ ਅਤੇ ਤੋਗਾਵਾਲ ਦੇ ਸਰਪੰਚ ਸੁਰਜੀਤ ਦੇ ਨਾਂ ਸ਼ਾਮਲ ਸਨ।

ਵੈਟਨਰੀ ਯੂਨੀਵਰਸਿਟੀ ਵਿਖੇ ਨਾਵਲ 'ਨਦੀ ਨਾਵ ਸੰਜੋਗੀ ਮੇਲੇ' ਦਾ ਲੋਕ ਅਰਪਣ

ਲੁਧਿਆਣਾ 11 ਨਵੰਬਰ (ਪੈ.ਗਾਮ-ਏ-ਜਗਤ)

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਹਰਕੀਰਤ ਕੌਰ ਚਹਿਲ ਦਾ ਨਵਾਂ ਨਾਵਲ 'ਨਦੀ ਨਾਵ ਸੰਜੋਗੀ ਮੇਲੇ', ਬਹੁਤ ਹੀ ਭਾਵਪੂਰਤ ਮਾਹੌਲ ਵਿੱਚ ਲੋਕ ਅਰਪਣ ਕੀਤਾ ਗਿਆ। ਇਹ ਸਿਰਫ਼ ਇੱਕ ਨਾਵਲ ਦਾ ਲੋਕ ਅਰਪਣ ਨਹੀਂ ਸੀ, ਸਗੋਂ ਸ਼ਬਦਾਂ, ਸੰਵੇਦਨਾਵਾਂ ਅਤੇ ਸਾਹਿਤਕ ਸਾਂਝ ਦਾ ਅਜਿਹਾ ਇਕੱਠ ਸੀ, ਜਿੱਥੇ ਨਦੀ ਦੇ ਵਹਾਅ ਨਾਲ ਇਤਿਹਾਸ, ਸੱਭਿਆਚਾਰ, ਮਨੁੱਖੀ ਰਿਸ਼ਤੇ ਅਤੇ ਵਿਛੜੀਆਂ ਧਰਤੀਆਂ ਦੀਆਂ ਅਣਕਹੀਆਂ ਕਹਾਣੀਆਂ ਵੀ ਵਹਿੰਦੀਆਂ ਮਹਿਸੂਸ ਹੋਈਆਂ।



ਸਮਾਗਮ ਵਿੱਚ ਵੈਟਨਰੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਤਿੰਦਰ ਪਾਲ ਸਿੰਘ ਗਿੱਲ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਹਰਵਿੰਦਰ ਸਿੰਘ ਧਾਲੀਵਾਲ, ਡੀਨ ਕਾਲਜ ਆਫ਼ ਵੈਟਨਰੀ ਸਾਇੰਸ ਡਾ. ਸਵਰਨ ਸਿੰਘ ਰੰਧਾਵਾ, ਡੀਨ ਕਾਲਜ ਆਫ਼ ਕਮਿਊਨਿਟੀ ਸਾਇੰਸ ਡਾ. ਕਿਰਨ ਬੈਂਸ ਅਤੇ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਜਸਪਾਲ ਸਿੰਘ ਹੁੰਦਲ, ਡਾ. ਰਾਮ ਸਰਨ ਸੇਠੀ, ਉੱਘੇ ਉਦਯੋਗਪਤੀ ਗੁਰਦੀਪ ਸਿੰਘ ਮੁੰਡੀ ਤੋਂ ਇਲਾਵਾ ਡਾ. ਰਾਬਿੰਦਰ ਸਿੰਘ ਔਲਖ, ਡਾ. ਰਵਦੀਪ ਸਿੰਘ, ਡਾ. ਨਿਰਮਲ ਜੌੜਾ, ਡਾ. ਪ੍ਰੇਮ ਮਾਨ, ਡਾ ਕੁਲਦੀਪ ਚਹਿਲ ਕਹਾਣੀਕਾਰ ਜਤਿੰਦਰ ਹਾਂਸ, ਰਾਜਵਿੰਦਰ ਜਟਾਣਾ, ਡਾ. ਪੁਸ਼ਵਿੰਦਰ ਖੋਖਰ, ਪ੍ਰੋ. ਸੁਰਿੰਦਰ ਜੈਪਾਲ, ਡਾ ਦੇਵਿੰਦਰ ਦਿਲਰੂਪ, ਸਰਘੀ ਬੜਿੰਗ, ਬੇਅੰਤ ਬਾਜਵਾ, ਦੀਪ ਜਗਦੀਪ, ਪਰਮਜੀਤ ਮਾਨ, ਅਲਫ਼ਾਜ਼, ਦਰਸ਼ਨ ਬੁੱਟਰ, ਪ੍ਰੋ. ਪ੍ਰਭਜੋਤ ਕੌਰ ਧਾਲੀਵਾਲ, ਪ੍ਰੋ. ਕੰਵਲਜੀਤ ਕੌਰ, ਪ੍ਰੋ. ਲਖਵੀਰ ਧਾਲੀਵਾਲ, ਰਜਿੰਦਰਪਾਲ ਸਿੰਘ ਔਲਖ, ਗੁਲਜ਼ਾਰ ਪੰਧੇਰ, ਅਤੇ ਸਾਹਿਤਕ ਜਗਤ ਦੀਆਂ ਹੋਰ ਅਹਿਮ ਸ਼ਖ਼ਸੀਅਤਾਂ ਅਤੇ ਵਿਦਿਆਰਥੀਆਂ ਦੀ ਮੌਜੂਦਗੀ ਨੇ ਸਮਾਗਮ ਦੀ ਰੌਣਕ ਨੂੰ ਵਧਾਇਆ।

ਵੈਟਨਰੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ ਗਿੱਲ ਨੇ ਯੂਨੀਵਰਸਿਟੀ ਵਿੱਚ ਹੋਏ ਇਸ ਕਿਸਮ ਦੇ ਪਲੇਠੇ ਸਾਹਿਤਕ ਸਮਾਗਮ ਨੂੰ ਬੇਹੱਦ ਲਾਹੇਵੰਦ ਦੱਸਿਆ ਜੋ ਅਗਲੀ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦਾ ਚੰਗਾ ਉਪਰਾਲਾ ਹੈ।ਲੇਖਿਕਾ ਨੇ ਯੂਨੀਵਰਸਿਟੀ ਦੀ ਲਾਇਬ੍ਰੇਰੀ ਲਈ ਆਪਦੀਆਂ ਕਿਰਤਾਂ ਤੋਹਫ਼ੇ ਵਜੋਂ ਭੇਟ ਕੀਤੀਆਂ।

ਡਾ. ਪ੍ਰੇਮ ਮਾਨ ਨੇ ਲੇਖਿਕਾ ਦੀ ਲਿਖਣ ਸ਼ੈਲੀ ਦੀ ਪ੍ਰਸ਼ੰਸਾ ਕਰਦਿਆਂ ਉਸ ਨੂੰ ਸ਼ਬਦਾਂ ਦੀ ਜਾਦੂਗਰਨੀ ਕਹਿ ਕੇ ਨਿਵਾਜਿਆ।

ਨਾਵਲ ਬਾਰੇ ਡਾ. ਪੁਸ਼ਪਵਿੰਦਰ ਖੋਖਰ, ਪ੍ਰੋ. ਸੁਰਿੰਦਰ ਜੈਪਾਲ, ਡਾ. ਬਲਵੀਰ ਪੰਧੇਰ ਅਤੇ ਜਗਤਾਰ ਸ਼ੇਰਗਿੱਲ ਨੇ ਆਪਣੇ ਵਿਚਾਰ ਅਤੇ ਪਰਚੇ ਸਾਂਝੇ ਕੀਤੇ। ਲਹਿੰਦੇ ਪੰਜਾਬ ਅਤੇ ਰਾਵੀ ਦਰਿਆ ਦੇ ਆਲੇ-ਦੁਆਲੇ ਬੁਣੀ ਗਈ ਇਸ ਕਹਾਣੀ ਨੇ ਸਰਹੱਦਾਂ ਤੋਂ ਪਾਰ ਵੱਸਦੇ ਸਾਂਝੇ ਵਿਰਸੇ, ਮਿੱਟੀ ਦੀ ਮਹਿਕ, ਮਨੁੱਖੀ ਮੋਹ-ਮੁਹੱਬਤ ਅਤੇ ਵੰਡ ਦੇ ਦਰਦ ਵਰਗੇ ਅਨੇਕਾਂ ਅਹਿਮ ਪੱਖਾਂ ਨੂੰ ਛੋਹਿਆ। ਵਿਦਵਾਨਾਂ ਨੇ ਲੇਖਿਕਾ ਦੀ ਵਿਲੱਖਣ ਦ੍ਰਿਸ਼ਟੀ, ਬਿਰਤਾਂਤਕਾਰੀ ਅਤੇ ਸੰਵੇਦਨਸ਼ੀਲ ਸਿਰਜਣਾ ਦੀ ਭਰਪੂਰ ਸ਼ਲਾਘਾ ਕੀਤੀ।

ਸਮਾਗਮ ਦਾ ਮੰਚ ਸੰਚਾਲਨ ਡਾ. ਅਪਮਿੰਦਰਪਾਲ ਸਿੰਘ ਬਰਾੜ ਨੇ ਬੜੀ ਸੂਝ, ਸਲੀਕੇ ਅਤੇ ਖ਼ੂਬਸੂਰਤ ਅੰਦਾਜ਼ ਵਿੱਚ ਕੀਤਾ।

ਸ.ਫ਼ਾ 1 ਦਾ ਬਾਕੀ...

ਸੀ.ਐਮ. ਮਾਨ...

ਅਨੁਸ਼ਾਸਿਤ ਅਤੇ ਤਰੱਕੀ ਪਸੰਦ ਸਮਾਜ ਦੀ ਸਿਰਜਣਾ ਵਿੱਚ ਖੇਡਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਸਾਡੀ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ ਹੈ। ਅਸੀਂ ਅੱਜ ਲੋਕਾਂ ਨੂੰ 1,000 ਹੋਰ ਖੇਡ ਮੈਦਾਨ ਸਮਰਪਿਤ ਕਰ ਰਹੇ ਹਾਂ ਕਿਉਂਕਿ ਸਾਡੇ ਨੌਜਵਾਨਾਂ ਨੂੰ ਖੇਡਾਂ ਵਿੱਚ ਅੱਗੇ ਵਧਣ ਲਈ ਢੁਕਵੀਆਂ ਸਹੂਲਤਾਂ ਅਤੇ ਮੌਕਿਆਂ ਦੀ ਲੋੜ ਹੈ। ਉਨ੍ਹਾਂ ਦੀ ਊਰਜਾ ਨੂੰ ਖੇਡਾਂ ਵੱਲ ਲਗਾ ਕੇ ਅਸੀਂ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੇ ਹਾਂ ਅਤੇ ਪੰਜਾਬ ਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਾਂ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੀ ਵਾਰ ਪਿੰਡਾਂ ਵਿੱਚ ਉੱਚ ਪੱਧਰੀ ਖੇਡ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਅੱਜ ਵੱਡੀ ਪੱਧਰ ▾ਤੇ ਪਹਿਲਕਦਮੀ ਕੀਤੀ ਹੈ, ਜਿਸ ਨਾਲ ਪੇਂਡੂ ਨੌਜਵਾਨਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਆਧੁਨਿਕ ਸਹੂਲਤਾਂ ਮਿਲਣੀਆਂ ਯਕੀਨੀ ਹੋਈਆਂ ਹਨ। ਉਨ੍ਹਾਂ ਅੱਗੇ ਕਿਹਾ, "ਇਸ ਪਹਿਲਕਦਮੀ ਤਹਿਤ ਪੰਜਾਬ ਭਰ ਵਿੱਚ 3,100 'ਪੇਂਡੂ ਖੇਡ ਮੈਦਾਨ' ਵਿਕਸਤ ਕੀਤੇ ਜਾ ਰਹੇ ਹਨ। ਇਹ ਮੈਦਾਨ ਸਾਡੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਮਹੱਤਵਪੂਰਨ ਹਿੱਸਾ ਹਨ। ਸਾਡਾ ਟੀਚਾ ਹਰ ਪਿੰਡ ਵਿੱਚ ਖੇਡ ਸੱਭਿਆਚਾਰ ਪੈਦਾ ਕਰਨਾ ਹੈ ਤਾਂ ਜੋ ਨੌਜਵਾਨ ਨਸ਼ਿਆਂ ਦੀ ਬਜਾਏ ਤੰਦਰੁਸਤੀ, ਅਨੁਸ਼ਾਸਨ ਅਤੇ ਸਕਾਰਾਤਮਕ ਗਤੀਵਿਧੀਆਂ ਨੂੰ ਚੁਣਨ।

2027 'ਚ ਲੋਕ...

ਦੁਆਰਾ ਵਾਰ-ਵਾਰ ਨਕਾਰੀਆਂ ਜਾ ਚੁੱਕੀਆਂ ਹਨ। ਦਹਾਕਿਆਂ ਤੱਕ ਇਹ ਸੱਤਾ ਵਿੱਚ ਰਹੀਆਂ ਪਰ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਨਾਕਾਮ ਰਹੀਆਂ। ਇਨ੍ਹਾਂ ਦਾ ਇੱਕੋ-ਇੱਕ ਮਕਸਦ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਪੰਜਾਬ ਦੇ ਸਰੋਤਾਂ ਦੀ ਵਰਤੋਂ ਕਰਨਾ ਅਤੇ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਲੁੱਟਣਾ ਸੀ।

ਮੁੱਖ ਮੰਤਰੀ ਨੇ ਅੱਗੇ ਕਿਹਾ, "ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਲੋਕਾਂ ਦਾ ਵਿਸ਼ਵਾਸ ਗੁਆ ਚੁੱਕੀਆਂ ਹਨ ਕਿਉਂਕਿ ਇਨ੍ਹਾਂ ਦੀਆਂ ਸਰਕਾਰਾਂ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਰਹੀਆਂ। ਇਨ੍ਹਾਂ ਨੂੰ ਪੰਜਾਬੀਆਂ ਦੀ ਭਲਾਈ ਨਾਲੋਂ ਆਪਣੀ ਸਿਆਸੀ ਸੱਤਾ ਦੀ ਵਧੇਰੇ ਚਿੰਤਾ ਸੀ। ਲੋਕ ਇਨ੍ਹਾਂ ਦੇ ਪਿਛੋਕੜ ਨੂੰ ਭੁੱਲੇ ਨਹੀਂ ਹਨ ਅਤੇ ਸਾਲ 2027 ਵਿੱਚ ਇਤਿਹਾਸ ਆਪਣੇ ਆਪ ਨੂੰ ਦੁਹਰਾਏਗਾ ਜਦੋਂ ਇਹ ਪਾਰਟੀਆਂ ਇੱਕ ਵਾਰ ਫਿਰ ਨਕਾਰ ਦਿੱਤੀਆਂ ਜਾਣਗੀਆਂ।

ਸ੍ਰੀ ਆਨੰਦਪੁਰ ਸਾਹਿਬ ਬਣਿਆ...

ਸੰਭਾਲ ਨੂੰ ਪਹਿਲ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਵੱਛ ਸਰਵੇਖਣ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਤਹਿਤ ਕਰਵਾਇਆ ਜਾਂਦਾ ਹੈ। ਇਸ ਵਿੱਚ ਸ਼ਹਿਰਾਂ ਦਾ ਮੁਲਾਂਕਣ ਘਰ-ਘਰ ਕੂੜਾ ਇਕੱਠਾ ਕਰਨ, ਗਿੱਲੇ ਅਤੇ ਸੁੱਕੇ ਕੂੜੇ ਦੀ ਵੱਖਰੀ ਸੰਭਾਲ, ਜਨਤਕ ਥਾਵਾਂ ਦੀ ਸਫ਼ਾਈ, ਪਖਾਨਿਆਂ ਦੀ ਸਥਿਤੀ ਅਤੇ ਲੋਕਾਂ ਦੀ ਭਾਗੀਦਾਰੀ ਵਰਗੇ ਮਾਪਦੰਡਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਗੁਰੂਗ੍ਰਾਮ : ਕੈਮੀਕਲ ਟੈਂਕ...

ਹੋ ਗਈ। ਭੋਂਡਸੀ ਥਾਣੇ ਦੀ ਪੁਲੀਸ ਟੀਮ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਤਿੰਨਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਉਹ ਹੁਣ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਨ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ, ÷ਜਾਂਚ ਵਿੱਚ ਇਹ ਵੀ ਦੇਖਿਆ ਜਾਵੇਗਾ ਕਿ ਕੰਪਨੀ ਵਿੱਚ ਕੈਮੀਕਲ ਟੈਂਕ ਦੇ ਆਲੇ-ਦੁਆਲੇ ਢੁਕਵੇਂ ਸੁਰੱਖਿਆ ਇੰਤਜ਼ਾਮ ਸਨ ਜਾਂ ਨਹੀਂ ਅਤੇ ਕਰਮਚਾਰੀ ਕਿਹੜੇ ਹਾਲਾਤਾਂ ਵਿੱਚ ਟੈਂਕ ਵਿੱਚ ਡਿੱਗੇ। ਫਿਲਹਾਲ ਪੁਲੀਸ ਘਟਨਾ ਨਾਲ ਜੁੜੇ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ।

ਕੈਬਨਿਟ ਨੇ 77,101...

ਸਪਲਾਈ ਬਣੀ ਰਹੇ। ਛੋਟੇ ਕਾਰੋਬਾਰੀਆਂ ਅਤੇ 'ਸਟੈਂਡ-ਅੱਪ ਇੰਡੀਆ' ਯੋਜਨਾ ਦੇ ਲਾਭਪਾਤਰੀਆਂ ਨੂੰ ਕੀ ਰਾਹਤ ਦਿੱਤੀ ਗਈ ਹੈ? ਸੂਖਮ ਉਦਯੋਗਾਂ ਅਤੇ ਨਵੇਂ ਉੱਦਮੀਆਂ ਤੱਕ ਕਰਜ਼ੇ ਦੀ ਪਹੁੰਚ ਨੂੰ ਆਸਾਨ ਬਣਾਉਣ ਲਈ, ਕੈਬਨਿਟ ਨੇ ਕੁੱਲ 9,111 ਕਰੋੜ ਦੇ ਦੋ ਕਰਜ਼ਾ ਗਾਰੰਟੀ ਫੰਡਾਂ ਨੂੰ ਮਨਜ਼ੂਰੀ ਦਿੱਤੀ ਹੈ: ਸੂਖਮ ਇਕਾਈਆਂ ਲਈ ਕਰਜ਼ਾ ਗਾਰੰਟੀ ਫੰਡ ਇਸ ਫੰਡ ਲਈ 5,000 ਕਰੋੜ ਰੱਖੇ ਗਏ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੂਖਮ ਉਦਯੋਗ ਬਿਨਾਂ ਕਿਸੇ ਰੁਕਾਵਟ ਦੇ ਸੰਸਥਾਗਤ ਕਰਜ਼ ਸੁਰੱਖਿਅਤ ਕਰਜ਼ੇ: ਇਨ੍ਹਾਂ ਫੰਡਾਂ ਰਾਹੀਂ, ਬੈਂਕ ਅਤੇ ਵਿੱਤੀ ਸੰਸਥਾਵਾਂ ਵਾਧੂ ਜੋਖਮ ਉਠਾਏ ਬਿਨਾਂ ਛੋਟੇ ਕਾਰੋਬਾਰੀ ਮਾਲਕਾਂ ਨੂੰ ਸੁਰੱਖਿਅਤ ਕਰਜ਼ੇ ਪ੍ਰਦਾਨ ਕਰਨ ਦੇ ਯੋਗ ਹੋਣਗੀਆਂ।

ਕੋਲਕਾਤਾ-ਮੁੰਬਈ ਉਡਾਣ...

ਦੇ ਪੰਜ ਮੈਂਬਰ ਸਵਾਰ ਸਨ। ਏਅਰ ਇੰਡੀਆ ਦਾ ਏਅਰਬੱਸ ਏ320ਨਿਓ ਜਹਾਜ਼ ਬੁੱਧਵਾਰ ਸਵੇਰੇ ਕੋਲਕਾਤਾ ਹਵਾਈ ਅੱਡੇ ਤੋਂ ਉਡਾਣ ਭਰਨ ਦੀ ਤਿਆਰੀ ਕਰ ਰਿਹਾ ਸੀ, ਜਦੋਂ ਚਾਲਕ ਦਲ ਦੇ ਮੈਂਬਰਾਂ ਨੂੰ ਟਾਇਲਟ ਵਿੱਚੋਂ ਇਹ ਧਮਕੀ ਭਰੀ ਪਰਚੀ ਮਿਲੀ। ਪਰਚੀ ਮਿਲਣ ਤੋਂ ਤੁਰੰਤ ਬਾਅਦ ਸੁਰੱਖਿਆ ਪ੍ਰਬੰਧ ਸਰਗਰਮ ਕਰ ਦਿੱਤੇ ਗਏ।

ਸੋਨਾ 1.41 ਲੱਖ...

ਚਾਂਦੀ 2.9 ਫ਼ੀਸਦੀ ਚੜ੍ਹ ਕੇ ਕਾਰੋਬਾਰ ਕਰ ਰਹੀ ਸੀ। ਮਾਹਿਰਾਂ ਅਨੁਸਾਰ ਸੋਨੇ ਦੀਆਂ ਕੀਮਤਾਂ ਵਿੱਚ ਇਹ ਵਾਧਾ ਪਿਛਲੇ ਕਾਰੋਬਾਰੀ ਸੈਸ਼ਨ ਦੌਰਾਨ ਆਈ ਵੱਡੀ ਗਿਰਾਵਟ ਤੋਂ ਬਾਅਦ ਹੋਈ ਖਰੀਦਦਾਰੀ ਦਾ ਨਤੀਜਾ ਹੈ। ਕੌਮਾਂਤਰੀ ਬਾਜ਼ਾਰ ਵਿੱਚ ਪਿਛਲੇ ਸੈਸ਼ਨ ਦੌਰਾਨ ਸੋਨੇ ਦੀ ਕੀਮਤ ਲਗਪਗ ਤਿੰਨ ਫ਼ੀਸਦੀ ਡਿੱਗ ਗਈ ਸੀ। ਇਸ ਦੌਰਾਨ ਅਮਰੀਕਾ ਵਿੱਚ ਉਮੀਦ ਨਾਲੋਂ ਵੱਧ ਮਹਿੰਗਾਈ ਦੇ ਅੰਕੜਿਆਂ ਅਤੇ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਧਾਉਣ ਦੀਆਂ ਸੰਭਾਵਨਾਵਾਂ ਨੇ ਸੋਨੇ ਦੀ ਤੇਜ਼ੀ ਨੂੰ ਸੀਮਤ ਕੀਤਾ।

ਮਦਰ ਡੇਅਰੀ ਦਾ...

ਦੁੱਧ ਦੀ ਕੀਮਤ 58 ਰੁਪਏ ਪ੍ਰਤੀ ਲਿਟਰ ਹੋ ਗਈ ਸੀ, ਜੋ ਪਹਿਲਾਂ 56 ਰੁਪਏ ਸੀ। ਇਸੇ ਤਰ੍ਹਾਂ ਪਾਊਚ ਵਾਲੇ ਫੁੱਲ ਕਰੀਮ ਦੁੱਧ ਦਾ ਭਾਅ 72 ਰੁਪਏ ਪ੍ਰਤੀ ਲਿਟਰ ਸੀ, ਜਦਕਿ ਪਹਿਲਾਂ ਇਹ 70 ਰੁਪਏ ਸੀ।

ਸੀ.ਆਰ.ਪੀ.ਐਫ....

ਕੁਲਗਾਮ ਦੱਖਣੀ ਕਸ਼ਮੀਰ ਦਾ ਸੰਵੇਦਨਸ਼ੀਲ ਜ਼ਿਲ੍ਹਾ ਹੈ ਅਤੇ ਇੱਥੇ ਪਹਿਲਾਂ ਵੀ ਅਤਿਵਾਦੀ ਸਰਗਰਮੀਆਂ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹੀਆਂ ਹਨ। ਇਹ ਸ੍ਰੀਨਗਰ ਤੋਂ ਲਗਪਗ 70 ਤੋਂ 75 ਕਿਲੋਮੀਟਰ ਦੂਰ ਸਥਿਤ ਹੈ। ਕੁਲਗਾਮ, ਅਨੰਤਨਾਗ ਅਤੇ ਸ਼ੋਪੀਆਂ ਦੇ ਨਾਲ ਉਸ ਖੇਤਰ ਦਾ ਹਿੱਸਾ ਹੈ, ਜਿੱਥੇ ਪਿਛਲੇ ਸਮੇਂ ਦੌਰਾਨ ਅਤਿਵਾਦੀ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਸੁਰੱਖਿਆ ਬਲਾਂ ਵੱਲੋਂ ਹਮਲਾਵਰਾਂ ਦੀ ਪਛਾਣ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਡੀ.ਐਸ.ਪੀ. ਸਮੇਤ...

ਗੰਬਟ ਦੇ ਡੀ ਐੱਸ ਪੀ ਹੈਦਰ ਜ਼ਮਾਨ ਅਤੇ ਸਬ-ਇੰਸਪੈਕਟਰ ਮੁਖਤਿਆਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਹਮਲੇ ਦੌਰਾਨ ਪੁਲੀਸ ਦੀਆਂ ਪੰਜ ਗੱਡੀਆਂ ਨੂੰ ਵੀ ਅੱਗ ਲਗਾ ਦਿੱਤੀ ਗਈ।

ਸੰਗਰੂਰ 'ਚ ਬੱਸ...

ਸਵਾਰੀਆਂ ਜਖਮੀ ਹੋ ਗਈਆਂ ਹਨ ਜਿਨ੍ਹਾਂ ਚੋਂ 10 ਨੂੰ ਰੈਫਰ ਕੀਤਾ ਗਿਆ ਹੈ। 16 ਜ਼ਖਮੀਆਂ ਦਾ ਸਿਵਲ ਹਸਪਤਾਲ ਚ ਇਲਾਜ ਚੱਲ ਰਿਹਾ ਹੈ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਕੇਸ ਦਰਜ ਕੀਤਾ ਗਿਆ ਹੈ।

ਆਰਥਿਕ ਅਪਰਾਧ ਸ਼ਾਖਾ ਨੇ ਵਿਦੇਸ਼ ਭੇਜਣ ਦੀ ਆੜ ਵਿੱਚ 53 ਲੱਖ ਰੁਪਏ ਦੀ ਠੱਗੀ ਮਾਰਨ ਵਾਲਾ ਕੀਤਾ ਗ੍ਰਿ.ਫਤਾਰ

ਪੈ.ਗਾਮ-ਏ-ਜਗਤ
ਅੰਬਾਲਾ, 11 ਨਵੰਬਰ (ਆਰ.ਸਿੰਘ)

ਅੰਬਾਲਾ ਪੁਲੀਸ ਦੀ ਆਰਥਿਕ ਅਪਰਾਧ ਸ਼ਾਖਾ ਦੀ ਟੀਮ ਨੇ ਕਾਰਵਾਈ ਕਰਦਿਆਂ ਵਿਦੇਸ਼ ਭੇਜਣ ਦੀ ਆੜ ਵਿੱਚ 53 ਲੱਖ ਰੁਪਏ ਦੀ ਧੋਖਾਧੜੀ ਦੇ ਮਾਮਲੇ ਵਿੱਚ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਕੇ ਮਾਣਯੋਗ ਅਦਾਲਤ ਤੋਂ ਉਸ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਹੈ। ਪੁਲੀਸ ਨੇ ਉਸ ਕੋਲੋਂ ਧੋਖਾਧੜੀ ਕੀਤੀ ਗਈ ਰਕਮ ਬਰਾਮਦ ਕਰ ਲਈ ਹੈ ਅਤੇ ਹੋਰ ਸ਼ਾਮਲ ਦੋਸ਼ੀਆਂ 'ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ।

ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਆਰਥਿਕ ਅਪਰਾਧ ਸ਼ਾਖਾ ਦੇ ਜਾਂਚ ਅਧਿਕਾਰੀ ਸਹਾਇਕ ਸਬ-ਇੰਸਪੈਕਟਰ (ਏਐਸਆਈ) ਜਸਮਿੰਦਰ ਸਿੰਘ ਨੇ ਦੱਸਿਆ ਕਿ ਬਲਵਿੰਦਰ ਸਿੰਘ ਵਾਸੀ ਪਿੰਡ ਬਨੌਂਦੀ ਥਾਣਾ ਸ਼ਾਹਜ਼ਾਦਪੁਰ ਨੇ 15 ਸਤੰਬਰ, 2026 ਨੂੰ ਥਾਣਾ ਸ਼ਾਹਜ਼ਾਦਪੁਰ

- **ਮੁਲਜ਼ਮ ਨੂੰ ਲਿਆ ਰਿਮਾਂਡ ਤੇ, ਧੋਖਾਧੜੀ ਦੀ ਰਕਮ ਕੀਤੀ ਬਰਾਮਦ**

ਵਿਚ ਇੱਕ ਲਿਖਤੀ ਸ਼ਿਕਾਇਤ ਦੇ ਕੇ ਦੋਸ਼ ਲਾਇਆ ਸੀ ਕਿ 10 ਅਪ੍ਰੈਲ 2024 ਤੋਂ 29 ਸਤੰਬਰ, 2026 ਦੇ ਵਿਚਕਾਰ ਦੋਸ਼ੀ ਕਪਿਲ ਨੇ ਉਸ ਦੇ ਪੁੱਤਰ ਅਤੇ ਧੀ ਨੂੰ ਵਿਦੇਸ਼ ਵਿੱਚ ਵਰਕ ਪਰਮਿਟ/ਸਟੱਡੀ ਵੀਜ਼ਾ ਦੇਣ ਦਾ ਵਾਅਦਾ ਕਰਕੇ ਧੋਖਾ ਦਿੱਤਾ ਅਤੇ ਧੋਖਾਧੜੀ ਨਾਲ 5.3 ਮਿਲੀਅਨ ਰੁਪਏ (ਲਗਭਗ £1.5 ਮਿਲੀਅਨ) ਹੜੱਪ ਲਏ। ਦੋਸ਼ੀ ਨੇ ਨਾ ਤਾਂ ਬੱਚਿਆਂ ਨੂੰ ਵਿਦੇਸ਼ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਸ਼ਿਕਾਇਤ ਦੇ ਆਧਾਰ 'ਤੇ ਪੁਲੀਸ ਨੇ ਸਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਅਤੇ ਜਾਂਚ ਆਰਥਿਕ ਅਪਰਾਧ ਸ਼ਾਖਾ ਨੂੰ ਤਬਦੀਲ ਕਰ ਦਿੱਤੀ ਗਈ।

ਆਰਥਿਕ ਅਪਰਾਧ ਸ਼ਾਖਾ ਦੇ ਇੰਚਾਰਜ ਇੰਸਪੈਕਟਰ ਮਹੇਸ਼ ਕੁਮਾਰ ਦੀ ਯੋਗ ਅਗਵਾਈ ਹੇਠ ਸਹਾਇਕ ਸਬ-ਇੰਸਪੈਕਟਰ ਜਸਮਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਤਕਨੀਕੀ ਅਤੇ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਦੋਸ਼ੀ ਕਪਿਲ ਜੋ ਕਿ ਪਿੰਡ ਸ਼ਾਦੀਪੁਰ ਲਾਡਵਾ, ਥਾਣਾ ਸਦਰ ਪਿਪਲੀ, ਜ਼ਿਲ੍ਹਾ ਕੁਰੂਕਸ਼ੇਤਰ ਦਾ ਰਹਿਣ ਵਾਲਾ ਹੈ, ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਅਤੇ ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਉਸ ਦਾ ਪੁਲੀਸ ਰਿਮਾਂਡ ਲਿਆ। ਮੁਲਜ਼ਮ ਪਾਸੋਂ ਧੋਖਾਧੜੀ ਕੀਤੀ ਗਈ 53 ਲੱਖ ਰੁਪਏ ਦੀ ਵੱਡੀ ਰਕਮ ਨੂੰ ਬਰਾਮਦ ਕਰਨ ਅਤੇ ਇਸ ਧੋਖਾਧੜੀ ਵਾਲੇ ਨੈੱਟਵਰਕ ਵਿੱਚ ਸ਼ਾਮਲ ਹੋਰ ਸਹਿ-ਮੁਲਜ਼ਮਾਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਦੋਸ਼ੀ ਤੋਂ ਰਿਮਾਂਡ ਦੌਰਾਨ ਪੂਰੀ ਪੁੱਛਗਿੱਛ ਕੀਤੀ ਜਾਵੇਗੀ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਐਮ.ਐਲ.ਏ. ਕੁਲਵੰਤ ਸਿੰਘ ਵੱਲੋਂ ਪਿੰਡ ਨਗਾਰੀ ਦੇ ਖੇਡ ਮੈਦਾਨ ਦਾ ਉਦਘਾਟਨ

• 35 ਲੱਖ ਰੁਪਏ ਦੀ ਲਾਗਤ ਨਾਲ 1.95 ਏਕੜ ਵਿੱਚ ਤਿਆਰ ਖੇਡ ਮੈਦਾਨ ਵਿਖੇ ਖਿਡਾਰੀ ਰਾਤ ਵੇਲੇ ਵੀ ਕਰ ਸਕਣਗੇ ਅਭਿਆਸ



ਸਾਹਿਬਜ਼ਾਦਾ ਅਜੀਤ ਸਿੰਘ ਨਗਰ, 11 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਅੱਜ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਤੋਂ ਸੂਬੇ ਭਰ ਵਿੱਚ 1000 ਖੇਡ ਮੈਦਾਨ ਪੰਜਾਬੀਆਂ ਨੂੰ ਸਮਰਪਿਤ ਕਰਨ ਦੀ ਸ਼ੁਰੂਆਤ ਤਹਿਤ ਮੋਹਾਲੀ ਵਿਧਾਨ ਸਭਾ ਹਲਕੇ ਦੇ ਪਿੰਡ ਨਗਾਰੀ ਵਿਖੇ ਵਿਧਾਇਕ ਸ. ਕੁਲਵੰਤ ਸਿੰਘ ਨੇ ਮੁੱਖ ਮੰਤਰੀ ਖੇਡ ਮੈਦਾਨ ਯੋਜਨਾ ਤਹਿਤ 35 ਲੱਖ ਰੁਪਏ ਦੀ ਲਾਗਤ ਨਾਲ 1.95 ਏਕੜ ਰਕਬੇ ਵਿੱਚ ਤਿਆਰ ਕੀਤੇ ਗਏ ਖੇਡ ਮੈਦਾਨ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ।

ਇਸ ਮੌਕੇ ਵਿਧਾਇਕ ਸ. ਕੁਲਵੰਤ ਸਿੰਘ ਨੇ ਕਿਹਾ ਕਿ ਇਸ ਖੇਡ ਮੈਦਾਨ ਦੇ ਬਣਨ ਨਾਲ ਨਗਾਰੀ ਅਤੇ ਆਸ-ਪਾਸ ਦੇ ਪਿੰਡਾਂ ਦੇ ਨੌਜਵਾਨਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਫੁੱਟਬਾਲ ਮੈਦਾਨ ਵਿੱਚ ਸਮੇਂ-ਸਮੇਂ 'ਤੇ ਹੋਰ ਖੇਡਾਂ ਵੀ ਕਰਵਾਈਆਂ ਜਾ ਸਕਦੀਆਂ ਹਨ, ਜਿਸ ਨਾਲ ਇਲਾਕੇ ਦੇ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਦਾ ਵਧੀਆ ਮੌਕਾ ਮਿਲੇਗਾ।

ਉਨ੍ਹਾਂ ਦੱਸਿਆ ਕਿ ਇਸ ਖੇਡ ਮੈਦਾਨ ਦੀ ਵਿਸ਼ੇਸ਼ਤਾ ਇੱਥੇ ਲਗਾਈਆਂ ਗਈਆਂ ਹਾਈ ਮਾਸਟ ਲਾਈਟਾਂ ਹਨ, ਜਿਨ੍ਹਾਂ ਦੀ ਮਦਦ ਨਾਲ ਖਿਡਾਰੀ ਦਿਨ ਦੇ ਨਾਲ-ਨਾਲ ਰਾਤ ਸਮੇਂ ਵੀ ਅਭਿਆਸ ਕਰ ਸਕਣਗੇ। ਉਨ੍ਹਾਂ ਕਿਹਾ ਕਿ ਅਜਿਹੀਆਂ ਲਾਈਟਾਂ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖੇਡ ਮੈਦਾਨਾਂ ਵਿੱਚ ਲਗਾਈਆਂ ਜਾਂਦੀਆਂ ਹਨ ਅਤੇ ਪਿੰਡ ਪੱਧਰ 'ਤੇ ਇਹ ਸਹੂਲਤ ਮੁਹੱਈਆ ਕਰਵਾਉਣਾ ਖੇਡਾਂ ਨੂੰ ਉਤਸ਼ਾਹਿਤ ਕਰਨ ਵੱਲ ਅਹਿਮ ਕਦਮ ਹੈ। ਵਿਧਾਇਕ ਨੇ ਇਸ ਉਪਰਾਲੇ ਲਈ ਪਿੰਡ ਦੀ ਪੰਚਾਇਤ ਅਤੇ ਵਸਨੀਕਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਪੰਚਾਇਤ ਨੇ ਇਸ ਜ਼ਮੀਨ ਨੂੰ ਕਿਸੇ ਹੋਰ ਕੰਮ ਲਈ ਵਰਤਣ ਦੀ ਬਜਾਏ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਖੇਡ ਮੈਦਾਨ ਲਈ ਮੁਹੱਈਆ ਕਰਵਾਇਆ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਗੇ ਅਤੇ ਉਨ੍ਹਾਂ ਨੂੰ ਆਪਣੀ ਖੇਡ ਕਲਾ ਰਾਹੀਂ ਮਾਪਿਆਂ, ਕੋਚਾਂ, ਪੰਜਾਬ ਅਤੇ ਦੇਸ਼ ਦਾ ਨਾਮ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਰੌਸ਼ਨ ਕਰਨ ਦੇ ਮੌਕੇ ਪ੍ਰਦਾਨ ਕਰਨਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਤੰਦਰੁਸਤ ਪੰਜਾਬ ਦੀ ਦਿਸ਼ਾ ਵਿੱਚ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਤੰਦਰੁਸਤ ਅਤੇ ਸਿਹਤਮੰਦ ਨੌਜਵਾਨ ਹੀ ਆਪਣੇ ਪਰਿਵਾਰ ਅਤੇ ਸਮਾਜ ਦੀ ਬਿਹਤਰੀ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਪਾ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਪਿੰਡ ਨਗਾਰੀ ਵਿਖੇ ਬਣੇ ਇਸ ਖੇਡ ਮੈਦਾਨ ਵਿੱਚ ਵਾਲੀਬਾਲ ਅਤੇ ਫੁੱਟਬਾਲ ਸਮੇਤ ਹੋਰ ਖੇਡਾਂ ਦੇ ਖਿਡਾਰੀ ਅਭਿਆਸ ਕਰ ਸਕਣਗੇ। ਇਸ ਤੋਂ ਇਲਾਵਾ ਮੈਦਾਨ ਵਿੱਚ ਪਖਾਨੇ, ਹਾਈ ਮਾਸਟ ਲਾਈਟਾਂ, ਬਲੈਕ ਲਾਈਟ ਚੇਨ ਲਿੰਕ ਫੈਂਸਿੰਗ, ਗੇਟ ਅਤੇ ਬੋਰਵੈੱਲ ਸਮੇਤ ਲੋੜੀਂਦੀਆਂ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਮੌਕੇ ਸਰਪੰਚ ਸ੍ਰੀ ਚੇਤਨ ਸ਼ਰਮਾ, ਅਵਤਾਰ ਸਿੰਘ ਮੌਲੀ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਸਮਾਣਾ, ਪਰਮਜੀਤ ਸਿੰਘ ਚੌਹਾਨ, ਗੋਵਿੰਦਗੜ੍ਹ ਦੇ ਸਰਪੰਚ ਕਰਮਾ ਪੁਰੀ, ਗੜਾਣਾ ਦੇ ਪੰਚਾਇਤ ਮੈਂਬਰ ਸ੍ਰੀ ਜਗਤਾਰ ਸਿੰਘ, ਸ੍ਰੀ ਰਾਜਿੰਦਰ ਪ੍ਰਸਾਦ ਸ਼ਰਮਾ, ਅਮਰੀਕ ਸਿੰਘ, ਛੱਜੂ ਸਿੰਘ, ਦਲਵੀਰ ਸਿੰਘ, ਦਵਿੰਦਰ ਸਿੰਘ, ਸ੍ਰੀ ਮਨੀਸ਼ ਸ਼ਰਮਾ, ਸ੍ਰੀ ਜੱਸਾ ਸਿੰਘ ਨੰਬਰਦਾਰ ਅਤੇ ਮਾਸਟਰ ਮਲਕੀਤ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

ਬਰਮਾ ਸਿੰਘ ਨੂੰ ਇੰਸਪੈਕਟਰ ਵਜੋਂ ਮਿਲੀ ਤਰੱਕੀ



ਐਸ.ਏ. ਐਸ. ਨਗਰ, 11 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵਲੋਂ ਸਬ ਇੰਸਪੈਕਟਰ ਬਰਮਾ ਸਿੰਘ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾ ਦਿੱਤਾ ਗਿਆ ਹੈ। ਉਹਨਾਂ ਨੂੰ ਤਰੱਕੀ ਮਿਲਣ ਤੇ ਜਿਲ੍ਹੇ ਦੇ ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਅਤੇ ਐਸ ਪੀ (ਡੀ) ਸੌਰਭ ਜਿੰਦਲ ਨੇ ਬਤੌਰ ਉਹਨਾਂ ਨੂੰ ਸਟਾਰ ਲਗਾ ਕੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਬਰਮਾ ਸਿੰਘ ਇਸ ਵੇਲੇ ਸੋਹਾਣਾ ਥਾਣਾ ਦੇ ਐਡੀਸ਼ਨਲ ਐਸ ਐਚ ਓ ਵਜੋਂ ਸੇਵਾ ਨਿਭਾ ਰਹੇ ਹਨ। 1988 ਵਿੱਚ ਪੰਜਾਬ ਪੁਲੀਸ ਵਿੱਚ ਕਾਂਸਟੇਬਲ ਭਰਤੀ ਹੋਏ ਬਰਮਾ ਸਿੰਘ ਦਾ ਬੇਦਾਗ ਸਰਵਿਸ ਦਾ ਰਿਕਾਰਡ ਰਿਹਾ ਹੈ ਅਤੇ ਉਹਨਾਂ ਨੇ ਆਪਣੇ 38 ਸਾਲ ਦੇ ਕਾਰਜਕਾਲ ਦੌਰਾਨ ਵੱਖ ਵੱਖ ਅਹੁਦਿਆਂ ਤੇ ਜਿੰਮੇਵਾਰੀ ਨਿਭਾਈ ਹੈ।

ਖੁੰਬਾਂ ਦੀ ਕਾਸ਼ਤ ਸਬੰਧੀ ਪੰਜ ਰੋਜ਼ਾ ਸਿਖਲਾਈ ਕੋਰਸ 18 ਨਵੰਬਰ ਤੋਂ ਸ਼ੁਰੂ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 10 ਨਵੰਬਰ (ਪੈ.ਗਾਮ-ਏ-ਜਗਤ)

ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.), ਐਸ.ਏ.ਐਸ. ਨਗਰ ਵੱਲੋਂ ਕਿਸਾਨਾਂ, ਮਹਿਲਾਵਾਂ ਅਤੇ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਖੁੰਬਾਂ ਦੀ ਕਾਸ਼ਤ ਸਬੰਧੀ ਪੰਜ ਰੋਜ਼ਾ ਸਿਖਲਾਈ ਕੋਰਸ 18 ਤੋਂ 25 ਨਵੰਬਰ 2026 ਤੱਕ ਕਰਵਾਇਆ ਜਾ ਰਿਹਾ ਹੈ। ਇਹ ਸਿਖਲਾਈ ਕੋਰਸ ਕੇ.ਵੀ.ਕੇ. ਕੈਂਪਸ, ਪਿੰਡ ਮਾਜਰਾ ਵਿਖੇ ਸਵੇਰੇ 10:00 ਵਜੇ ਸ਼ੁਰੂ ਹੋਵੇਗਾ।

ਇਸ ਸਿਖਲਾਈ ਦੌਰਾਨ ਭਾਗੀਦਾਰਾਂ ਨੂੰ ਪੰਜਾਬ ਵਿੱਚ ਖੁੰਬਾਂ ਦੀ ਕਾਸ਼ਤ ਦੀਆਂ ਸੰਭਾਵਨਾਵਾਂ, ਖੁੰਬਾਂ ਦੇ ਖੁਰਾਕੀ ਤੱਤਾਂ, ਇਸ ਦੀ ਕਾਸ਼ਤ ਦੀ ਆਰਥਿਕਤਾ ਅਤੇ ਖੁੰਬਾਂ ਤੋਂ ਵੱਖ-ਵੱਖ ਪਕਵਾਨ ਤਿਆਰ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਇਹ ਸਿਖਲਾਈ ਕੋਰਸ ਕਿਸਾਨਾਂ, ਮਹਿਲਾਵਾਂ ਅਤੇ ਨੌਜਵਾਨਾਂ ਲਈ ਖੁੰਬਾਂ ਦੀ ਕਾਸ਼ਤ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ, ਆਪਣੀ ਆਮਦਨ ਵਿੱਚ ਵਾਧਾ ਕਰਨ ਅਤੇ ਸਵੈ-ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਵਿੱਚ ਲਾਹੇਵੰਦ ਸਾਬਤ ਹੋਵੇਗਾ। ਇਸ ਸਿਖਲਾਈ ਕੋਰਸ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਵਿਅਕਤੀ ਵਧੇਰੇ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਲਈ ਮੋਬਾਈਲ ਨੰਬਰ 94643-66774 'ਤੇ ਸੰਪਰਕ ਕਰ ਸਕਦੇ ਹਨ।

ਕੌਮੀ ਤੈਰਾਕੀ ਚੈਂਪੀਅਨਸ਼ਿਪ ਵਿਚ ਤੀਜੇ ਨੰਬਰ ਤੇ ਆਈ ਪਵਨੀ ਨੂੰ ਮੰਤਰੀ ਵਿਜ ਨੇ 11 ਹਜ਼ਾਰ ਦਾ ਨਕਦ ਇਨਾਮ ਦਿੱਤਾ

ਪੈ.ਗਾਮ-ਏ-ਜਗਤ
ਅੰਬਾਲਾ, 11 ਨਵੰਬਰ (ਆਰ.ਸਿੰਘ)

ਭੋਪਾਲ ਵਿਚ ਆਯੋਜਿਤ ਸੀਬੀਐਸਈ ਕੌਮੀ ਤੈਰਾਕੀ ਚੈਂਪੀਅਨਸ਼ਿਪ ਵਿਚ ਕਾਂਸੀ ਦਾ ਤਮਗ਼ਾ ਜਿੱਤਣ ਵਾਲੀ ਮਾਈਂਡ ਟ੍ਰੀ ਸਕੂਲ ਅੰਬਾਲਾ ਸ਼ਹਿਰ ਦੀ ਪਵਨੀ ਨੂੰ ਕੈਬਨਿਟ ਮੰਤਰੀ ਅਨਿਲ ਵਿਜ ਨੇ 11 ਹਜ਼ਾਰ ਰੁਪਏ ਏ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਹੈ। ਮੰਤਰੀ ਵਿਜ ਨੇ ਕਿਹਾ ਕਿ ਪਵਨੀ ਨੇ ਕੌਮੀ ਪੱਧਰ ਤੇ ਤੀਜਾ ਇਨਾਮ ਹਾਸਲ ਕਰਕੇ ਸੂਬੇ ਅਤੇ ਸ਼ਹਿਰ ਦਾ ਮਾਣ ਵਧਾਇਆ ਹੈ।

ਸੀਬੀਐਸਈ ਕੌਮੀ ਤੈਰਾਕੀ ਚੈਂਪੀਅਨਸ਼ਿਪ 26 ਤੋਂ 29 ਅਕਤੂਬਰ ਤੱਕ ਭੋਪਾਲ ਵਿੱਚ ਆਯੋਜਿਤ ਕੀਤੀ ਗਈ ਸੀ। ਪਵਨੀ ਨੇ ਅੰਡਰ-



11 ਲੜਕੀਆਂ ਦੇ 100 ਮੀਟਰ ਫ੍ਰੀ ਸਟਾਈਲ ਤੈਰਾਕੀ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜੇ ਸਥਾਨ ਤੇ ਰਹਿ ਕੇ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ। ਪਵਨੀ ਪਹਿਲਾਂ ਵੀ ਵੱਖ-ਵੱਖ ਤੈਰਾਕੀ ਮੁਕਾਬਲਿਆਂ ਵਿੱਚ ਕਈ ਤਗਮੇ ਜਿੱਤ ਚੁੱਕੀ ਹੈ।

ਜ਼ਿਲ੍ਹਾ ਖੇਡ ਅਧਿਕਾਰੀ ਰਾਮ ਸਵਰੂਪ ਸ਼ਰਮਾ ਨੇ ਦੱਸਿਆ ਕਿ ਰਾਸ਼ਟਰੀ ਪੱਧਰ 'ਤੇ ਪਵਨੀ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਮਾਨਤਾ ਦਿੰਦੇ ਹੋਏ ਕੈਬਨਿਟ ਮੰਤਰੀ ਅਨਿਲ ਵਿਜ ਨੇ ਉਸ ਨੂੰ 11,000 ਰੁਪਏ ਦਾ ਨਕਦ ਇਨਾਮ ਭੇਟ ਕੀਤਾ ਹੈ। ਪਵਨੀ, ਉਸ ਦਾ ਪਰਿਵਾਰ, ਸਕੂਲ ਪ੍ਰਸ਼ਾਸਨ ਅਤੇ ਖੇਡ ਭਾਈਚਾਰਾ ਮੰਤਰੀ ਦੀ ਮਾਨਤਾ ਅਤੇ ਉਤਸ਼ਾਹ ਤੋਂ ਬਹੁਤ ਖ਼ੁਸ਼ ਹੈ।

ਹਲਕਾ ਮੋਹਾਲੀ ਤੋਂ ਪੰਜਾਬ ਕਾਂਗਰਸ ਪ੍ਰਧਾਨ ਪਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ ਤੇ ਬਲਬੀਰ ਸਿੱਧੂ ਵੱਲੋਂ "ਪੰਜਾਬ ਮੰਗਦਾ ਇਨਸਾਫ਼" ਮੁਹਿੰਮ ਦਾ ਆਗਾਜ਼

ਮੋਹਾਲੀ, 11 ਨਵੰਬਰ (ਪੈ.ਗਾਮ-ਏ-ਜਗਤ)

ਸੀਨੀਅਰ ਕਾਂਗਰਸੀ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਸ਼੍ਰੀ ਰਾਹੁਲ ਗਾਂਧੀ ਜੀ ਵੱਲੋਂ ਸੰਗਰੂਰ ਵਿਖੇ ਇਨਸਾਫ਼ ਰੈਲੀ ਦੌਰਾਨ ਦਿੱਤੇ ਗਏ ਸੰਦੇਸ਼ ਨੂੰ ਘਰ-

• ਕਾਂਗਰਸ 2027 ਵਿੱਚ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਵਿੱਢੇਗੀ ਆਰ-ਪਾਰ ਦੀ ਲੜਾਈ: ਬਲਬੀਰ ਸਿੰਘ ਸਿੱਧੂ

ਘਰ ਪਹੁੰਚਾਉਣ ਦੇ ਮਕਸਦ ਨਾਲ ਕਾਂਗਰਸ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ "ਪੰਜਾਬ ਮੰਗਦਾ ਇਨਸਾਫ਼" ਦੀ ਪਹਿਲੀ ਮੀਟਿੰਗ ਅੱਜ ਹਲਕਾ ਮੋਹਾਲੀ ਵਿਖੇ ਹੋਈ।

ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਪਰਗਟ ਸਿੰਘ, ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ, ਵਰਕਿੰਗ ਪ੍ਰਧਾਨ ਸ਼੍ਰੀ ਰਾਜ ਕੁਮਾਰ ਵੇਰਕਾ ਅਤੇ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਸਿਹਤ ਮੰਤਰੀ ਸ. ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ, ਨਸ਼ਿਆਂ, ਵਿਗੜ ਰਹੀ ਕਾਨੂੰਨ ਵਿਵਸਥਾ, ਭ੍ਰਿਸ਼ਟਾਚਾਰ ਅਤੇ ਲੋਕਾਂ ਨਾਲ ਹੋ ਰਹੇ ਕਥਿਤ ਧੱਕੇਸ਼ਾਹੀ ਦੇ ਮਾਮਲਿਆਂ ਨੂੰ ਲੈ ਕੇ ਸਰਕਾਰ ਨੂੰ ਘੇਰਨ ਦੀ ਰਣਨੀਤੀ ਉਲੀਕੀ ਗਈ। ਸ. ਪਰਗਟ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਦਲਾਅ ਦੀ ਉਮੀਦ ਨਾਲ ਆਮ ਆਦਮੀ ਪਾਰਟੀ ਨੂੰ



ਸੱਤਾ ਸੌਂਪੀ ਸੀ, ਪਰ ਅੱਜ ਲੋਕ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ। ਨਸ਼ਿਆਂ ਦਾ ਫੈਲਾਅ, ਅਪਰਾਧਾਂ ਵਿੱਚ ਵਾਧਾ ਅਤੇ ਵਿਗੜਦੀ ਕਾਨੂੰਨ ਵਿਵਸਥਾ ਸਰਕਾਰ ਦੇ ਦਾਅਵਿਆਂ ਦੀ ਅਸਲੀਅਤ ਬਿਆਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੋਹਾਲੀ ਦੇ ਲੋਕਾਂ ਨੇ ਵੀ ਦਿੱਲੀ ਤੋਂ ਆਏ ਵੱਡੇ-ਵੱਡੇ ਜੁਮਲਿਆਂ ਅਤੇ ਝੂਠੇ ਵਾਅਦਿਆਂ ਵਿੱਚ ਆ ਕੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ ਸੀ, ਪਰ ਹੁਣ ਲੋਕਾਂ ਨੂੰ ਆਪਣੇ ਫ਼ੈਸਲੇ ਦੀ ਅਸਲੀ ਕੀਮਤ ਸਮਝ ਆ ਰਹੀ ਹੈ।

ਉਨ੍ਹਾਂ ਕਿਹਾ ਕਿ "ਪੰਜਾਬ ਮੰਗਦਾ ਇਨਸਾਫ਼" ਸਿਰਫ਼ ਇੱਕ ਸਿਆਸੀ ਮੁਹਿੰਮ ਨਹੀਂ, ਸਗੋਂ ਪੰਜਾਬ ਦੇ ਪੀੜਤ ਲੋਕਾਂ ਦੀ ਆਵਾਜ਼ ਬਣਨ ਦਾ ਯਤਨ ਹੈ। ਇਸ ਮੁਹਿੰਮ ਤਹਿਤ ਨਸ਼ਿਆਂ ਅਤੇ ਅਪਰਾਧਾਂ ਤੋਂ ਪੀੜਤ ਪਰਿਵਾਰਾਂ ਨਾਲ ਮੁਲਾਕਾਤਾਂ ਕੀਤੀਆਂ ਜਾਣਗੀਆਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਪਾਰੀਆਂ, ਨੌਜਵਾਨਾਂ ਅਤੇ ਔਰਤਾਂ ਦੀਆਂ ਸਮੱਸਿਆਵਾਂ ਸੁਣੀਆਂ ਜਾਣਗੀਆਂ। ਸਾਈਕਲ ਯਾਤਰਾਵਾਂ ਅਤੇ ਜਨਤਕ ਮੀਟਿੰਗਾਂ ਰਾਹੀਂ ਸਰਕਾਰ ਦੀਆਂ ਨਾਕਾਮੀਆਂ ਨੂੰ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ ਦੇ ਹੱਕਾਂ ਅਤੇ ਲੋਕਾਂ ਦੇ ਇਨਸਾਫ਼ ਲਈ ਹਰ ਪੱਧਰ 'ਤੇ ਸੰਘਰਸ਼ ਕਰੇਗੀ।

ਪਰਗਟ ਸਿੰਘ ਨੇ ਬਲਬੀਰ ਸਿੰਘ ਸਿੱਧੂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹਲਕਾ ਮੋਹਾਲੀ ਦੇ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਹਨ ਅਤੇ ਲੋਕਾਂ ਨਾਲ ਉਨ੍ਹਾਂ ਦਾ ਲੰਮੇ ਸਮੇਂ ਤੋਂ ਗੂੜ੍ਹਾ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਸ. ਬਲਬੀਰ ਸਿੰਘ ਸਿੱਧੂ ਵੱਲੋਂ ਹਲਕੇ ਦੇ ਲੋਕਾਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਣਾ ਅਤੇ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਣਾ ਉਨ੍ਹਾਂ ਦੀ ਲੋਕਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਉਮੀਦ ਜਤਾਈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਲਕਾ ਮੋਹਾਲੀ ਦੇ ਲੋਕ ਉਨ੍ਹਾਂ ਨੂੰ ਵੱਡੀ ਲੀਡ ਨਾਲ ਜਿਤਾਉਣਗੇ।

ਸਾਬਕਾ ਸਿਹਤ ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਮੋਹਾਲੀ ਦੇ ਮੌਜੂਦਾ ਵਿਧਾਇਕ ਕੁਲਵੰਤ ਸਿੰਘ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਹਲਕੇ ਵਿੱਚ ਸਿਆਸੀ ਧੱਕੇਸ਼ਾਹੀ ਅਤੇ ਗੁੰਡਾਗਰਦੀ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਵਿਰੋਧੀ ਵਿਚਾਰ ਰੱਖਣ ਵਾਲੇ ਲੋਕਾਂ ਅਤੇ ਕਾਂਗਰਸੀ ਵਰਕਰਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਖ਼?ਲਾਫ਼ ਨਾਜਾਇਜ਼ ਪਰਚੇ ਦਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਵਿਰੋਧੀ ਆਵਾਜ਼ ਨੂੰ ਦਬਾਉਣ ਦੀ ਬਜਾਏ ਉਸ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ, ਪਰ ਮੋਹਾਲੀ ਵਿੱਚ ਸੱਤਾ ਦੇ ਨਸ਼ੇ ਵਿੱਚ ਲੋਕਾਂ ਨੂੰ ਡਰਾਉਣ ਅਤੇ ਦਬਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਸਿੱਧੂ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਦੀ ਨਿਰਪੱਖਤਾ 'ਤੇ ਵੀ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਸਿਆਸੀ ਦਬਾਅ ਹੇਠ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਕਾਨੂੰਨ ਦੀ ਵਰਤੋਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਸਭ ਲਈ ਬਰਾਬਰ ਹੋਣਾ ਚਾਹੀਦਾ ਹੈ ਅਤੇ ਪੁਲਿਸ ਨੂੰ ਸਿਆਸੀ ਇਸ਼ਾਰਿਆਂ ਦੀ ਬਜਾਏ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ "ਪੰਜਾਬ ਮੰਗਦਾ ਇਨਸਾਫ਼"ਮੁਹਿੰਮ ਰਾਹੀਂ ਮੋਹਾਲੀ ਤੋਂ ਇੱਕ ਨਵੀਂ ਲੜਾਈ ਦਾ ਆਗਾਜ਼ ਹੋ ਚੁੱਕਾ ਹੈ। ਕਾਂਗਰਸ ਪਾਰਟੀ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਹੇਗੀ, ਸਗੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਦੇ ਵਿਚਕਾਰ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੇਗੀ ਅਤੇ ਹਰ ਧੱਕੇਸ਼ਾਹੀ ਵਿਰੁੱਧ ਡਟ ਕੇ ਖੜ੍ਹੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਦਾ ਜਵਾਬ ਦੇਣਾ ਪਵੇਗਾ। ਲੋਕਾਂ ਦੀ ਲੁੱਟ, ਨਸ਼ਿਆਂ, ਭ੍ਰਿਸ਼ਟਾਚਾਰ ਅਤੇ ਸਿਆਸੀ ਬਦਲਾਖੋਰੀ ਦਾ ਹਿਸਾਬ ਲਿਆ ਜਾਵੇਗਾ। 2027 ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਲੋਕਾਂ ਨੂੰ ਇਨਸਾਫ਼, ਸੁਰੱਖਿਆ ਅਤੇ ਜਵਾਬਦੇਹ ਸ਼ਾਸਨ ਦੇਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕੀਤਾ ਜਾਵੇਗਾ।

15 ਸਾਲਾਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਸ਼ੁਰੂ ਹੋਇਆ ਮੌਲੀ ਬੈਦਵਾਣ ਦੀ ਫਿਰਨੀ ਤੇ ਅੰਦਰੂਨੀ ਸੜਕਾਂ ਦਾ ਕੰਮ

ਐਸ.ਏ.ਐਸ. ਨਗਰ, 11 ਨਵੰਬਰ (ਪੈ.ਗਾਮ-ਏ-ਜਗਤ)

ਮੁਹਾਲੀ ਨਗਰ ਨਿਗਮ ਦੇ ਅਧੀਨ ਆਉਂਦੇ ਪਿੰਡ ਮੌਲੀ ਬੈਦਵਾਣ ਦੇ ਵਸਨੀਕਾਂ ਦਾ ਫਿਰਨੀ ਅਤੇ ਸੜਕਾਂ ਦੇ ਨਿਰਮਾਣ ਸਬੰਧੀ ਕਰੀਬ 15 ਸਾਲਾਂ ਤੋਂ ਚੱਲਿਆ ਆ ਰਿਹਾ ਇੰਤਜ਼ਾਰ ਆਖ਼ਰਕਾਰ ਖ਼ਤਮ ਹੋ ਗਿਆ ਹੈ। ਮੁਹਾਲੀ ਨਗਰ ਨਿਗਮ ਦੇ ਮੇਅਰ ਸਰਬਜੀਤ ਸਿੰਘ ਸਮਾਣਾ ਵੱਲੋਂ ਪਿੰਡ ਦੀ

• ਮੇਅਰ ਸਰਬਜੀਤ ਸਿੰਘ ਸਮਾਣਾ ਨੇ ਰੱਖਿਆ 91.25 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ



ਫਿਰਨੀ ਅਤੇ ਅੰਦਰੂਨੀ ਸੜਕਾਂ ਦੇ ਨਿਰਮਾਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਇਨ੍ਹਾਂ ਵਿਕਾਸ ਕਾਰਜਾਂ ਤੇ ਕੁੱਲ 91.25 ਲੱਖ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ।

ਇਸ ਮੌਕੇ ਮੇਅਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਮੁਹਾਲੀ ਨਗਰ ਨਿਗਮ ਵੱਲੋਂ ਸ਼ਹਿਰ ਦੇ ਨਾਲ-ਨਾਲ ਨਿਗਮ ਵਿੱਚ ਸ਼ਾਮਲ ਹੋਏ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ ਅਤੇ ਪਿੰਡ ਦੀ ਫਿਰਨੀ ਅਤੇ ਅੰਦਰੂਨੀ ਸੜਕਾਂ ਦੇ ਨਿਰਮਾਣ ਨਾਲ ਜਿੱਥੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਉੱਥੇ ਰੋਜ਼ਾਨਾ ਆਉਣ-ਜਾਣ ਸਮੇਂ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੂਰ ਹੋਣਗੀਆਂ। ਮੇਅਰ ਨੇ ਕਿਹਾ ਕਿ ਸੜਕਾਂ ਦੇ ਨਿਰਮਾਣ ਦੌਰਾਨ ਕੰਮ ਦੀ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ ਅਤੇ ਸਾਰੇ ਕੰਮ ਨਿਰਧਾਰਤ ਮਾਪਦੰਡਾਂ ਅਨੁਸਾਰ ਕਰਵਾਏ ਜਾਣਗੇ, ਤਾਂ ਜੋ ਪਿੰਡ ਵਾਸੀਆਂ ਨੂੰ ਇਨ੍ਹਾਂ ਵਿਕਾਸ ਕਾਰਜਾਂ ਦਾ ਲੰਬੇ ਸਮੇਂ ਤੱਕ ਲਾਭ ਮਿਲ ਸਕੇ। ਇਸ ਮੌਕੇ ਵਾਰਡ ਨੰਬਰ 26 ਦੇ ਕੌਂਸਲਰ ਸਤਵਿੰਦਰ ਸਿੰਘ ਮਿੱਠੂ ਨੇ ਪਿੰਡ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਸੜਕਾਂ ਦੀ ਸਮੱਸਿਆ ਦੇ ਹੱਲ ਲਈ ਕੰਮ ਸ਼ੁਰੂ ਕਰਵਾਉਣ ਤੇ ਮੇਅਰ ਸਰਬਜੀਤ ਸਿੰਘ ਸਮਾਣਾ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਆਰ. ਪੀ. ਸ਼ਰਮਾ, ਡਿਪਟੀ ਮੇਅਰ ਹਰਪਾਲ ਸਿੰਘ ਚੰਨਾ, ਸਾਬਕਾ ਸਰਪੰਚ ਗੁਰਸੇਵਕ ਸਿੰਘ ਪ੍ਰੇਮੀ, ਬਲਾਕ ਸੰਮਤੀ ਮੈਂਬਰ ਅਵਤਾਰ ਸਿੰਘ, ਪੰਚ ਭੁਪਿੰਦਰ ਸਿੰਘ, ਪੰਚ ਭਾਗ ਸਿੰਘ, ਬੈਦਵਾਨ ਸਪੋਰਟਸ ਕਲੱਬ ਦੇ ਪ੍ਰਧਾਨ ਸੁਪਿੰਦਰ ਸਿੰਘ ਲਾਡੀ ਬੈਦਵਾਨ, ਮਨਪ੍ਰੀਤ ਸਿੰਘ, ਇੰਜੀਨੀਅਰ ਨਰੇਸ਼ ਬੱਤਾ, ਸੁਪਰਵਾਈਜ਼ਿੰਗ ਇੰਜੀਨੀਅਰ ਕਮਲਦੀਪ ਸਿੰਘ ਸਮੇਤ ਨਗਰ ਨਿਗਮ ਦੇ ਹੋਰ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।


ਅਦਿੱਤਿਆ ਡਚਲਵਾਲ ਨੇ ਐੱਸ.ਏ.ਐੱਸ. ਨਗਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 11 ਨਵੰਬਰ (ਪੈ.ਗਾਮ-ਏ-ਜਗਤ)

2016 ਬੈਚ ਦੇ ਆਈ.ਏ.ਐਸ ਅਫ਼ਸਰ ਸ਼੍ਰੀ ਅਦਿੱਤਿਆ ਡਚਲਵਾਲ ਨੇ ਅੱਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ। ਉਹ ਇਸ ਤੋਂ ਪਹਿਲਾਂ ਰੂਪਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ।

ਅਦਿੱਤਿਆ ਡਚਲਵਾਲ ਨੇ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ ਕਿ ਉਹ ਜ਼ਿਲ੍ਹੇ ਦੇ ਸਰਬਪੱਖੀ ਵਿਕਾਸ ਨੂੰ ਪਹਿਲ ਦੇਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਲੋਕ ਭਲਾਈ ਯੋਜਨਾਵਾਂ ਨੂੰ ਹਰ ਇੱਕ ਯੋਗ ਲਾਭਪਾਤਰੀ ਤੱਕ ਪੁੱਜਣਾ ਯਕੀਨੀ ਬਣਾਉਣ ਤੋਂ ਇਲਾਵਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨਾ, ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ, ਸਰਕਾਰੀ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣਾ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਜ਼ਿਲ੍ਹੇ ਨੂੰ ਹਰੇਕ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨ੍ਹਾਂ ਦੇ ਘਰ ਤੱਕ ਸਰਲ ਤਰੀਕੇ ਨਾਲ ਪੁੱਜਦਾ ਕਰਨ ਉੱਤੇ ਧਿਆਨ ਕੇਂਦਰਿਤ ਹੋਵੇਗਾ। ਇਸਦੇ ਨਾਲ ਹੀ ਸਿਹਤ, ਸਿੱਖਿਆ, ਪੀਣ ਵਾਲੇ ਪਾਣੀ, ਸਾਫ਼-




ਸਫਾਈ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਉਨ੍ਹਾਂ ਨੂੰ 'ਗਾਰਡ ਆਫ਼ ਆਨਰ' ਦਿੱਤਾ ਗਿਆ। ਡਿਪਟੀ ਕਮਿਸ਼ਨਰ ਵਲੋਂ ਅਹੁਦਾ ਸੰਭਾਲਣ ਬਾਅਦ ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੋਨਮ ਚੌਧਰੀ, ਸਹਾਇਕ ਕਮਿਸ਼ਨਰ ਡਾ. ਅੰਕਿਤਾ ਕਾਂਸਲ, ਐਸ.ਡੀ.ਐਮ ਡੇਰਾਬੱਸੀ ਅਮਿਤ ਗੁਪਤਾ, ਐਸ.ਡੀ.ਐਮ ਖਰੜ ਗੁਰਮੀਤ ਸਿੰਘ ਤੇ ਨਵਰੀਤ ਸਿੰਘ ਵਿਰਕ ਐੱਸ.ਪੀ. ਮੋਹਾਲੀ ਨਾਲ ਸੰਖੇਪ ਮੀਟਿੰਗ ਵੀ ਕੀਤੀ ਗਈ।

ਏ.ਐਸ.ਡੀ.ਡੀ. ਸ਼੍ਰੇਣੀ ਦੇ ਨਾਗਰਿਕਾਂ ਨੂੰ ਵੋਟਰ ਸੂਚੀ ਵਿਚ ਨਾਮ ਦਰਜ ਕਰਾਉਣ ਦਾ ਇਕ ਹੋਰ ਮੌਕਾ-ਡੀ.ਸੀ.

ਪੈ.ਗਾਮ-ਏ-ਜਗਤ/ਅੰਬਾਲਾ 11 ਨਵੰਬਰ (ਆਰ.ਸਿੰਘ)

ਜ਼ਿਲ੍ਹਾ ਚੋਣ ਅਫ਼ਸਰ ਅਤੇ ਡਿਪਟੀ ਕਮਿਸ਼ਨਰ ਸਚਿਨ ਗੁਪਤਾ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਏਐਸਡੀਡੀ (ਗ਼ੈਰਹਾਜ਼ਰ, ਤਬਾਦਲਾ, ਮ੍ਰਿਤਕ ਅਤੇ ਡੁਪਲੀਕੇਟ) ਸ਼੍ਰੇਣੀ ਵਿੱਚ ਨਿਸ਼ਾਨਬੱਧ ਵੋਟਰਾਂ, ਜਿਨ੍ਹਾਂ ਦੇ ਨਾਮ ਗਿਣਤੀ ਫਾਰਮ ਨਾ ਮਿਲਣ ਕਾਰਨ ਡਰਾਫਟ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਸਨ ਹੋ ਸਕੇ, ਨੂੰ ਅੰਤਿਮ ਵੋਟਰ ਸੂਚੀ ਵਿੱਚ ਆਪਣੇ ਨਾਮ ਸ਼ਾਮਲ ਕਰਨ ਦਾ ਇੱਕ ਹੋਰ ਮੌਕਾ ਦਿੱਤਾ ਗਿਆ ਹੈ। ਇਸ ਪਹਿਲਕਦਮੀ ਤਹਿਤ, ਸਬੰਧਿਤ ਬੀਐਲਓ ਨੂੰ ਐਮੂਨਰੇਸ਼ਨ ਫਾਰਮ ਪ੍ਰਦਾਨ ਕੀਤੇ ਜਾਣਗੇ ਤਾਂ ਜੋ ਉਹ ਨਿਰਧਾਰਿਤ ਸਮਾਂ ਸੀਮਾ ਦੇ ਅੰਦਰ ਇਸ ਕੰਮ ਨੂੰ ਪੂਰਾ ਕਰ ਸਕਨ। ਇਸ ਯਤਨ ਵਿੱਚ



ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਦਾ ਸਹਿਯੋਗ ਵੀ ਬਹੁਤ ਮਹੱਤਵਪੂਰਨ ਹੈ। ਡਿਪਟੀ ਕਮਿਸ਼ਨਰ ਅੱਜ ਆਪਣੇ ਦਫ਼ਤਰ ਵਿੱਚ ਰਾਜਨੀਤਿਕ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕਰ ਰਹੇ ਸਨ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਅਤੇ ਡਿਪਟੀ ਕਮਿਸ਼ਨਰ ਸਚਿਨ ਗੁਪਤਾ ਨੇ ਕਿਹਾ ਕਿ, ਭਾਰਤ ਚੋਣ ਕਮਿਸ਼ਨ ਵੱਲੋਂ 6 ਨਵੰਬਰ ਨੂੰ ਜਾਰੀ ਹਦਾਇਤਾਂ ਅਨੁਸਾਰ ਵਿਸ਼ੇਸ਼ ਤੀਬਰ ਸੋਧ ਪ੍ਰਕਿਰਿਆ ਤਹਿਤ ਇੱਕ ਹੋਰ ਮੌਕਾ ਪ੍ਰਦਾਨ ਕੀਤਾ ਗਿਆ ਹੈ। ਉਨ੍ਹਾਂ ਅਪੀਲ ਕੀਤੀ ਕਿ ਕੋਈ ਵੀ ਯੋਗ ਵੋਟਰ ਜੋ ਕਿਸੇ ਵੀ ਕਾਰਨ ਕਰਕੇ ਵਿਸ਼ੇਸ਼ ਤੀਬਰ ਸੋਧ ਪ੍ਰਕਿਰਿਆ ਤੋਂ ਬਾਹਰ ਰਹਿ ਗਿਆ ਹੈ, ਇਸ ਮੌਕੇ ਦਾ ਲਾਭ ਉਠਾਵੇ। ਉਨ੍ਹਾਂ ਕਿਹਾ ਕਿ ਇਸ ਕੰਮ ਲਈ ਬੀ.ਐਲ.ਓਜ਼ ਨੂੰ ਤਾਇਨਾਤ ਅਤੇ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੁਆਰਾ ਨਿਯੁਕਤ ਕੀਤੇ ਗਏ ਬੀ.ਐਲ.ਓ. ਏਜੰਟਾਂ ਦੀ ਸਹਾਇਤਾ ਕਰਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਯਕੀਨੀ ਬਣਾਉਣ ਦੀ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਕੋਈ ਵੀ ਯੋਗ ਵੋਟਰ ਵਿਸ਼ੇਸ਼ ਡੂੰਘਾਈ ਨਾਲ ਸਮੀਖਿਆ ਤੋਂ ਵਾਂਝਾ ਨਾ ਰਹੇ ਅਤੇ ਸਾਰੇ ਯੋਗ ਵੋਟਰ ਨਿਯਮਾਂ ਅਨੁਸਾਰ ਆਪਣੀ ਵੋਟ ਪਾ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਇਹ ਕੰਮ ਅਗਲੇ 10 ਦਿਨਾਂ ਵਿੱਚ ਨਜ਼ਦੀਕੀ ਤਾਲਮੇਲ ਨਾਲ ਕੀਤਾ ਜਾਵੇਗਾ ਜਿਸ ਦੀ ਅੰਤਿਮ ਪ੍ਰਕਾਸ਼ਨਾ 30 ਨਵੰਬਰ, 2026 ਨੂੰ ਹੋਣੀ ਤੈਅ ਹੈ। ਇਸ ਮੌਕੇ ਐਸ.ਡੀ.ਐਮ. ਦਰਸ਼ਨ ਕੁਮਾਰ, ਐਸ.ਡੀ.ਐਮ. ਸਤਿੰਦਰ ਸਿਵਾਚ, ਜ਼ਿਲ੍ਹਾ ਚੋਣ ਤਹਿਸੀਲਦਾਰ ਗੁਲਸ਼ਨ ਸ਼ਰਮਾ, ਡੀ.ਆਈ.ਪੀ.ਆਰ.ਓ. ਧਰਮਿੰਦਰ ਕੁਮਾਰ ਅਤੇ ਸਬੰਧਿਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਮੌਜੂਦ ਸਨ।

ਡਾ. ਰਮਾ ਵਾਲੀਆ ਨੂੰ ਮੌਲੀਕਿਊਲਰ ਇਮੇਜਿੰਗ ਵਿੱਚ ਸ਼ਾਨਦਾਰ ਖੋਜ ਲਈ ਈ.ਐਸ.ਆਈ. ਦਾ ਸਰਵੋਤਮ ਖੋਜਕਰਤਾ ਪੁਰਸਕਾਰ

ਚੰਡੀਗੜ੍ਹ, 11 ਨਵੰਬਰ (ਪੈ.ਗਾਮ-ਏ-ਜਗਤ)

ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐਮਈਆਰ), ਚੰਡੀਗੜ੍ਹ ਦੇ ਐਂਡੋਕ੍ਰਾਈਨੋਲੋਜੀ ਵਿਭਾਗ ਦੀ ਐਡੀਸ਼ਨਲ ਪ੍ਰੋਫੈਸਰ ਡਾ. ਰਮਾ ਵਾਲੀਆ ਨੂੰ ਅਕਤੂਬਰ 2026 ਵਿੱਚ ਹੋਈ ਐਂਡੋਕ੍ਰਾਈਨ ਸੋਸਾਇਟੀ ਆਫ਼ ਇੰਡੀਆ (ਈਐਸਆਈ) ਦੀ ਕਾਨਫਰੰਸ ਦੌਰਾਨ ਸਰਵੋਤਮ ਖੋਜਕਰਤਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਇਹ ਪੁਰਸਕਾਰ ਕੁਸ਼ਿੰਗ ਰੋਗ ਨਾਲ ਸਬੰਧਤ ਟਿਊਮਰਾਂ ਦੀ ਪਛਾਣ ਲਈ ਆਧੁਨਿਕ ਮੌਲੀਕਿਊਲਰ ਇਮੇਜਿੰਗ ਤਕਨੀਕਾਂ ਬਾਰੇ ਉਨ੍ਹਾਂ ਦੀ ਨਵੀਨਤਮ ਖੋਜ ਲਈ ਦਿੱਤਾ ਗਿਆ ਹੈ। ਉਨ੍ਹਾਂ ਦਾ ਖੋਜ ਪੱਤਰ, ਜਿਸ ਦਾ ਸਿਰਲੇਖ TA Novel Molecular Imaging Technique Using [68Ga]Ga-mDesmo PET-CT for Localizing Tumors in Cushings Disease" ਹੈ, ਸਾਲ 2025 ਵਿੱਚ ਪ੍ਰਸਿੱਧ ਯੂਰਪੀਅਨ ਜਰਨਲ ਆਫ਼ ਨਿਊਕਲੀਅਰ ਮੈਡੀਸਨ ਐਂਡ ਮੌਲੀਕਿਊਲਰ ਇਮੇਜਿੰਗ ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਅਧਿਐਨ ਵਿੱਚ ਵੈਸੋਪ੍ਰੈਸਿਨ ਰਿਸੈਪਟਰਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਆਧੁਨਿਕ [68Ga]Ga-mDesmo PET-CT ਤਕਨੀਕ ਰਾਹੀਂ ਕੁਸ਼ਿੰਗ ਰੋਗ ਲਈ ਜ਼ਿੰਮੇਵਾਰ ਕੋਰਟੀਕੋਟ੍ਰੋਫ ਟਿਊਮਰਾਂ ਦੀ ਪਛਾਣ ਅਤੇ ਉਨ੍ਹਾਂ ਦੀ ਸਹੀ ਸਥਿਤੀ ਦਾ ਪਤਾ ਲਗਾਉਣ ਦੀ ਸੰਭਾਵਨਾ ਦਾ ਅਧਿਐਨ ਕੀਤਾ ਗਿਆ। ਇਸ ਖੋਜ ਵਿੱਚ 234 ਮਰੀਜ਼ ਸ਼ਾਮਲ ਸਨ। ਨਤੀਜਿਆਂ ਨੇ ਦਰਸਾਇਆ ਕਿ ਇਹ ਤਕਨੀਕ ਖਾਸ ਤੌਰ 'ਤੇ ਉਨ੍ਹਾਂ



ਮਾਮਲਿਆਂ ਵਿੱਚ ਜਾਂਚ ਦੀ ਸਹੀਤਾ ਵਧਾਉਣ ਵਿੱਚ ਮਦਦਗਾਰ ਹੋ ਸਕਦੀ ਹੈ, ਜਿੱਥੇ ਰਵਾਇਤੀ ਇਮੇਜਿੰਗ ਤਕਨੀਕਾਂ ਰਾਹੀਂ ਸਪੱਸ਼ਟ ਨਤੀਜੇ ਨਹੀਂ ਮਿਲਦੇ। ਕੁਸ਼ਿੰਗ ਰੋਗ ਇੱਕ ਗੁੰਝਲਦਾਰ ਐਂਡੋਕ੍ਰਾਈਨ ਬਿਮਾਰੀ ਹੈ, ਜਿਸ ਵਿੱਚ ਸਰੀਰ ਵਿੱਚ ਕੋਰਟੀਸੋਲ ਹਾਰਮੋਨ ਦੀ ਮਾਤਰਾ ਬਹੁਤ ਜ਼ਿਆਦਾ ਹੋ ਜਾਂਦੀ ਹੈ। ਇਸ ਬਿਮਾਰੀ ਦੇ ਮੂਲ ਕਾਰਨ ਦੀ ਪਛਾਣ ਕਰਨਾ ਅਕਸਰ ਚੁਣੌਤੀਪੂਰਨ ਹੁੰਦਾ ਹੈ। ਇਹ ਖੋਜ ਇਸ ਬਿਮਾਰੀ ਦੇ ਬਿਹਤਰ ਨਿਦਾਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਡਾ. ਵਾਲੀਆ ਦੀ ਇਹ ਪ੍ਰਾਪਤੀ ਪੀਜੀਆਈਐਮਈਆਰ ਚੰਡੀਗੜ੍ਹ ਵੱਲੋਂ ਐਂਡੋਕ੍ਰਾਈਨ ਖੋਜ, ਵਿਗਿਆਨਕ ਨਵੀਨਤਾ ਅਤੇ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਉਜਾਗਰ ਕਰਦੀ ਹੈ।

ਫਗਵਾੜਾ ਤੋਂ ਵਿਧਾਨ ਸਭਾ ਚੋਣ ਲੜਨ ਤੋਂ ਪਹਿਲਾਂ ਡਾ. ਰਾਜ ਕੁਮਾਰ ਚੱਬੇਵਾਲ ਸੰਸਦ ਮੈਂਬਰ ਦੇ ਅਹੁਦੇ ਤੋਂ ਦੇਣ ਅਸਤੀਫ਼ਾ: ਸੋਹਣ ਸਿੰਘ ਠੰਡਲ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਦੀ ਸਿਆਸਤ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਇਸੇ ਦੌਰਾਨ ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਨੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੇ ਮੌਜੂਦਾ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਤੋਂ ਅਸਤੀਫ਼ੇ ਦੀ ਮੰਗ ਕਰਕੇ ਸਿਆਸੀ ਮਾਹੌਲ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

ਸੋਹਣ ਸਿੰਘ ਠੰਡਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਜੇਕਰ ਡਾ. ਰਾਜ ਕੁਮਾਰ ਚੱਬੇਵਾਲ ਫਗਵਾੜਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਹੁਸ਼ਿਆਰਪੁਰ ਦੇ ਸੰਸਦ ਮੈਂਬਰ ਵਜੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ ਲੋਕਾਂ ਨੇ ਡਾ. ਚੱਬੇਵਾਲ ਨੂੰ ਲੋਕ

• ਸਾਬਕਾ ਕੈਬਨਿਟ ਮੰਤਰੀ ਨੇ ਹੁਸ਼ਿਆਰਪੁਰ ਦੇ ਮੌਜੂਦਾ ਸੰਸਦ ਮੈਂਬਰ ਨੂੰ ਘੇਰਿਆ; ਕਿਹਾ- ਜੇਕਰ ਵਿਧਾਨ ਸਭਾ ਚੋਣ ਲੜਨ ਦੀ ਇੱਛਾ ਹੈ ਤਾਂ ਪਹਿਲਾਂ ਲੋਕ ਸਭਾ ਦੀ ਸੀਟ ਛੱਡਣ

ਸਭਾ ਚੋਣਾਂ ਵਿੱਚ ਜਿੱਤ ਦਿਵਾ ਕੇ ਹੁਸ਼ਿਆਰਪੁਰ ਹਲਕੇ ਦੀ ਨੁਮਾਇੰਦਗੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ ਅਤੇ ਇਸ ਜ਼ਿੰਮੇਵਾਰੀ ਪ੍ਰਤੀ ਸਪੱਸ਼ਟਤਾ ਹੋਣੀ ਚਾਹੀਦੀ ਹੈ। ਸਾਬਕਾ ਮੰਤਰੀ ਨੇ ਸਵਾਲ ਉਠਾਇਆ ਕਿ ਜੇਕਰ ਕੋਈ ਚੁਣਿਆ ਹੋਇਆ ਸੰਸਦ ਮੈਂਬਰ ਆਪਣਾ ਧਿਆਨ ਵਿਧਾਨ ਸਭਾ ਚੋਣਾਂ ਵੱਲ ਕੇਂਦਰਿਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਆਪਣੀ ਮੌਜੂਦਾ ਜ਼ਿੰਮੇਵਾਰੀ ਬਾਰੇ ਸਪੱਸ਼ਟ ਫੈਸਲਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿਆਸਤ ਵਿੱਚ ਜਨਤਾ ਵੱਲੋਂ ਦਿੱਤੇ ਗਏ ਫਤਵੇ ਅਤੇ ਲੋਕਾਂ ਦੀਆਂ ਉਮੀਦਾਂ ਦਾ ਸਨਮਾਨ ਕਰਨਾ ਬਹੁਤ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਡਾ. ਰਾਜ ਕੁਮਾਰ ਚੱਬੇਵਾਲ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਹਨ। ਫਗਵਾੜਾ ਵਿਧਾਨ ਸਭਾ ਹਲਕੇ ਤੋਂ ਸੰਭਾਵਿਤ ਚੋਣ ਲੜਨ ਦੇ ਮੁੱਦੇ ਨੂੰ ਲੈ ਕੇ ਸੋਹਣ ਸਿੰਘ ਠੰਡਲ ਵੱਲੋਂ ਦਿੱਤੇ ਗਏ ਇਸ ਬਿਆਨ ਨੇ ਸਿਆਸੀ ਹਲਕਿਆਂ ਵਿੱਚ ਚਰਚਾ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਹੁਣ ਸਿਆਸੀ ਨਜ਼ਰਾਂ ਇਸ ਗੱਲ 'ਤੇ ਟਿਕੀਆਂ ਹੋਈਆਂ ਹਨ ਕਿ ਡਾ. ਰਾਜ ਕੁਮਾਰ ਚੱਬੇਵਾਲ ਸਾਬਕਾ ਕੈਬਨਿਟ ਮੰਤਰੀ ਦੀ ਇਸ ਮੰਗ 'ਤੇ ਕੀ ਪ੍ਰਤੀਕਿਰਿਆ ਦਿੰਦੇ ਹਨ ਅਤੇ ਫਗਵਾੜਾ ਤੋਂ ਚੋਣ ਲੜਨ ਸਬੰਧੀ ਉਨ੍ਹਾਂ ਦਾ ਅਗਲਾ ਸਿਆਸੀ ਕਦਮ ਕੀ ਹੋਵੇਗਾ।



ਖਾਲਸਾ ਕਾਲਜ ਮਾਹਿਲਪੁਰ ਵਿੱਚ ਇੰਟਰ ਜ਼ੋਨਲ ਯੁਵਕ ਅਤੇ ਵਿਰਾਸਤੀ ਮੇਲਾ ਸ਼ਾਨੋ ਸ਼ੌਕਤ ਨਾਲ ਸ਼ੁਰੂ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ/ਦਲਜੀਤ ਅਜਨੋਹਾ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਧੀਨ ਚੱਲਦੇ ਕਾਲਜਾਂ ਦੇ ਜ਼ੋਨਲ ਮੁਕਾਬਲਿਆਂ ਵਿੱਚੋਂ ਜੇਤੂ ਵਿਦਿਆਰਥੀਆਂ ਦੀਆਂ ਵੱਖ ਵੱਖ ਸਿਰਜਣਾਤਮਿਕ, ਕਲਾਤਮਿਕ ਅਤੇ ਵਿਰਾਸਤੀ ਗਤੀਵਿਧੀਆਂ ਨਾਲ ਸਬੰਧਤ ਚਾਰ ਦਿਨ੍ਹਾਂ ਇੰਟਰ ਜ਼ੋਨਲ ਯੁਵਕ ਤੇ ਵਿਰਾਸਤੀ ਮੇਲਾ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਬੰਧਾਂ ਅਧੀਨ ਚੱਲਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਅੱਜ ਸ਼ਾਨੋ ਸ਼ੌਕਤ ਨਾਲ ਆਰੰਭ ਹੋ ਗਿਆ।

ਇਸ ਯੁਵਕ ਮੇਲੇ ਦੇ ਉਦਘਾਟਨੀ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਕੁਲਵੰਤ ਸਿੰਘ ਆਈਏਐੱਸ, ਡਾਇਰੈਕਟਰ ਡੀਪੀਆਈ (ਕਾਲਜਾਂ) ਨੇ ਸ਼ਿਰਕਤ ਕੀਤੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਕਾਲਜ ਵਿਕਾਸ ਕੌਂਸਲ ਦੇ ਡੀਨ ਡਾ ਰਵੀਇੰਦਰ ਸਿੰਘ ਹਾਜ਼ਰ ਹੋਏ। ਇਸ ਮੌਕੇ ਕੇਂਦਰੀ ਸਾਬਕਾ ਮੰਤਰੀ ਵਿਜੇ ਸਾਂਪਲਾ ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਯੁਵਕ ਮੇਲੇ ਦੇ ਪ੍ਰਧਾਨਗੀ ਮੰਡਲ ਵਿੱਚ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ, ਖਜ਼ਾਨਚੀ ਵੀਰਇੰਦਰ ਸ਼ਰਮਾ ਸਮੇਤ ਹੋਰ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ 'ਦੇਹ ਸ਼ਿਵਾ ਵਰ ਮੋਹਿ ਏਹੈ' ਦੇ ਸ਼ਬਦ ਗਾਇਣ ਨਾਲ ਇੰਟਰ ਯੁਵਕ ਮੇਲੇ ਦਾ ਆਗਾਜ਼ ਹੋਇਆ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਹਾਜ਼ਰ ਮਹਿਮਾਨਾਂ ਸਮੇਤ ਵੱਖ ਵੱਖ ਕਾਲਜਾਂ ਤੋਂ ਪੁੱਜੇ ਵਿਦਿਆਰਥੀਆਂ ਲਈ ਸਵਾਗਤੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਜ਼ੋਨਲ ਯੁਵਕ ਮੇਲੇ ਅਤੇ ਇੰਟਰ ਯੁਵਕ ਮੇਲੇ ਦੋਵਾਂ ਦੇ ਆਯੋਜਨ ਸਬੰਧੀ ਸਹਿਯੋਗ ਲਈ ਕਾਲਜ ਦੀ ਪ੍ਰਬੰਧਕੀ ਕਮੇਟੀ ਅਤੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

ਇਸ ਮੌਕੇ ਮੁੱਖ ਮਹਿਮਾਨ ਡਾਇਰੈਕਟਰ (ਕਾਲਜਾਂ) ਕੁਲਵੰਤ ਸਿੰਘ ਧੂਰੀ ਨੇ ਵਿਦਿਆਰਥੀਆਂ ਨੂੰ ਅਜਿਹੇ ਯੁਵਕ ਮੇਲਿਆਂ ਵਿੱਚ ਭਰਵੀਂ ਸ਼ਮੂਲੀਅਤ ਦਾ ਸੱਦਾ ਦਿੱਤਾ ਤੇ ਕਾਲਜ ਦੇ ਵਧੀਆ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਵਿਸ਼ੇਸ਼ ਮਹਿਮਾਨ ਡੀਨ ਡਾ ਰਵੀ ਇੰਦਰ ਸਿੰਘ ਨੇ ਯੂਨੀਵਰਸਿਟੀ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਕੇਂਦਰੀ ਸਾਬਕਾ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਅਜਿਹੇ ਯੁਵਕ ਮੇਲੇ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਪ੍ਰਤੀ ਜਾਗਰੂਕ ਰੱਖਣ ਵਾਲੇ ਦੱਸਦਿਆਂ ਕਾਲਜ ਦੀ ਪ੍ਰਬੰਧਕੀ ਕਮੇਟੀ, ਪਿੰਸੀਪਲ ਅਤੇ ਸਟਾਫ ਨੂੰ ਮੁਬਾਰਕਬਾਦ ਦਿੱਤੀ। ਇੰਟਰ ਯੁਵਕ ਮੇਲੇ ਦੌਰਾਨ ਲੋਕ ਨਾਚ ਭੰਗੜਾ ਵਿੱਚ ਜੀ ਜੀ ਐੱਨ ਖਾਲਸਾ ਕਾਲਜ ਲੁਧਿਆਣਾ ਨੇ ਪਹਿਲਾ,ਖਾਲਸਾ ਕਾਲਜ ਚੰਡੀਗੜ੍ਹ ਅਤੇ ਸਰਕਾਰੀ ਕਾਲਜ ਲੁਧਿਆਣਾ ਨੇ ਸਾਂਝੇ ਤੌਰ 'ਤੇ ਦੂਜਾ ਅਤੇ ਜੀਜੀਡੀਐਸਡੀ ਕਾਲਜ ਚੰਡੀਗੜ੍ਹ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੋਕ ਨਾਚ ਗਿੱਧਾ ਦੀ ਪੇਸ਼ਕਾਰੀ ਵਿੱਚ ਡੀਏਵੀ ਕਾਲਜ ਚੰਡੀਗੜ੍ਹ ਨੇ ਪਹਿਲਾ,ਜੀ ਜੀ ਡੀ ਐੱਸ ਡੀ ਕਾਲਜ ਚੰਡੀਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਵੰਨਗੀ ਵਿੱਚ ਦੇਵ ਸਮਾਜ ਕਾਲਜ ਫਿਰੋਜ਼ਪੁਰ, ਖਾਲਸਾ ਕਾਲਜ ਮਾਹਿਲਪੁਰ ਅਤੇ ਗਰਲਜ਼ ਕਾਲਜ ਬਾਦਲ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ, ਸੈਨੇਟ ਮੈਂਬਰ ਡਾ ਜਗਤਾਰ ਸਿੰਘ, ਸੁਰਿੰਦਰ ਕੁਮਾਰ ਸ਼ਰਮਾ, ਕਪਿਲ ਕੁਮਾਰ ਸ਼ਰਮਾ, ਜਸਵੰਤ ਸਿੰਘ, ਲੋਕ ਗਾਇਕ ਜੱਗੀ ਅਮਰਗੜ੍ਹ, , ਡਾ ਜਸਵੰਤ ਸਿੰਘ ਥਿੰਦ, ਪ੍ਰਿੰ. ਡਾ. ਰੋਹਤਾਂਸ਼, ਪਿ?ਰੰ. ਐੱਸ ਐੱਸ ਸੰਘਾ, ਜੀ ਐੱਸ ਕਾਲਕਟ, ਪ੍ਰਬੰਧਕੀ ਸਕੱਤਰ ਡਾ ਵਿਕਰਾਂਤ ਸਿੰਘ ਰਾਣਾ, ਡਾ ਆਰਤੀ ਸ਼ਰਮਾ, ਡਾ ਰਾਕੇਸ਼ ਕੁਮਾਰ, ਡਾ ਕੋਮਲ, ਪ੍ਰੋ ਸੁਖਵਿੰਦਰ ਸਿੰਘ, ਰੁਪਿੰਦਰਜੋਤ ਬੱਬੂ, ਜਗਜੀਤ ਸਿੰਘ ਗਣੇਸ਼ਪੁਰ, ਗੁਰਵਿੰਦਰ ਕੈਂਡੋਵਾਲ ਸਮੇਤ ਵੱਖ-ਵੱਖ ਕਾਲਜਾਂ ਦੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

ਨਵੀਂ ਚੇਤਨਾ ਲੇਖਕ ਮੰਚ ਗੁਰੂ ਰਵਿਦਾਸ ਦੇ ਗਰਪੁਰਬ 'ਤੇ ਕਰਵਾਏਗਾ ਕਵੀ ਦਰਬਾਰ : ਜਗਦੀਸ਼ ਰਾਣਾ



ਫਗਵਾੜਾ, 11 ਨਵੰਬਰ (ਪੈ.ਗਾਮ-ਏ-ਜਗਤ)

ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਪੰਜਾਬ ਦੇ ਜਨ ਸਕੱਤਰ ਉੱਘੇ ਲੋਕ ਸ਼ਾਇਰ ਜਗਦੀਸ਼ ਰਾਣਾ ਨੇ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ ਕਿ ਮੰਚ ਦੀ ਇੱਕ ਅਹਿਮ ਮੀਟਿੰਗ ਸ਼ਾਮ ਸਰਗੂੰਦੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਿੱਥੇ ਬੀਤੇ ਸਮਿਆਂ ਵਿੱਚ ਹੋਏ ਹੋਰ ਪ੍ਰੋਗਰਾਮਾਂ ਸਮੇਤ ਮੰਚ ਵਲੋਂ ਇਸ ਸਾਲ ਸ਼ੁਰੂ ਕੀਤੇ ਗਏ ਚੰਨ ਗੁਰਾਇਆਂ ਵਾਲਾ ਯਾਦਗਾਰੀ ਐਵਾਰਡ ਬਾਰੇ ਅਹਿਮ ਵਿਚਾਰ ਚਰਚਾ ਕੀਤੀ ਗਈ, ਓਥੇ ਹੀ ਮੰਚ ਵਲੋਂ ਸਰਵਸੰਮਤੀ ਨਾਲ ਇਹ ਫ਼ੈਸਲਾ ਕੀਤਾ ਗਿਆ ਕਿ ਮੰਚ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਵੇ ਗੁਰਪੁਰਬ ਮੌਕੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਸਬੰਧੀ ਇੱਕ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਵਿਸ਼ਾਲ ਕਵੀ ਦਰਬਾਰ ਵੀ ਕਰਵਾਇਆ ਜਾਵੇਗਾ। ਮੰਚ ਦੇ ਖਜ਼ਾਨਚੀ ਗੁਰਮੁਖ ਲੁਹਾਰ ਨੇ ਦੱਸਿਆ ਕਿ ਮੰਚ ਦੇ ਚੇਅਰਮੈਨ ਨਾਮਵਰ ਗੀਤਕਾਰ ਮੱਖਣ ਲੁਹਾਰ ਗੁਰੂ ਰਵਿਦਾਸ ਮਹਾਰਾਜ ਦੇ ਗੁਰਪੁਰਬ ਸਬੰਧੀ ਭਾਰਤ ਆ ਰਹੇ ਹਨ, ਇਹ ਪ੍ਰੋਗਰਾਮ ਉਹਨਾਂ ਦੀ ਦੇਖ ਰੇਖ ਹੇਠ ਹੋਵੇਗਾ। ਇਸਤੋਂ ਪਹਿਲਾਂ ਆਸਟ੍ਰੇਲੀਆ ਫੇਰੀ ਤੋਂ 6 ਮਹੀਨਿਆਂ ਬਾਅਦ ਬੀਤੇ ਦਿਨੀਂ ਭਾਰਤ ਪਰਤੇ ਮੰਚ ਦੇ ਸਰਪ੍ਰਸਤ ਉੱਘੇ ਮਿਸ਼ਨਰੀ ਗੀਤਕਾਰ ਸੋਹਣ ਸਹਿਜਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਸ਼ਾਮ ਸਰਗੂੰਦੀ, ਸੋਹਣ ਸਹਿਜਲ, ਜਗਦੀਸ਼ ਰਾਣਾ, ਰਾਜੀਵ ਭਾਰਤੀ, ਅਵਤਾਰ ਕੈਲੇ, ਮੋਤੀ ਰਾਮ ਚੌਹਾਨ ਅਤੇ ਗੁਰਮੁਖ ਲੁਹਾਰ ਨੇ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ।

ਨਹਿਰੀ ਪਾਣੀ ਤੇ ਵਿੱਕੀ ਚੌਧਰੀ ਦੇ ਤਿੱਖੇ ਸਵਾਲ, ਬਲਾਚੌਰ 'ਚ ਕਿਸਾਨਾਂ ਨੂੰ ਨਹੀਂ ਮਿਲ ਰਿਹਾ ਪਾਣੀ, ਸਰਕਾਰ ਤੋਂ ਮੰਗਿਆ ਜਵਾਬ

ਪੈ.ਗਾਮ-ਏ-ਜਗਤ
ਬਲਾਚੌਰ, 11 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵਿੱਕੀ ਚੌਧਰੀ ਕਾਠਗੜ੍ਹ ਨੇ ਬਲਾਚੌਰ ਹਲਕੇ ਵਿੱਚ ਕਿਸਾਨਾਂ ਨੂੰ



ਨਹਿਰੀ ਪਾਣੀ ਨਾ ਮਿਲਣ ਦੇ ਮੁੱਦੇ 'ਤੇ ਪੰਜਾਬ ਸਰਕਾਰ ਤੋਂ ਤਿੱਖੇ ਸਵਾਲ ਪੁੱਛੇ ਹਨ। ਉਨ੍ਹਾਂ ਨੇ ਵੀਡੀਓ ਜਾਰੀ ਕਰਕੇ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕੀਤੇ ਅਤੇ ਕਿਸਾਨਾਂ ਦੀ ਹਾਲਤ ਵੱਲ ਧਿਆਨ ਦਿਵਾਉਣ ਦੀ ਮੰਗ ਕੀਤੀ ਹੈ।

ਵਿੱਕੀ ਚੌਧਰੀ ਨੇ ਕਿਹਾ ਕਿ ਬਲਾਚੌਰ ਇਲਾਕੇ ਵਿੱਚ ਪਿਛਲੇ ਕਈ ਦਿਨਾਂ ਤੋਂ ਕਿਸਾਨਾਂ ਨੂੰ ਨਹਿਰੀ ਪਾਣੀ ਨਹੀਂ ਮਿਲ ਰਿਹਾ, ਜਿਸ ਕਾਰਨ ਫਸਲਾਂ ਸੁੱਕਣ ਦੇ ਕੰਢੇ 'ਤੇ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਪਹਿਲਾਂ ਹੀ ਮਹਿੰਗੇ ਡੀਜ਼ਲ, ਖਾਦਾਂ ਅਤੇ ਬੀਜਾਂ ਦੇ ਬੋਝ ਹੇਠ ਦੱਬੇ ਹੋਏ ਹਨ ਅਤੇ ਹੁਣ ਪਾਣੀ ਨਾ ਮਿਲਣ ਕਾਰਨ ਉਨ੍ਹਾਂ ਦੀ ਮਿਹਨਤ ਵੀ ਖ਼ਰਾਬ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ।

ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਬਲਾਚੌਰ ਹਲਕੇ ਦੇ ਕਿਸਾਨਾਂ ਲਈ ਤੁਰੰਤ ਨਹਿਰੀ ਪਾਣੀ ਛੱਡਿਆ ਜਾਵੇ ਅਤੇ ਇਸ ਦੇਰੀ ਦਾ ਕਾਰਨ ਸਪੱਸ਼ਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿਰਫ਼ ਕਾਗਜ਼ਾਂ ਵਿੱਚ ਦਾਅਵੇ ਕਰਨ ਨਾਲ ਕਿਸਾਨਾਂ ਦਾ ਭਲਾ ਨਹੀਂ ਹੋਵੇਗਾ, ਸਰਕਾਰ ਨੂੰ ਜ਼ਮੀਨੀ ਪੱਧਰ 'ਤੇ ਆ ਕੇ ਕਿਸਾਨਾਂ ਦੀ ਸਮੱਸਿਆ ਨੂੰ ਸਮਝਣਾ ਪਵੇਗਾ ਅਤੇ ਤੁਰੰਤ ਹੱਲ ਕਰਨਾ ਪਵੇਗਾ। ਵਿੱਕੀ ਚੌਧਰੀ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦੀ ਪਾਣੀ ਨਾ ਛੱਡਿਆ ਗਿਆ ਤਾਂ ਕਿਸਾਨਾਂ ਨੂੰ ਮਜਬੂਰਨ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

ਰੋਟਰੀ ਆਈ ਬੈਂਕ ਐਂਡ ਕੋਰਨੀਅਲ ਟਰਾਂਸਪਲਾਂਟ ਸੋਸਾਇਟੀ ਯੂਨਿਟ ਗੜ੍ਹਸ਼ੰਕਰ ਦੀ ਸਰਕਾਰੀ ਹਸਪਤਾਲ ਵਿਖੇ ਲਗਾਏ ਗਏ ਕੈਂਪ ਦੀ ਸਮੀਖਿਆ ਬਾਰੇ ਮੀਟਿੰਗ ਹੋਈ



ਪੈ.ਗਾਮ-ਏ-ਜਗਤ/ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਰੋਟਰੀ ਆਈ ਬੈਂਕ ਅਤੇ ਕੋਰਨੀਕਲ ਟਰਾਂਸਪਲਾਂਟ ਸੋਸਾਇਟੀ ਦੀ ਮੀਟਿੰਗ ਜਾਣਕਾਰੀ ਦਿੰਦਿਆ ਦਲਜੀਤ ਸਿੰਘ ਬੈਂਸ ਦਸਿਆ ਕਿ ਡਾਕਟਰ ਤਰਸੇਮ ਸਿੰਘ ਚੇਅਰਮੈਨ ਬਾਡੀ ਡੋਨੇਸ਼ਨ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਬੀਤੇ ਦਿਨੀ ਬੀਣੇਵਾਲ ਸਰਕਾਰੀ ਹਸਪਤਾਲ ਵਿਖੇ ਲਗਾਏ ਗਏ ਕੈਂਪ ਦੀ ਸਮੀਖਿਆ ਕੀਤੀ ਗਈ । ਜਿਸ ਵਿੱਚ ਸਰਜਰੀ ਤੋਂ ਰਹਿ ਗਏ ਮਰੀਜ਼ਾਂ ਨੂੰ ਫੋਨ ਕਰਕੇ ਦੱਸਿਆ ਗਿਆ ਕਿ ਮਿਤੀ 13/11/2026 ਨੂੰ ਦੁਬਾਰਾ ਰਹਿ ਗਏ ਮਰੀਜ਼ਾਂ ਲਈ ਗੱਡੀ ਸਵੇਰੇ 7 ਵਜੇ ਬੀਣੇਵਾਲ ਹਸਪਤਾਲ ਤੋਂ ਚੱਲੇਗੀ ਤੇ ਸਰਜਰੀ ਕਰਵਾ ਕੇ ਉਹਨਾਂ ਨੂੰ ਵਾਪਸ ਲਿਆਵੇਗੀ। ਬੀਤੇ ਦਿਨੀ ਜੋ ਅਖਬਾਰਾਂ ਵਿੱਚ ਲੱਗੀ ਖਬਰ ਕਾਰਨ ਕੋਰਨੀਕਲ ਅੰਧੇਪਣ ਦੇ ਚਾਰ ਮਰੀਜ ਚੈੱਕ ਕਰਨ ਲਈ ਖਰੜ ਭੇਜੇ ਅਤੇ ਕੋਰਨੀਕਲ ਅੰਧੇਪਣ ਦੇ ਦੋ ਮਰੀਜ਼ਾਂ ਬਲਵਿੰਦਰ ਡੇਰਾ ਬੋਰੀ ਵਾਲਾ ਤੇ ਪੂਜਾ ਰਾਣੀ ਬਾਰਾਪੁਰ ਬੀਤ ਏਰੀਏ ਦੀ ਸਰਜਰੀ ਕਰਵਾਈ ਗਈ ਹੈ ਉਸ ਸਬੰਧੀ ਦਾਨੀ ਸੱਜਣਾ ਤੋਂ ਪੱਟੀਆਂ ਖੁਲਵਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਦੇ ਡਾਕਟਰ ਲਖਵਿੰਦਰ ਕੁਮਾਰ ਪ੍ਰਧਾਨ ਗੜ੍ਹਸ਼ੰਕਰ ਯੂਨਿਟ, ਓਂਕਾਰ ਸਿੰਘ ਚਾਹਲਪੁਰੀ ਸਕੱਤਰ, ਰਾਜਨ ਮਲਣਾ ਕੈਸ਼ੀਅਰ, ਅਜੇ ਕੁਮਾਰ ਪ੍ਰੈਸ ਸਕੱਤਰ, ਸਮਾਜਸੇਵੀ ਦਲਜੀਤ ਸਿੰਘ ਬੈਂਸ ਮੋਟੀਵੇਟਰ, ਨਰੇਸ਼ ਕੁਮਾਰ ਪਾਠਕ ਮੋਟੀਵੇਟਰ ਹਾਜ਼ਰ ਹੋਏ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਸ਼ੋਰ ਪ੍ਰਦੂਸ਼ਨ ਦੀ ਰੋਕਥਾਮ ਲਈ ਹੁਕਮ ਜਾਰੀ, ਆਵਾਜ਼ੀ/ਸ਼ੋਰ ਪ੍ਰਦੂਸ਼ਨ 'ਤੇ ਰਹੇਗੀ ਪਾਬੰਦੀ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਜ਼ਿਲਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਤਹਿਤ ਜਾਰੀ ਹੁਕਮ ਅਨੁਸਾਰ ਜ਼ਿਲ੍ਹੇ ਵਿਚ ਕੋਈ ਵੀ ਆਵਾਜ਼ੀ ਪ੍ਰਦੂਸ਼ਣ/ਜ਼ਿਆਦਾ ਸ਼ੋਰ ਕਰਨ ਵਾਲੇ ਯੰਤਰਾਂ, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦੇ ਆਵਾਜ਼ੀ ਪ੍ਰਦੂਸ਼ਣ, ਸ਼ੋਰ, ਧਮਕ ਪੈਦਾ ਕਰਨ ਕਰਨ 'ਤੇ ਪਾਬੰਦੀ ਰਹੇਗੀ।

ਇਹ ਪਾਬੰਦੀ ਕੇਵਲ ਰੰਗ ਪੈਦਾ ਕਰਨ ਵਾਲੇ ਪਟਾਖਿਆਂ ਅਤੇ ਫੁਲਝੜੀਆਂ 'ਤੇ ਲਾਗੂ ਨਹੀਂ ਹੋਵੇਗੀ। ਇਸੇ ਤਰ੍ਹਾਂ ਗੱਡੀਆਂ ਆਦਿ ਵਿੱਚ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ, ਸ਼ੋਰ, ਧਮਕ, ਜ਼ਿਆਦਾ ਆਵਾਜ਼ ਪੈਦਾ ਕਰਨ ਵਾਲੇ ਹਾਰਨ ਨੂੰ ਵਜਾਉਣ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਸਿਰਫ ਸਰਕਾਰ ਵਲੋਂ ਨਿਰਧਾਰਤ ਕੀਤੇ ਗਏ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਤੋਂ ਰਹਿਤ ਹੋਣ, ਹੀ ਨਿਰਧਾਰਤ ਆਵਾਜ਼ ਵਿਚ ਵਜਾਏ ਜਾ ਸਕਦੇ ਹਨ।

ਇਸ ਤੋਂ ਇਲਾਵਾ ਕਿਸੇ ਵੀ ਗੈਰ ਸਰਕਾਰੀ ਇਮਾਰਤਾਂ, ਵਪਾਰਕ ਦੁਕਾਨਾਂ, ਜਨਤਕ ਥਾਵਾਂ, ਸਿਨੇਮਿਆਂ, ਮਾਲਜ਼, ਹੋਟਲ ਰੈਸਟੋਰੈਂਟ ਅਤੇ ਮੇਲਿਆਂ ਆਦਿ ਵਿਚ ਉੱਚੀ ਆਵਾਜ਼ ਅਤੇ ਧਮਕ ਪੈਦਾ ਕਰਨ ਵਾਲੇ ਮਿਊਜ਼ਿਕ ਅਤੇ ਅਸ਼ਲੀਲ ਗੀਤ ਚਲਾਏ ਜਾਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੈ। ਸਾਇਲੈਂਸ ਜ਼ੋਨ ਜਿਵੇਂ ਕਿ ਮੰਤਰਾਲਾ, ਜੰਗਲਾਤ, ਹਸਪਤਾਲਾਂ, ਵਿਦਿਅਕ



ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਇਲਾਕਾ ਜਿਹੜਾ ਕਿ ਸਮਰੱਥ ਅਧਿਕਾਰੀ ਵਲੋਂ ਸਾਇਲੈਂਸ ਜੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਅੰਦਰ ਆਤਿਸ਼ਬਾਜ਼ੀ/ਪਟਾਖਿਆਂ/ਲਾਊਡ ਸਪੀਕਰਾਂ/ਪ੍ਰੈਸ਼ਰ ਹਾਰਨਾਂ ਅਤੇ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੇ ਚਲਾਉਣ/ਲਗਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਇਸੇ ਤਰ੍ਹਾਂ ਖਾਸ ਹਾਲਤਾਂ ਅਤੇ ਮੌਕਿਆਂ ਸਮੇਂ ਪ੍ਰਬੰਧਕ, ਧਾਰਮਿਕ ਸਥਾਨਾਂ/ਪੰਡਾਲਾਂ ਵਿਚ ਲਾਊਡ ਸਪੀਕਰ ਅਤੇ ਅਧਿਕਾਰਤ ਮੈਰਿਜ਼ ਪੈਲਸਾਂ ਵਿਚ ਡੀ ਜੇ/ਆਰਕੈਸਟਰਾ, ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟਸ (ਕੰਟਰੋਲ ਆਫ ਨੋਆਇਸ) ਐਕਟ 1956 ਵਿਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਉਣਗੇ। ਜਾਰੀ ਹੁਕਮ ਅਨੁਸਾਰ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਲੋੜੀਂਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਵੀ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਿਸੇ ਵਲੋਂ ਵੀ ਕਿਸੇ ਵੀ ਥਾਂ 'ਤੇ ਚਲਾਏ ਜਾ ਰਹੇ ਲਾਊਡ ਸਪੀਕਰਾਂ/ਡੀ ਜੇ/ਸੰਗੀਤਕ ਯੰਤਰ/ ਐਡਰੈਸ ਸਿਸਟਮ ਆਦਿ ਦੀ ਆਵਾਜ਼ ਸੀਮਾ ਸਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ ਸੀਮਾ ਨਿਸ਼ਚਿਤ ਕੀਤੀ ਗਈ ਹੈ, ਜਿਸ ਤਹਿਤ ਉਦਯੋਗਿਕ ਅਦਾਰਿਆਂ ਵਿੱਚ ਦਿਨ ਵੇਲੇ 75 ਡੀ ਬੀ (ਏ) ਅਤੇ ਰਾਤ ਸਮੇਂ 70 ਡੀ ਬੀ (ਏ), ਕਮਰਸ਼ੀਅਲ ਏਰੀਏ ਵਿੱਚ ਦਿਨ ਵੇਲੇ 65 ਅਤੇ ਰਾਤ ਸਮੇਂ 55, ਰਿਹਾਇਸ਼ੀ ਏਰੀਏ ਵਿੱਚ ਦਿਨ ਵੇਲੇ 55 ਅਤੇ ਰਾਤ ਸਮੇਂ 45 ਅਤੇ ਸਾਈਲੈਂਸ ਜ਼ੋਨ ਵਿੱਚ ਦਿਨ ਵੇਲੇ 50 ਡੀ ਬੀ (ਏ) ਅਤੇ ਰਾਤ ਸਮੇਂ 40 ਡੀ ਬੀ (ਏ) ਤੋਂ ਵੱਧ ਨਹੀਂ ਹੋਵੇਗੀ। ਇਸ ਪਾਬੰਦੀ ਦਾ ਦਿਨ ਦੇ ਸਮੇਂ ਦਾ ਮਤਲਬ ਸਵੇਰੇ 6-00 ਵਜੇ ਤੋਂ ਰਾਤ 10-00 ਵਜੇ ਤੱਕ ਹੈ। ਇਹ ਹੁਕਮ ਸਰਕਾਰੀ ਮਸ਼ੀਨਰੀ ਅਤੇ ਐਮਰਜੈਂਸੀ ਦੀ ਸਥਿਤੀ ਵਿਚ ਲਾਗੂ ਨਹੀਂ ਹੋਵੇਗਾ। ਇਹ ਹੁਕਮ 7 ਜਨਵਰੀ, 2027 ਤੱਕ ਲਾਗੂ ਰਹੇਗਾ।

ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਵੱਲੋਂ 'ਮਨੁੱਖਤਾ ਦੀ ਸੇਵਾ' ਸਭ ਤੋਂ ਵੱਡੀ ਸੇਵਾ ਸੰਸਥਾ ਜ਼ਿਲ੍ਹਾ ਲੁਧਿਆਣਾ ਨੂੰ ਬੈਠਣ ਵਾਲੇ ਬੈਂਚ, ਫ਼ਲ ਅਤੇ ਲੋੜੀਂਦਾ ਸਮਾਨ ਭੇਟ



ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਗੁਰਬਾਣੀ ਦੇ ਮਹਾਨ ਫ਼ੁਰਮਾਨ ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ ਤੋਂ ਪ੍ਰੇਰਨਾ ਲੈਂਦੇ ਹੋਏ, ਨਵਾਂਸ਼ਹਿਰ ਦੀ ਪ੍ਰਮੁੱਖ ਸਮਾਜਸੇਵੀ ਸੰਸਥਾ ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ (ਨਵਾਂਸ਼ਹਿਰ) ਵੱਲੋਂ ਮਨੁੱਖਤਾ ਦੀ ਭਲਾਈ ਲਈ ਇੱਕ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਸੋਸਾਇਟੀ ਦੇ ਸਮੂਹ ਮੈਂਬਰਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ, ਜ਼ਿਲ੍ਹਾ ਲੁਧਿਆਣਾ ਦੇ ਪਿੰਡ ਹਸਨਪੁਰ ਵਿਖੇ ਬੇਸਹਾਰਾ ਅਤੇ ਲੋੜਵੰਦਾਂ ਦੀ ਦੇਖਭਾਲ ਕਰ ਰਹੀ ਪ੍ਰਸਿੱਧ ਸੰਸਥਾ 'ਮਨੁੱਖਤਾ ਦੀ ਸੇਵਾ' (ਮ੍ਰਿਤਕ ਸੇਵਾ ਸਥਾਨ) ਵਿਖੇ ਪਹੁੰਚ ਕੇ ਵੱਡੇ ਪੱਧਰ 'ਤੇ ਲੋੜੀਂਦੀ ਸਮੱਗਰੀ ਭੇਟ ਕੀਤੀ ਗਈ।

ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਥਾਂਦੀ ਅਤੇ ਪ੍ਰਮੁੱਖ ਮੈਂਬਰ ਕਰਮਜੀਤ ਸਿੰਘ ਸੋਢੀ ਨੇ ਦੱਸਿਆ ਕਿ ਸੰਸਥਾ ਵਿੱਚ ਰਹਿ ਰਹੇ ਲੋਕਾਂ ਦੀ ਸਹੂਲਤ ਲਈ ਆਸ਼ਰਮ ਦੇ ਲਾਅਨ ਵਿੱਚ ਬੈਠਣ ਵਾਸਤੇ ਖ਼ੂਬਸੂਰਤ ਬਜਰੀ-ਸੀਮਿੰਟ ਦੇ ਬੈਂਚ ਭੇਂਟ ਕੀਤੇ ਗਏ । ਇਸ ਸੇਵਾ ਨੂੰ ਸੋਸਾਇਟੀ ਦੇ ਮੈਂਬਰਾਂ ਨੇ ਖੁਦ ਉੱਥੇ ਹਾਜ਼ਰ ਹੋ ਕੇ ਆਸ਼ਰਮ ਦੇ ਵਿਹੜੇ ਵਿੱਚ ਸੁਚੱਜੇ ਢੰਗ ਨਾਲ ਸਥਾਪਿਤ ਕਰਵਾਇਆ ਅਤੇ ਸੁਸਾਇਟੀ ਵੱਲੋਂ ਪਹਿਲਾਂ ਰੱਖੇ ਗਏ ਬੈਂਚਾਂ ਦੀ ਮੁਰੰਮਤ ਕੀਤੀ ਗਈ । ਇਸ ਦੇ ਨਾਲ ਹੀ ਆ ਰਹੀ ਸਖ਼ਤ ਸਰਦੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਸੰਸਥਾ ਦੇ ਪ੍ਰਬੰਧਕਾਂ ਨੂੰ ਨਵੀਆਂ ਰਜਾਈਆਂ, ਕੰਬਲ, ਬਿਸਤਰੇ, ਗੱਦੇ ਅਤੇ ਗਰਮ ਕੱਪੜਿਆਂ ਦੀ ਸੇਵਾ ਸੌਂਪੀ ਗਈ, ਤਾਂ ਜੋ ਉੱਥੇ ਰਹਿ ਰਹੇ ਲੋਕਾਂ ਨੂੰ ਠੰਢ ਤੋਂ ਬਚਾਇਆ ਜਾ ਸਕੇ। ਇਸ ਮੌਕੇ ਸਾਰਿਆਂ ਲਈ ਤਾਜ਼ੇ ਫਲਾਂ ਦੀ ਸੇਵਾ ਵੀ ਨਿਭਾਈ ਗਈ।

ਇਸ ਪਰਮਾਰਥ ਦੇ ਕਾਰਜ ਦੌਰਾਨ ਗੱਲਬਾਤ ਕਰਦਿਆਂ ਸੋਸਾਇਟੀ ਮੈਂਬਰਾਂ ਨੇ ਕਿਹਾ ਕਿ 'ਮਨੁੱਖਤਾ ਦੀ ਸੇਵਾ' ਸਭ ਤੋਂ ਵੱਡੀ ਸੇਵਾ ਸੰਸਥਾ ਵੱਲੋਂ ਬੇਸਹਾਰਾ, ਬਿਮਾਰ ਅਤੇ ਲੋੜਵੰਦ ਲੋਕਾਂ ਦੀ ਜੋ ਨਿਸ਼ਕਾਮ ਸੇਵਾ ਕੀਤੀ ਜਾ ਰਹੀ ਹੈ, ਉਹ ਪੂਰੀ ਦੁਨੀਆ ਲਈ ਇੱਕ ਮਿਸਾਲ ਹੈ। ਉਨ੍ਹਾਂ ਇਸ ਨੇਕ ਕਾਰਜ ਵਿੱਚ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣ ਵਾਲੀਆਂ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। 'ਮਨੁੱਖਤਾ ਦੀ ਸੇਵਾ' ਸੰਸਥਾ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਮਿੰਟੂ ਨੇ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਨਵਾਂਸ਼ਹਿਰ ਦਾ ਸੇਵਾ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਸੁਸਾਇਟੀ ਵੱਲੋਂ ਕੀਤੀਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਦੀ ਸ਼ਲਾਘਾ ਕੀਤੀ ।

ਇਸ ਮੌਕੇ ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਤੋਂ ਪ੍ਰਧਾਨ ਸੁਖਵਿੰਦਰ ਸਿੰਘ ਥਾਂਦੀ, ਅਮਰਜੀਤ ਸਿੰਘ ਖਾਲਸਾ, ਕਰਮਜੀਤ ਸਿੰਘ ਸੋਢੀ, ਜਸਵਿੰਦਰ ਸਿੰਘ, ਚਰਨਜੀਵ ਸਿੰਘ, ਅਸ਼ਮੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮੇਜਰ (ਡਾ.) ਸੁਮਿਤ ਮੁੱਧ ਨੇ ਏ.ਡੀ.ਸੀ. (ਜਨਰਲ) ਵਜੋਂ ਸੰਭਾਲਿਆ ਅਹੁਦਾ

- **ਜਨਤਕ ਮਸਲਿਆਂ ਦਾ ਨਿਪਟਾਰਾ ਅਤੇ ਸਮੇਂ ਸਿਰ ਨਾਗਰਿਕ ਸੇਵਾਵਾਂ ਦੇਣਾ ਰਹੇਗੀ ਮੁੱਖ ਤਰਜੀਹ**




ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੀ.ਸੀ.ਐਸ. ਅਧਿਕਾਰੀ ਮੇਜਰ (ਡਾ.) ਸੁਮਿਤ ਮੁੱਧ ਨੇ ਬੁੱਧਵਾਰ ਨੂੰ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਜੋਂ ਅਹੁਦਾ ਸੰਭਾਲਿਆ।

ਪੰਜਾਬ ਸਿਵਲ ਸੇਵਾਵਾਂ ਦੇ 2016 ਬੈਚ ਦੇ ਅਧਿਕਾਰੀ ਮੇਜਰ (ਡਾ.) ਸੁਮਿਤ ਮੁੱਧ ਨੇ ਅਹੁਦਾ ਸੰਭਾਲਣ ਉਪਰੰਤ ਸੰਬੰਧਤ ਬਰਾਂਚਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਨਾਗਰਿਕ ਸੇਵਾਵਾਂ ਨਾਲ ਸੰਬੰਧਤ ਅਰਜ਼ੀਆਂ ਦੀ ਪੈਂਡੈਂਸੀ ਆਦਿ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਘੱਟ ਤੋਂ ਘੱਟ ਸਮੇਂ ਵਿੱਚ ਜਨਤਕ ਸਮੱਸਿਆਵਾਂ ਦਾ ਹੱਲ, ਨਾਗਰਿਕ ਸੇਵਾਵਾਂ ਦੀ ਸਮੇਂ ਸਿਰ ਮੁਹੱਈਆ ਕਰਵਾਉਣਾ ਅਤੇ ਜ਼ਿਲ੍ਹੇ ਵਿੱਚ ਹੋਰ ਵੀ ਬੇਹਤਰ ਢੰਗ ਨਾਲ ਪ੍ਰਸ਼ਾਸਕੀ ਕੰਮਾਂ ਨੂੰ ਨੇਪਰੇ ਚਾੜ੍ਹਨਾ ਉਨ੍ਹਾਂ ਦੀ ਮੁੱਖ ਤਰਜੀਹ ਰਹੇਗੀ। ਮੇਜਰ (ਡਾ.) ਸੁਮਿਤ ਮੁੱਧ ਇਸ ਤੋਂ ਪਹਿਲਾਂ ਕਪੂਰਥਲਾ, ਫਗਵਾੜਾ, ਬਾਬਾ ਬਕਾਲਾ ਤੇ। ਪਠਾਨਕੋਟ ਵਿਖੇ ਐਸ.ਡੀ.ਐਮ. ਤੋਂ ਇਲਾਵਾ ਲੁਧਿਆਣਾ ਵਿਖੇ ਜੁਆਇੰਟ ਕਮਿਸ਼ਨਰ ਅਤੇ ਹੁਸ਼ਿਆਰਪੁਰ ਵਿਖੇ ਸਹਾਇਕ ਕਮਿਸ਼ਨਰ (ਜਨਰਲ) ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਮ ਜਨਤਾ ਦੀ ਸਹੂਲਤ ਲਈ ਜ਼ਿਲ੍ਹੇ ਵਿੱਚ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਦੀ ਗਤੀ ਨੂੰ ਵੀ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਿਰਧਾਰਤ ਸਮੇਂ ਦੇ ਅੰਦਰ ਸਾਰੇ ਸੇਵਾ ਕੇਂਦਰਾਂ ਵਿੱਚ ਸੇਵਾਵਾਂ ਦੀ ਲ ਪ੍ਰਸ਼ਾਸਨਿਕ ਸੁਧਾਰਾਂ ਨੂੰ ਹੋਰ ਮਜ਼ਬੂਤ ਕਰਨ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ ਅਤੇ ਪੇਸ਼ੇਵਾਰਾਨਾ ਢੰਗ ਨਾਲ ਨਿਭਾਉਣ ਦੀ ਤਾਕੀਦ ਕੀਤੀ।

ਸੀਨੀਅਰ ਸਿਟੀਜਨਜ਼ ਦੀ ਮਾਸਿਕ ਮੀਟਿੰਗ 14 ਨੂੰ ਹੋਵੇਗੀ

ਪੈ.ਗਾਮ-ਏ-ਜਗਤ/ਨਵਾਂਸ਼ਹਿਰ (ਦੇਸ ਰਾਜ ਬਾਲੀ)




ਸੀਨੀਅਰ ਸਿਟੀਜਨਜ਼ ਐਸੋਸੀਏਸ਼ਨ ਨਵਾਂਸ਼ਹਿਰ ਦੀ ਮਾਸਿਕ ਮੀਟਿੰਗ 14 ਨਵੰਬਰ 2026 ਦਿਨ ਸ਼ਨੀਵਾਰ ਨੂੰ ਹੋਵੇਗੀ। ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਪ੍ਰਧਾਨ ਐਸ ਕੇ ਪੁਰੀ ਨੇ ਕਿਹਾ ਕਿ ਇਹ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਵਿਖੇ ਡਿਪਟੀ ਕਮਿਸ਼ਨਰ ਮੀਟਿੰਗ ਹਾਲ ਵਿੱਚ ਸਵੇਰੇ 11:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਹੋਵੇਗੀ। ਮੀਟਿੰਗ ਵਿੱਚ ਸਮੇਂ ਸਿਰ ਹਾਜ਼ਰ ਆਉਣ ਵਾਲੇ ਮੈਂਬਰਾਂ 'ਚੋਂ ਇੱਕ ਮੈਂਬਰ ਨੂੰ ਸਮੇਂ ਦੀ ਪਾਬੰਦੀ ਦਾ ਅਵਾਰਡ ਵੀ ਦਿੱਤਾ ਜਾਵੇਗਾ।

ਪ੍ਰਧਾਨ ਪੁਰੀ ਵਲੋਂ ਸਤਿਕਾਰਯੋਗ ਸਮੂਹ ਮੈਂਬਰਾਂ ਨੂੰ ਮੀਟਿੰਗ ਵਿਚ ਸਮੇਂ ਸਿਰ ਹਾਜ਼ਰ ਆਉਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਚੇਅਰਮੈਨ ਡਾ. ਜੇਡੀ ਵਰਮਾ, ਜਨਰਲ ਸਕੱਤਰ ਸੁਖਦੇਵ ਸ਼ਰਮਾ ਅਤੇ ਪ੍ਰੈੱਸ ਸਕੱਤਰ ਪ੍ਰਸ਼ੋਤਮ ਬੈਂਸ ਆਦਿ ਵੀ ਮੌਜੂਦ ਸਨ।

ਅਨਿਲ ਵਿਜ ਅੱਜ ਸੁਣਨਗੇ ਅੰਬਾਲਾ ਛਾਉਣੀ ਹਲਕੇ ਦੇ ਲੋਕਾਂ ਦੀਆਂ ਸ਼ਿਕਾਇਤਾਂ

ਪੈ.ਗਾਮ-ਏ-ਜਗਤ
ਅੰਬਾਲਾ, 11 ਨਵੰਬਰ (ਆਰ.ਸਿੰਘ)



ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਕੱਲ੍ਹ, 12 ਨਵੰਬਰ ਵੀਰਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਸਿਰਫ਼ ਆਪਣੇ ਅੰਬਾਲਾ ਛਾਉਣੀ ਹਲਕੇ ਦੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨਗੇ। ਇਸ ਸਮੇਂ ਦੌਰਾਨ ਸਿਰਫ਼ ਅੰਬਾਲਾ ਛਾਉਣੀ ਹਲਕੇ ਦੇ ਲੋਕ ਹੀ ਆਪਣੀਆਂ ਚਿੰਤਾਵਾਂ ਲੈ ਕੇ ਪੀਡਬਲਯੂਡੀ ਰੈਸਟ ਹਾਊਸ ਵਿਖੇ ਉਨ੍ਹਾਂ ਨੂੰ ਮਿਲ ਸਕਦੇ ਹਨ। ਸੁਣਵਾਈ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹਿਣਗੇ ਤਾਂ ਜੋ ਮੁੱਦਿਆਂ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾ ਸਕੇ।

ਖੂਨਦਾਨ, ਅੱਖਾਂਦਾਨ, ਸਰੀਰਦਾਨ ਅਤੇ ਅੰਗ ਦਾਨ ਕੀਮਤੀ ਜਾਨਾਂ ਬਚਾ ਸਕਦੇ ਹਨ : ਧਰਮਿੰਦਰ ਟੋਨੀ

ਪੈ.ਗਾਮ-ਏ-ਜਗਤ
ਫਗਵਾੜਾ (ਦਲਜੀਤ ਅਜਨੋਹਾ)

ਮਨੁੱਖੀ ਜੀਵਨ ਦਾ ਅਸਲ ਅਰਥ ਸਿਰਫ਼ ਆਪਣੇ ਲਈ ਜੀਉਣ ਵਿੱਚ ਨਹੀਂ ਹੈ,ਸਗੋਂ ਆਪਣੇ ਜੀਵਨ ਦਾ ਕੁਝ ਹਿੱਸਾ ਦੂਜਿਆਂ ਦੀ ਭਲਾਈ ਲਈ ਸਮਰਪਿਤ ਕਰਨ ਵਿੱਚ ਹੈ।ਦੁਨੀਆ ਵਿੱਚ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਆਪਣੀ ਨਿੱਜੀ ਭਲਾਈ ਤੱਕ ਸੀਮਤ ਰੱਖਦੇ ਹਨ,ਪਰ ਕੁਝ ਵਿਅਕਤੀ ਅਜਿਹੇ ਵੀ ਹਨ ਜਿਨ੍ਹਾਂ ਲਈ ਦੂਜਿਆਂ ਦੇ ਚਿਹਰਿਆਂ ਤੇ ਮੁਸਕਰਾਹਟ ਲਿਆਉਣਾ ਸਭ ਤੋਂ ਵੱਡੀ ਪ੍ਰਾਪਤੀ ਹੈ। ਖੂਨਦਾਨ, ਅੱਖਾਂ ਦਾਨ,ਸਰੀਰ ਦਾਨ ਅਤੇ ਅੰਗ ਦਾਨ ਅਜਿਹੇ ਅਨਮੋਲ ਕਾਰਜ ਹਨ ਜਿਨ੍ਹਾਂ ਰਾਹੀਂ ਇੱਕ ਵਿਅਕਤੀ ਕਿਸੇ ਹੋਰ ਵਿਅਕਤੀ ਲਈ ਉਮੀਦ ਦੀ ਕਿਰਨ ਬਣ ਸਕਦਾ ਹੈ,ਭਾਵੇਂ ਉਹ ਜੀਵਨ ਦੌਰਾਨ ਹੋਵੇ ਜਾਂ ਮੌਤ ਤੋਂ ਬਾਅਦ। ਦੁੱਖ ਦੀ ਗੱਲ ਹੈ ਕਿ ਅੱਜ ਵੀ ਸਮਾਜ ਦੇ ਇੱਕ ਵੱਡੇ ਵਰਗ ਵਿੱਚ ਇਨ੍ਹਾਂ ਗਤੀਵਿਧੀਆਂ ਬਾਰੇ ਜਾਗਰੂਕਤਾ ਦੀ ਘਾਟ ਹੈ।

- **ਕਿਹਾ-ਖੂਨਦਾਨਦਾਨ, ਅੱਖਾਂ ਦਾਨ, ਸਰੀਰ ਦਾਨ ਅਤੇ ਅੰਗ ਦਾਨ ਸੰਬੰਧੀ ਮਨ ਵਿੱਚ ਡਰ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਦੀ ਲੋੜ ਹੈ**



ਇਸ ਖੇਤਰ ਵਿੱਚ ਬਹੁਤ ਸਾਰੇ ਸਮਾਜ ਸੇਵਕ ਅਤੇ ਜਾਗਰੂਕ ਵਿਅਕਤੀ ਹਨ ਜੋ ਨਾ ਸਿਰਫ਼ ਖੁਦ ਇਨ੍ਹਾਂ ਕਾਰਜਾਂ ਵਿੱਚ ਯੋਗਦਾਨ ਪਾ ਰਹੇ ਹਨ, ਸਗੋਂ ਘਰ-ਘਰ ਚਰਚਾਵਾਂ ਅਤੇ ਸਮਾਜਿਕ ਮੰਚਾਂ ਰਾਹੀਂ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰ ਰਹੇ ਹਨ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਉਦਯੋਗ ਵਿੰਗ ਦੇ ਸੂਬਾ ਜਨਰਲ ਸਕੱਤਰ ਧਰਮਿੰਦਰ ਕੁਮਾਰ ਟੋਨੀ ਨੇ ਕਿਹਾ ਕਿ ਖੂਨਦਾਨ, ਅੱਖਾਂ ਦਾਨ,ਸਰੀਰ ਦਾਨ ਅਤੇ ਅੰਗ ਦਾਨ ਇੱਕ ਉੱਤਮ ਕਾਰਜ ਹੈ ਜਿਸਦੀ ਮਹੱਤਤਾ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।ਹਾਦਸੇ ਦੇ ਪੀੜਤ, ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼, ਸਰਜਰੀ ਕਰਵਾਉਣ ਵਾਲੇ ਅਤੇ ਹੋਰ ਲੋੜਵੰਦ ਮਰੀਜ਼ਾਂ ਨੂੰ ਅਕਸਰ ਇਨ੍ਹਾਂ ਦੀ ਤੁਰੰਤ ਲੋੜ ਹੁੰਦੀ ਹੈ।ਅਜਿਹੇ ਸਮੇਂ,ਕਿਸੇ ਅਣਜਾਣ ਵਿਅਕਤੀ ਵੱਲੋਂ ਦਾਨ ਕਰਨਾ ਇੱਕ ਪਰਿਵਾਰ ਲਈ ਸਭ ਤੋਂ ਵੱਡੀ ਖੁਸ਼ਖਬਰੀ ਹੋ ਸਕਦੀ ਹੈ।ਪਰ ਦੁੱਖ ਦੀ ਗੱਲ ਹੈ ਕਿ ਅੱਜ ਵੀ ਬਹੁਤ ਸਾਰੇ ਲੋਕ ਮੰਨ ਵਿਚ ਗਲਤ ਧਾਰਨਾਵਾਂ ਦੇ ਕਾਰਨ ਖੂਨਦਾਨ ਕਰਨ ਤੋਂ ਝਿਜਕਦੇ ਹਨ।

ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ,ਧਾਰਮਿਕ ਸਥਾਨਾਂ, ਸਮਾਜਿਕ ਸੰਗਠਨਾਂ ਅਤੇ ਯੁਵਾ ਕਲੱਬਾਂ ਨੂੰ ਲੋਕਾਂ ਨੂੰ ਖੂਨਦਾਨ, ਸਰੀਰ ਦਾਨ,ਅੱਖਾਂ ਦਾਨ ਅਤੇ ਅੰਗ ਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ,ਤਾਂ ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਨੇਕ ਕਾਰਜਾਂ ਵਿੱਚ ਸ਼ਾਮਲ ਹੋ ਸਕਣ ਅਤੇ ਲੋੜਵੰਦ ਲੋਕਾਂ ਦੀ ਜਾਨ ਬਚਾਉਣ ਵਿੱਚ ਯੋਗਦਾਨ ਪਾ ਸਕਣ।

ਆਮ ਆਦਮੀ ਪਾਰਟੀ ਨੇ ਸਰਪੰਚ ਜਸਵੀਰ ਸਿੰਘ ਘੁੰਮਣ ਨੂੰ ਬਲਾਚੌਰ ਦਾ ਹਲਕਾ ਸੰਗਠਨ ਇੰਚਾਰਜ ਨਿਯੁਕਤ ਕੀਤਾ, ਵਰਕਰਾਂ 'ਚ ਖੁਸ਼ੀ ਦੀ ਲਹਿਰ

ਪੈ.ਗਾਮ-ਏ-ਜਗਤ/ਨਵਾਂਸ਼ਹਿਰ
11 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਆਮ ਆਦਮੀ ਪਾਰਟੀ ਵੱਲੋਂ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਵੱਡਾ ਫੈਸਲਾ ਲੈਂਦਿਆਂ ਸੀਨੀਅਰ ਆਗੂ ਸਰਪੰਚ ਜਸਵੀਰ ਸਿੰਘ ਘੁੰਮਣ ਨੂੰ ਹਲਕਾ ਬਲਾਚੌਰ ਦਾ ਹਲਕਾ ਸੰਗਠਨ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਪਾਰਟੀ ਹਾਈਕਮਾਂਡ ਵੱਲੋਂ ਜਾਰੀ ਕੀਤੇ ਪੱਤਰ ਤੋਂ ਬਾਅਦ ਹਲਕੇ ਭਰ ਦੇ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।

ਸਰਪੰਚ ਜਸਵੀਰ ਸਿੰਘ ਘੁੰਮਣ ਦੀ ਨਿਯੁਕਤੀ ਨੂੰ ਹਲਕਾ ਬਲਾਚੌਰ ਵਿੱਚ ਪਾਰਟੀ ਲਈ ਇੱਕ ਅਹਿਮ ਅਤੇ ਦੂਰਅੰਦੇਸ਼ੀ ਕਦਮ ਮੰਨਿਆ ਜਾ ਰਿਹਾ ਹੈ। ਪਾਰਟੀ ਵਰਕਰਾਂ ਦਾ ਕਹਿਣਾ ਹੈ ਕਿ ਸਰਪੰਚ ਜਸਵੀਰ ਸਿੰਘ ਘੁੰਮਣ ਇੱਕ ਜ਼ਮੀਨ ਨਾਲ ਜੁੜੇ ਹੋਏ, ਮਿਹਨਤੀ ਅਤੇ ਲੋਕਾਂ ਦੇ ਦੁੱਖ-ਸੁੱਖ ਵਿੱਚ ਸ਼ਾਮਿਲ ਹੋਣ ਵਾਲੇ ਆਗੂ ਹਨ। ਉਨ੍ਹਾਂ ਨੇ ਹਮੇਸ਼ਾ ਪਾਰਟੀ ਦੀ ਵਿਚਾਰਧਾਰਾ ਸਾਫ਼ ਨੀਅਤ ਅਤੇ ਸਹੀ ਵਿਕਾਸ ਨੂੰ ਘਰ-ਘਰ ਪਹੁੰਚਾਉਣ ਲਈ ਕੰਮ ਕੀਤਾ ਹੈ ਅਤੇ ਹੁਣ ਉਨ੍ਹਾਂ ਦੇ ਇਸ ਨਵੇਂ ਅਹੁਦੇ ਨਾਲ ਹਲਕੇ ਅਤੇ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ, ਇਹੀ ਸਾਰੇ ਵਰਕਰਾਂ ਦੀ ਸ਼ੁਭ ਕਾਮਨਾ ਹੈ।

ਪਾਰਟੀ ਆਗੂਆਂ ਨੇ ਕਿਹਾ ਕਿ ਹਲਕਾ ਸੰਗਠਨ ਇੰਚਾਰਜ ਵਜੋਂ ਸਰਪੰਚ ਜਸਵੀਰ ਸਿੰਘ ਘੁੰਮਣ ਬਲਾਚੌਰ ਹਲਕੇ ਵਿੱਚ ਬੂਥ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨਗੇ, ਵਰਕਰਾਂ ਨੂੰ ਨਾਲ ਲੈ ਕੇ ਚੱਲਣਗੇ ਅਤੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਦੀ ਨਿਯੁਕਤੀ



ਨਾਲ ਹਲਕੇ ਵਿੱਚ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਅਤੇ ਨਵੀਂ ਊਰਜਾ ਆਈ ਹੈ।

ਇਸ ਮੌਕੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ, ਆਪ ਸੀਨੀਅਰ ਆਗੂ ਅਸ਼ੋਕ ਕਟਾਰੀਆ ਅਤੇ ਨੌਜਵਾਨ ਆਪ ਆਗੂ ਅਤੇ ਜ਼ਿਲ੍ਹਾਂ ਪਰਿਸ਼ਦ ਮੈਂਬਰ ਕਰਨਵੀਰ ਕਟਾਰੀਆ ਅਤੇ ਜ਼ਿਲ੍ਹਾ ਐਸਬੀਐਸ ਨਗਰ ਦੀ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਰਕਰਾਂ ਨੇ ਸਰਪੰਚ ਜਸਵੀਰ ਸਿੰਘ ਘੁੰਮਣ ਨੂੰ ਬਹੁਤ-ਬਹੁਤ ਮੁਬਾਰਕਾਂ ਦਿੰਦਿਆਂ ਕਿਹਾ ਕਿ ਇੱਕ ਮਜ਼ਬੂਤ ਪੰਜਾਬ ਦੀ ਸਾਂਝੀ ਸੋਚ ਨੂੰ ਅੱਗੇ ਵਧਾਉਣ ਲਈ ਉਹ ਸਾਰੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਿਣਗੇ।

ਜਖੇਵਾਲ ਵਿਖੇ ਬਾਬਾ ਢਾਂਗੂ ਵਾਲਿਆਂ ਦੀ ਅਪਾਰ ਕਿਰਪਾ ਸਦਕਾ 37ਵਾਂ ਵਿਸ਼ਾਲ ਕੁਸ਼ਤੀ ਦੰਗਲ ਸ਼ੁਰੂ

ਪੈ.ਗਾਮ-ਏ-ਜਗਤ/ਬਲਾਚੌਰ, 11 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਜਖੇਵਾਲ ਵਿਖੇ ਸਤਿਕਾਰਯੋਗ ਸੰਤ ਬਾਬਾ ਢਾਂਗੂ ਵਾਲਿਆਂ ਜੀ ਦੀ ਅਪਾਰ ਕਿਰਪਾ ਸਦਕਾ ਕਰਵਾਏ ਜਾ ਰਹੇ 37ਵੇਂ ਵਿਸ਼ਾਲ ਕੁਸ਼ਤੀ ਦੰਗਲ ਦਾ ਪਹਿਲਾ ਦਿਨ ਪੂਰੇ ਜੋਸ਼, ਉਤਸ਼ਾਹ ਅਤੇ ਸ਼ਰਧਾ ਨਾਲ ਸ਼ੁਰੂ ਹੋਇਆ। ਦੰਗਲ ਦੇ ਪਹਿਲੇ ਦਿਨ ਹੀ ਦੂਰ-ਦੂਰ ਤੋਂ ਪਹੁੰਚੇ ਨਾਮੀ ਪਹਿਲਵਾਨਾਂ ਨੇ ਅਖਾੜੇ ਵਿੱਚ ਆਪਣੇ ਦਾਅ-ਪੇਚਾਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਹਜ਼ਾਰਾਂ ਦਰਸ਼ਕਾਂ ਦਾ ਦਿਲ ਜਿੱਤ ਲਿਆ। ਪੂਰਾ ਪੰਡਾਲ ਪਹਿਲਵਾਨਾਂ ਦੇ ਹੌਸਲੇ ਅਤੇ ਦਰਸ਼ਕਾਂ ਦੀਆਂ ਤਾੜੀਆਂ ਨਾਲ ਗੂੰਜਦਾ ਰਿਹਾ।

- **ਪਹਿਲੇ ਦਿਨ ਹੀ ਪਹਿਲਵਾਨਾਂ ਦੇ ਦਾਅ-ਪੇਚਾਂ ਨੇ ਜਿੱਤਿਆ ਦਰਸ਼ਕਾਂ ਦਾ ਦਿਲ, ਐਡਵੋਕੇਟ ਸੰਜੀਵ ਚੌਧਰੀ ਚੇਚੀ ਟੀਮ ਸਮੇਤ ਹੋਏ ਸ਼ਾਮਲ**

ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਐਡਵੋਕੇਟ ਸੰਜੀਵ ਚੌਧਰੀ ਚੇਚੀ ਆਪਣੀ ਟੀਮ ਨਾਲ ਉਚੇਚੇ ਤੌਰ 'ਤੇ ਸ਼ਿਰਕਤ ਕਰਨ ਪੁੱਜੇ। ਉਨ੍ਹਾਂ ਦਾ ਪਹੁੰਚਣ 'ਤੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਨੇ ਬਾਬਾ ਜੀ ਦੇ ਦਰਬਾਰ ਵਿੱਚ ਮੱਥਾ ਟੇਕਿਆ ਅਤੇ ਇਲਾਕੇ ਦੀ ਖੁਸ਼ਹਾਲੀ, ਸ਼ਾਂਤੀ ਅਤੇ ਨੌਜਵਾਨਾਂ ਦੇ ਉੱਜਵਲ ਭਵਿੱਖ ਲਈ ਅਰਦਾਸ ਕੀਤੀ।



ਐਡਵੋਕੇਟ ਸੰਜੀਵ ਚੌਧਰੀ ਚੇਚੀ ਨੇ ਕਿਹਾ ਕਿ ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੋਂ ਮੈਨੂੰ ਬਹੁਤ ਕੁਝ ਸਿੱਖਣ, ਜੀਵਨ ਵਿੱਚ ਅੱਗੇ ਵਧਣ ਅਤੇ ਲੋਕ ਸੇਵਾ ਦੇ ਰਾਹ 'ਤੇ ਚੱਲਣ ਦੀ ਪ੍ਰੇਰਨਾ ਮਿਲੀ ਹੈ। ਬਾਬਾ ਜੀ ਦਾ ਅਸ਼ੀਰਵਾਦ ਅਤੇ ਮਾਰਗਦਰਸ਼ਨ ਮੇਰੇ ਲਈ ਹਮੇਸ਼ਾ ਅਨਮੋਲ ਰਹੇਗਾ। ਉਨ੍ਹਾਂ ਕਿਹਾ ਕਿ ਬਾਬਾ ਜੀ ਦੀ ਸਿੱਖਿਆ ਹੀ ਹੈ ਕਿ ਨਿਮਰਤਾ, ਸੇਵਾ ਅਤੇ ਇਮਾਨਦਾਰੀ ਨਾਲ ਕੀਤਾ ਗਿਆ ਕੰਮ ਹੀ ਅਸਲ ਪੂਜਾ ਹੈ, ਅਤੇ ਉਸੇ ਰਾਹ 'ਤੇ ਚੱਲ ਕੇ ਹੀ ਉਹ ਲੋਕਾਂ ਦੀ ਸੇਵਾ ਕਰ ਰਹੇ ਹਨ।

ਉਨ੍ਹਾਂ ਨੇ ਬਾਬਾ ਜੀ ਦੇ ਚਰਨਾਂ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦਿਆਂ ਕਿਹਾ ਕਿ 37 ਸਾਲਾਂ ਤੋਂ ਲਗਾਤਾਰ ਹੋ ਰਿਹਾ ਇਹ ਦੰਗਲ ਸਿਰਫ਼ ਇੱਕ ਖੇਡ ਮੁਕਾਬਲਾ ਨਹੀਂ, ਸਗੋਂ ਸਾਡੀ ਸੱਭਿਆਚਾਰਕ ਵਿਰਾਸਤ, ਭਾਈਚਾਰਕ ਸਾਂਝ ਅਤੇ ਗੁਰੂ ਘਰ ਨਾਲ ਜੁੜੀ ਸ਼ਰਧਾ ਦਾ ਪ੍ਰਤੀਕ ਹੈ। ਅਜਿਹੇ ਮੇਲੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ, ਸਿਹਤ ਅਤੇ ਅਨੁਸ਼ਾਸਨ ਵੱਲ ਪ੍ਰੇਰਿਤ ਕਰਦੇ ਹਨ, ਜੋ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

ਦੰਗਲ ਦੌਰਾਨ ਪਹਿਲਵਾਨਾਂ ਵਿਚਕਾਰ ਹੋਏ ਸਖ਼ਤ ਮੁਕਾਬਲਿਆਂ ਨੇ ਦਰਸ਼ਕਾਂ ਨੂੰ ਆਪਣੀਆਂ ਸੀਟਾਂ 'ਤੇ ਬੰਨ੍ਹੀ ਰੱਖਿਆ। ਛੋਟੇ ਪਹਿਲਵਾਨਾਂ ਤੋਂ ਲੈ ਕੇ ਵੱਡੇ ਪਹਿਲਵਾਨਾਂ ਤੱਕ ਸਭ ਨੇ ਆਪਣੀ ਤਾਕਤ ਅਤੇ ਹੁਨਰ ਦਾ ਜ਼ਬਰਦਸਤ ਪ੍ਰਦਰਸ਼ਨ ਕੀਤਾ। ਪ੍ਰਬੰਧਕਾਂ ਵੱਲੋਂ ਪਹਿਲਵਾਨਾਂ ਅਤੇ ਦਰਸ਼ਕਾਂ ਲਈ ਸਾਰੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਐਡਵੋਕੇਟ ਸੰਜੀਵ ਚੌਧਰੀ ਚੇਚੀ ਨੇ ਦੰਗਲ ਦੇ ਸਫ਼ਲ ਆਯੋਜਨ ਲਈ ਪ੍ਰਬੰਧਕ ਕਮੇਟੀ, ਸੇਵਾਦਾਰਾਂ ਅਤੇ ਸਮੂਹ ਸੰਗਤ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਪਹਿਲਵਾਨਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਵਿੱਚ ਹਾਰ-ਜਿੱਤ ਤੋਂ ਵੱਡਾ ਹੁੰਦਾ ਹੈ ਖੇਡ ਭਾਵਨਾ ਅਤੇ ਅਨੁਸ਼ਾਸਨ, ਅਤੇ ਜੋ ਨੌਜਵਾਨ ਅਖਾੜੇ ਵਿੱਚ ਪਸੀਨਾ ਵਹਾਉਂਦਾ ਹੈ, ਉਹ ਕਦੇ ਜ਼ਿੰਦਗੀ ਵਿੱਚ ਹਾਰਦਾ ਨਹੀਂ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਅਜਿਹੇ ਧਾਰਮਿਕ ਅਤੇ ਖੇਡ ਸਮਾਗਮਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਜਨਗਣਨਾ 2027 ਜਾਗਰੂਕਤਾ ਸਟਾਲ , ਖ਼ਾਲਸਾ ਕਾਲਜ, ਮਾਹਿਲਪੁਰ ਵਿਖੇ ਯੁਵਕ ਮੇਲੇ ਵਿੱਚ ਵਿਦਿਆਰਥੀਆਂ ਅਤੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣਿਆ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਜਨਗਣਨਾ ਵਿਭਾਗ, ਚੰਡੀਗੜ੍ਹ ਅਤੇ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਦੇ ਸਾਂਝੇ ਯਤਨਾਂ ਸਦਕਾ ਖ਼ਾਲਸਾ ਕਾਲਜ, ਮਾਹਿਲਪੁਰ ਵਿਖੇ ਚਾਰ ਰੋਜ਼ਾ ਯੁਵਕ ਮੇਲੇ ਦੌਰਾਨ ਜਨਗਣਨਾ 2027 ਸਬੰਧੀ ਵਿਸ਼ੇਸ਼ ਜਾਗਰੂਕਤਾ ਸਟਾਲ ਲਗਾਇਆ ਗਿਆ, ਜੋ ਵਿਦਿਆਰਥੀਆਂ, ਨੌਜਵਾਨਾਂ ਅਤੇ ਮੇਲੇ ਵਿੱਚ ਆਉਣ ਵਾਲੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣਿਆ।

ਇਹ ਪਹਿਲਕਦਮੀ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਜਨਗਣਨਾ ਅਧਿਕਾਰੀ ਸ੍ਰੀਮਤੀ ਅਸ਼ਿਕਾ ਜੈਨ, ਆਈ.ਏ.ਐਸ. ਅਤੇ ਵਧੀਕ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਜਨਗਣਨਾ ਅਧਿਕਾਰੀ ਸ੍ਰੀ ਰਾਕੇਸ਼ ਕੁਮਾਰ ਮੀਨਾ,ਆਈ.ਏ.ਐਸ ਦੀ ਅਗਵਾਈ ਹੇਠ ਸ੍ਰੀ ਸੰਜੀਵ ਕੁਮਾਰ ਗੌਰ, ਪੀ.ਸੀ.ਐਸ. , ਉਪ ਮੰਡਲ ਮੈਜਿਸਟਰੇਟ, ਗੜ੍ਹਸ਼ੰਕਰ ਦੀ ਯੋਗ ਅਗਵਾਈ ਹੇਠ ਸ੍ਰੀ ਲਵਦੀਪ ਸਿੰਘ ਧੂਤ ,ਪੀ.ਆਰ.ਐਸ. , ਤਹਿਸੀਲਦਾਰ-ਕਮ-ਚਾਰਜ ਅਫ਼ਸਰ, ਗੜ੍ਹਸ਼ੰਕਰ(ਪੇਂਡੂ) ਨਿਗਰਾਨੀ ਵਿਚ ਕੀਤੀ ਗਈ। ਇਸ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਜਨਗਣਨਾ 2027 ਦੇ ਦੂਜੇ ਪੜਾਅ ਅਤੇ ਇਸ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।

- **16 ਤੋਂ 30 ਨਵੰਬਰ ਤੱਕ ਨਾਗਰਿਕ https://se.census.gov.in ਰਾਹੀਂ ਘਰ ਬੈਠੇ ਕਰ ਸਕਣਗੇ ਸਵੈ-ਗਣਨਾ**



ਸਟਾਲ ਰਾਹੀਂ ਲੋਕਾਂ ਨੂੰ ਜਨਗਣਨਾ ਦੀ ਪ੍ਰਕਿਰਿਆ, ਸਵੈ-ਗਣਨਾ ਦੀ ਸਹੂਲਤ ਅਤੇ ਇਸ ਵਿੱਚ ਹਰੇਕ ਨਾਗਰਿਕ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਵੈ-ਗਣਨਾ ਸਹੂਲਤ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜੋ ਤਹਿਸੀਲ ਸਮੇਤ ਪੂਰੇ ਸੂਬੇ ਵਿੱਚ 16 ਨਵੰਬਰ ਤੋਂ 30 ਨਵੰਬਰ, 2026 ਤੱਕ ਉਪਲਬਧ ਰਹੇਗੀ। ਨਾਗਰਿਕ https://se.census.gov.in 'ਤੇ ਜਾ ਕੇ ਆਪਣੇ ਘਰ ਦੀ ਲੋੜੀਂਦੀ ਜਾਣਕਾਰੀ ਆਨਲਾਈਨ ਦਰਜ ਕਰਵਾ ਸਕਦੇ ਹਨ। ਸਫਲਤਾਪੂਰਵਕ ਜਾਣਕਾਰੀ ਜਮ੍ਹਾਂ ਕਰਵਾਉਣ ਉਪਰੰਤ ਇੱਕ ਸਵੈ-ਗਣਨਾ ਆਈ.ਡੀ. ਜਾਰੀ ਹੋਵੇਗੀ, ਜਿਸ ਨੂੰ ਬਾਅਦ ਵਿੱਚ ਘਰ ਆਉਣ ਵਾਲੇ ਗਣਨਾਕਾਰ ਨਾਲ ਸਾਂਝਾ ਕਰਨਾ ਲਾਜ਼ਮੀ ਹੋਵੇਗਾ। ਇਸ ਮੌਕੇ ਲਵਦੀਪ ਸਿੰਘ ਧੂਤ , ਪੀ.ਆਰ.ਐਸ., ਤਹਿਸੀਲਦਾਰ-ਕਮ-ਚਾਰਜ ਅਫ਼ਸਰ, ਗੜ੍ਹਸ਼ੰਕਰ (ਪੇਂਡੂ) ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ,1881 ਤੋਂ ਸ਼ੁਰੂ ਮਰਦਮਸ਼ੁਮਾਰੀ ਦੇ ਲੰਬੇ ਇਤਿਹਾਸ ਵਿੱਚ ਲੋਕਾਂ ਲਈ ਪਹਿਲੀ ਵਾਰ ਸਵੈ ਗਣਨਾ ਦਾ ਉਪਬੰਧ ਮੁਹਈਆ ਹੋਇਆ ਹੈ।

ਗੜ੍ਹਸ਼ੰਕਰ/ ਮਾਹਿਲਪੁਰ ਅਧੀਨ ਪੈਂਦੇ ਪਿੰਡਾ ਦੇ ਲੋਕਾਂ ਵਿੱਚ ਸਵੈ ਗਣਨਾ ਪ੍ਰਤੀ ਜਾਗਰੂਕਤਾ/ ਉਤਸਾਹ ਸਰਵਉਚ ਸ਼ਾਖਰਤਾ ਦਰ ਵਜੋਂ ਤਹਿਸੀਲ /ਜ਼ਿਲ੍ਹੇ ਨੂੰ ਕੌਮੀ ਪੱਧਰ ਤੇ ਸਾਬਿਤ ਤੇ ਸਥਪਿਤ ਕਰੇਗਾ ।

ਇਸ ਸਬੰਧੀ ਫੀਲਡ ਵਰਕ 1 ਦਸੰਬਰ, 2026 ਤੋਂ 4 ਜਨਵਰੀ, 2027 ਤੱਕ ਕੀਤਾ ਜਾਵੇਗਾ, ਜਦਕਿ 5 ਤੋਂ 9 ਜਨਵਰੀ, 2027 ਤੱਕ ਸੋਧ ਦਾ ਦੌਰ ਚੱਲੇਗਾ। ਇਸ ਦੌਰਾਨ ਗਣਨਾਕਾਰ ਘਰ-ਘਰ ਜਾ ਕੇ ਪੜਤਾਲ ਤੇ ਲੋੜੀਂਦੀ ਜਾਣਕਾਰੀ ਇਕੱਤਰ ਕਰਨਗੇ। ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਸਵੈ-ਗਣਨਾ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਆਪਣੇ ਇਲਾਕੇ, ਪਰਿਵਾਰ, ਦੋਸਤਾਂ ਆਦਿ ਸਮੇਤ ਹਿੱਸਾ ਲੈਣ ਅਤੇ ਆਪਣੀ ਸਵੈ ਗਣਨਾ ਆਨਲਾਈਨ ਕਰਕੇ 94 ਗਣਨਾਕਾਰ ਨਾਲ ਸਾਂਝੀ ਕਰਨ। ਇਸ ਨਾਲ ਸਮੇਂ ਦੀ ਬੱਚਤ ਹੋਵੇਗੀ ਅਤੇ ਜਾਣਕਾਰੀ ਇਕੱਤਰ ਕਰਨ ਦੀ ਪ੍ਰਕਿਰਿਆ ਨੂੰ ਹੋਰ ਸੁਚਾਰੂ, ਤੇਜ਼ ਅਤੇ ਸਹੀ ਬਣਾਉਣ ਵਿੱਚ ਮਦਦ ਮਿਲੇਗੀ। ਇਸ ਜਾਗਰੂਕਤਾ ਮੁਹਿੰਮ ਦਾ ਉਦੇਸ਼ ਨੌਜਵਾਨਾਂ ਨੂੰ ਜਨਗਣਨਾ ਜਾਗਰੂਕਤਾ ਦੇ ਦੂਤ ਵਜੋਂ ਜੋੜਨਾ ਅਤੇ ਜਨਗਣਨਾ 2027 ਦੀ ਸਫਲਤਾ ਲਈ ਵੱਧ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ ਹੈ। ਤੁਹਾਡੀ ਜਨਗਣਨਾ, ਤੁਹਾਡੀ ਭਾਗੀਦਾਰੀ, ਤੁਹਾਡਾ ਯੋਗਦਾਨ! ਨਾਗਰਿਕ 16 ਤੋਂ 30 ਨਵੰਬਰ, 2026 ਤੱਕ https://se.census.gov.in 'ਤੇ ਸਵੈ-ਗਣਨਾ ਕਰਕੇ ਜਨਗਣਨਾ 2027 ਦਾ ਹਿੱਸਾ ਬਣ ਸਕਣ।

ਦੁੱਧ ਵਿੱਚ ਮਿਲਾਵਟ ਦਾ ਕਾਲਾ ਕਾਰੋਬਾਰ: ਲੋਕਾਂ ਦੀ ਸਿਹਤ ਨਾਲ ਖਿਲਵਾੜ ਕਦੋਂ ਰੁਕੇਗਾ?


ਪੈ.ਗਾਮ-ਏ-ਜਗਤ ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਮਿਲਾਵਟ ਦੇ ਵਧਦੇ ਰੁਝਾਨ ਕਾਰਨ ਅੱਜ ਅਸਲੀ ਅਤੇ ਨਕਲੀ ਵਸਤਾਂ ਵਿਚਕਾਰ ਫ਼ਰਕ ਕਰਨਾ ਮੁਸ਼ਕਲ ਹੋ ਗਿਆ ਹੈ। ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਵੀ ਇਸ ਦੀ ਲਪੇਟ ਵਿੱਚ ਹਨ। ਚਿੱਟੀ ਕ੍ਰਾਂਤੀ, ਜੋ ਕਦੇ ਲੋਕਾਂ ਲਈ ਸਹਾਇਕ ਧੰਦਾ ਸੀ, ਅੱਜ ਮੁਨਾਫ਼ਾਖੋਰਾਂ ਦੀ ਲਾਲਸਾ ਕਾਰਨ ਮਿਲਾਵਟ ਦੇ ਕਾਲੇ ਕਾਰੋਬਾਰ ਦਾ ਰੂਪ ਧਾਰਦੀ ਜਾ ਰਹੀ ਹੈ।

ਕਾਮਰੇਡ ਗੁਰਨੇਕ ਸਿੰਘ ਭੱਜਲ ਨੇ ਕਿਹਾ ਕਿ ਦੇਸ਼ ਵਿੱਚ ਦੁੱਧ ਦੀ ਮੰਗ ਅਤੇ ਸਪਲਾਈ ਵਿਚਕਾਰ ਵੱਡਾ ਅੰਤਰ ਹੋਣ ਦੇ ਬਾਵਜੂਦ ਬਾਜ਼ਾਰ ਵਿੱਚ ਦੁੱਧ ਅਤੇ ਇਸ ਤੋਂ ਬਣੇ ਉਤਪਾਦਾਂ ਦੀ ਭਰਮਾਰ ਹੈ। ਅਜਿਹੇ ਵਿੱਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਇੰਨੀ ਵੱਡੀ ਮਾਤਰਾ ਵਿੱਚ ਦੁੱਧ ਅਤੇ ਡੇਅਰੀ ਉਤਪਾਦ ਕਿੱਥੋਂ ਆ ਰਹੇ ਹਨ। ਖ਼ਾਸ ਕਰਕੇ ਤਿਉਹਾਰਾਂ ਦੇ ਦਿਨਾਂ ਵਿੱਚ ਮਠਿਆਈਆਂ ਅਤੇ ਦੁੱਧ ਤੋਂ ਬਣੀਆਂ ਵਸਤਾਂ ਦੀ ਮੰਗ ਵਧਣ ਨਾਲ ਮਿਲਾਵਟਖੋਰੀ ਦਾ ਖ਼ਤਰਾ ਹੋਰ ਵਧ ਜਾਂਦਾ ਹੈ।

ਕਈ ਥਾਵਾਂ 'ਤੇ ਰਸਾਇਣਾਂ ਅਤੇ ਹਾਨੀਕਾਰਕ ਪਦਾਰਥਾਂ ਦੀ ਵਰਤੋਂ ਕਰਕੇ ਨਕਲੀ ਦੁੱਧ ਤਿਆਰ ਕਰਨ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਪੰਜਾਬ ਵੀ ਇਸ ਸਮੱਸਿਆ ਤੋਂ ਅਛੂਤਾ ਨਹੀਂ ਹੈ।

- **ਡੇਅਰੀ ਉਤਪਾਦਾਂ ਦਾ ਵਾਜਬ ਰੇਟ ਨਾ ਮਿਲਣ ਕਾਰਨ ਪਸ਼ੂ ਪਾਲਕ ਵੀ ਪ੍ਰੇਸ਼ਾਨ: ਕਾਮਰੇਡ ਗੁਰਨੇਕ ਸਿੰਘ ਭੱਜਲ**



ਦੁੱਧ ਤੋਂ ਇਲਾਵਾ ਪਨੀਰ, ਦਹੀਂ, ਖੋਆ, ਮੱਖਣ, ਦੇਸੀ ਘਿਓ, ਮਠਿਆਈਆਂ, ਆਈਸਕ੍ਰੀਮ, ਨਮਕੀਨ ਅਤੇ ਖਾਣ ਵਾਲੇ ਤੇਲ ਵਰਗੀਆਂ ਵਸਤਾਂ ਵਿੱਚ ਵੀ ਮਿਲਾਵਟ ਦੀਆਂ ਸ਼ਿਕਾਇਤਾਂ ਮਿਲਦੀਆਂ ਹਨ।

ਪੰਜਾਬ ਸਰਕਾਰ ਵੱਲੋਂ ਅਦਾਲਤ ਵਿੱਚ ਪੇਸ਼ ਕੀਤੀ ਗਈ ਸਥਿਤੀ ਰਿਪੋਰਟ ਅਨੁਸਾਰ 2 ਜਨਵਰੀ 2019 ਤੋਂ 31 ਦਸੰਬਰ 2024 ਤੱਕ ਸੂਬੇ ਵਿੱਚ ਮਿਲਾਵਟਖੋਰੀ ਨਾਲ ਸਬੰਧਤ 2,191 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ। ਇਨ੍ਹਾਂ ਵਿੱਚੋਂ ਲਗਭਗ 95 ਫ਼ੀਸਦੀ ਮਾਮਲਿਆਂ ਵਿੱਚ ਸਜ਼ਾਵਾਂ ਦਿੱਤੀਆਂ ਗਈਆਂ। ਅੰਮ੍ਰਿਤਸਰ, ਗੁਰਦਾਸਪੁਰ, ਸੰਗਰੂਰ ਅਤੇ ਫ਼ਤਹਿਗੜ੍ਹ ਸਾਹਿਬ ਵਰਗੇ ਜ਼ਿਲ੍ਹਿਆਂ ਵਿੱਚ ਵੱਡੀ ਗਿਣਤੀ ਵਿੱਚ ਮਾਮਲੇ ਸਾਹਮਣੇ ਆਉਣਾ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਕਿਹਾ ਕਿ ਸਖ਼ਤ ਕਾਨੂੰਨਾਂ ਅਤੇ ਜੁਰਮਾਨਿਆਂ ਦੇ ਬਾਵਜੂਦ ਮਿਲਾਵਟਖੋਰੀ ਦਾ ਕਾਰੋਬਾਰ ਜਾਰੀ ਰਹਿਣਾ ਸਰਕਾਰੀ ਨਿਗਰਾਨੀ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦਾ ਹੈ। ਦੁੱਧ ਨੂੰ ਸੰਪੂਰਨ ਖ਼ੁਰਾਕ ਮੰਨਿਆ ਜਾਂਦਾ ਹੈ, ਪਰ ਇਸ ਵਿੱਚ ਹਾਨੀਕਾਰਕ ਪਦਾਰਥਾਂ ਦੀ ਮਿਲਾਵਟ ਮਨੁੱਖੀ ਸਿਹਤ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ ਅਤੇ ਪਾਚਨ ਪ੍ਰਣਾਲੀ, ਗੁਰਦਿਆਂ ਤੇ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਮਿਲਾਵਟਖੋਰੀ ਵਿਰੁੱਧ ਸਿਰਫ਼ ਤਿਉਹਾਰਾਂ ਮੌਕੇ ਹੀ ਨਹੀਂ, ਸਗੋਂ ਸਾਰਾ ਸਾਲ ਵਿਸ਼ੇਸ਼ ਜਾਂਚ ਮੁਹਿੰਮ ਚਲਾਉਣੀ ਚਾਹੀਦੀ ਹੈ। ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਾਲ ਵੱਡੇ ਮਿਲਾਵਟੀ ਨੈੱਟਵਰਕਾਂ ਦੀ ਪਛਾਣ ਕਰਨੀ ਵੀ ਜ਼ਰੂਰੀ ਹੈ।

ਇਸ ਦੇ ਨਾਲ ਹੀ ਡੇਅਰੀ ਕਾਰੋਬਾਰ ਨਾਲ ਜੁੜੇ ਪਸ਼ੂ ਪਾਲਕਾਂ ਨੂੰ ਦੁੱਧ ਦਾ ਵਾਜਬ ਭਾਅ ਨਹੀਂ ਮਿਲ ਰਿਹਾ, ਜਿਸ ਕਾਰਨ ਉਹ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਸਰਕਾਰ ਨੂੰ ਪਸ਼ੂ ਪਾਲਕਾਂ ਅਤੇ ਛੋਟੇ ਡੇਅਰੀ ਕਾਰੋਬਾਰੀਆਂ ਦੀ ਸਹਾਇਤਾ ਲਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ। ਲੋਕਾਂ ਦੀ ਸਿਹਤ ਦੀ ਰਾਖੀ ਅਤੇ ਸਹਾਇਕ ਡੇਅਰੀ ਧੰਦਿਆਂ ਨੂੰ ਬਚਾਉਣ ਲਈ ਸਰਕਾਰ ਨੂੰ ਗੰਭੀਰਤਾ ਨਾਲ ਯੋਗ ਉਪਰਾਲੇ ਕਰਨ ਦੀ ਲੋੜ ਹੈ।

ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 'ਚ ਰੈਲ ਮਾਜਰੇ ਦੀ ਧੀ ਦਿਲਜੋਤ ਕੌਰ ਨੇ ਗੋਲਾ ਸੁੱਟਣ 'ਚ ਮਾਰੀ ਬਾਜ਼ੀ

ਪੈ.ਗਾਮ-ਏ-ਜਗਤ ਬਲਾਚੌਰ, 11 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਰੈਲ ਮਾਜਰੇ ਪਿੰਡ ਦੀ ਹੋਣਹਾਰ ਧੀ ਦਿਲਜੋਤ ਕੌਰ ਨੇ ਖੇਡਾਂ ਦੇ ਖੇਤਰ ਵਿੱਚ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਕੇ ਨਾ ਸਿਰਫ਼ ਆਪਣੇ ਮਾਪਿਆਂ, ਸਗੋਂ ਪੂਰੇ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਦਿਲਜੋਤ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ ਨਾਲ ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਹਰ ਪਾਸਿਓਂ ਉਸ ਨੂੰ ਵਧਾਈਆਂ ਮਿਲ ਰਹੀਆਂ ਹਨ। ਇਸ ਪ੍ਰਾਪਤੀ ਨੇ ਇਕ ਵਾਰ ਫਿਰ ਸਾਬਤ ਕੀਤਾ ਹੈ ਕਿ ਜੇਕਰ ਧੀਆਂ ਨੂੰ ਸਹੀ ਮੌਕੇ, ਹੌਸਲਾ ਅਤੇ ਸਹਿਯੋਗ ਮਿਲੇ ਤਾਂ ਉਹ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮਨਵਾ ਸਕਦੀਆਂ ਹਨ।

- **ਪਹਿਲਾ ਸਥਾਨ ਹਾਸਲ ਕਰਕੇ ਪਿੰਡ ਦਾ ਵਧਾਇਆ ਮਾਣ**



ਧੀ ਦੀ ਇਸ ਸ਼ਾਨਦਾਰ ਪ੍ਰਾਪਤੀ ਦੀ ਖ਼ਬਰ ਮਿਲਣ 'ਤੇ ਉੱਘੇ ਸਮਾਜ ਸੇਵੀ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਅੱਗੇ ਰਹਿਣ ਵਾਲੇ ਇੰਦਰਜੀਤ ਸਿੰਘ ਧਾਮੀ ਬਲਾਚੌਰ ਵਿਸ਼ੇਸ਼ ਤੌਰ 'ਤੇ ਦਿਲਜੋਤ ਕੌਰ ਦੇ ਘਰ ਪਹੁੰਚੇ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਵਧਾਈ ਦਿੱਤੀ। ਉਨ੍ਹਾਂ ਨੇ ਦਿਲਜੋਤ ਕੌਰ ਨੂੰ ਖੇਡਾਂ ਵਿੱਚ ਹੋਰ ਅੱਗੇ ਵਧਣ ਲਈ ਉਤਸ਼ਾਹਿਤ ਕਰਦਿਆਂ ਪੌਸ਼ਟਿਕ ਖੁਰਾਕ ਵਜੋਂ ਘਿਓ ਅਤੇ ਨਗਦ ਰਾਸ਼ੀ ਭੇਟ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਖਿਡਾਰੀਆਂ ਲਈ ਸਖ਼ਤ ਮਿਹਨਤ ਦੇ ਨਾਲ-ਨਾਲ ਚੰਗੀ ਖੁਰਾਕ ਵੀ ਬੇਹੱਦ ਜ਼ਰੂਰੀ ਹੈ ਅਤੇ ਦਿਲਜੋਤ ਵਰਗੀਆਂ ਹੋਣਹਾਰ ਧੀਆਂ ਦੀ ਹੌਸਲਾ ਅਫ਼ਜ਼ਾਈ ਕਰਨਾ ਸਮਾਜ ਦਾ ਫਰਜ਼ ਹੈ।

ਬੱਚੇ ਦੇਸ਼ ਅਤੇ ਪੰਜਾਬ ਦਾ ਭਵਿੱਖ, ਖੇਡ ਪ੍ਰਤਿਭਾ ਨੂੰ ਮਿਲੇ ਪੂਰਾ ਸਹਿਯੋਗ : ਇੰਦਰਜੀਤ ਸਿੰਘ ਧਾਮੀ

ਇੰਦਰਜੀਤ ਸਿੰਘ ਧਾਮੀ ਨੇ ਕਿਹਾ ਕਿ ਸਾਡੇ ਬੱਚੇ ਦੇਸ਼ ਅਤੇ ਪੰਜਾਬ ਦਾ ਭਵਿੱਖ ਹਨ। ਉਨ੍ਹਾਂ ਦੀ ਸਿਹਤ, ਸਿੱਖਿਆ ਅਤੇ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਪਿੰਡਾਂ ਵਿੱਚੋਂ ਉੱਭਰ ਰਹੀਆਂ ਖੇਡ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਆਰਥਿਕ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਕਮੀ ਉਨ੍ਹਾਂ ਦੇ ਰਾਹ ਵਿੱਚ ਰੁਕਾਵਟ ਨਾ ਬਣੇ। ਖਾਸ ਕਰਕੇ ਧੀਆਂ ਨੂੰ ਖੇਡਾਂ ਵਿੱਚ ਅੱਗੇ ਵਧਣ ਲਈ ਪਰਿਵਾਰਾਂ ਅਤੇ ਸਮਾਜ ਵੱਲੋਂ ਪੂਰਾ ਸਹਿਯੋਗ ਮਿਲਣਾ ਚਾਹੀਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਲੋਕ ਭਲਾਈ ਅਤੇ ਹੋਣਹਾਰ ਬੱਚਿਆਂ ਦੀ ਮਦਦ ਲਈ ਅਜਿਹੇ ਉਪਰਾਲੇ ਲਗਾਤਾਰ ਜਾਰੀ ਰਹਿਣਗੇ।

ਧੀਆਂ ਦੀਆਂ ਪ੍ਰਾਪਤੀਆਂ ਹੋਰਨਾਂ ਬੱਚਿਆਂ ਲਈ ਬਣਨ ਪ੍ਰੇਰਨਾ

ਇਸ ਮੌਕੇ ਤੇਜੀ ਮਾਂਗਟ, ਮਿਸਲ ਸਤਲੁਜ ਨੇ ਵੀ ਦਿਲਜੋਤ ਕੌਰ ਦੀ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿੰਡਾਂ ਦੀਆਂ ਧੀਆਂ ਵੱਲੋਂ ਖੇਡਾਂ ਦੇ ਖੇਤਰ ਵਿੱਚ ਹਾਸਲ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਸਮਾਜ ਲਈ ਮਾਣ ਵਾਲੀ ਗੱਲ ਹਨ। ਅਜਿਹੀਆਂ ਪ੍ਰਾਪਤੀਆਂ ਹੋਰਨਾਂ ਬੱਚਿਆਂ ਨੂੰ ਵੀ ਖੇਡਾਂ ਵੱਲ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਦੇ ਹੋਣਹਾਰ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਨਾ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਹਰ ਸੰਭਵ ਮਦਦ ਦੇਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

ਮਾਪਿਆਂ ਦਾ ਵੀ ਵਧਾਇਆ ਮਾਣ

ਇਸ ਮੌਕੇ ਦਿਲਜੋਤ ਕੌਰ ਦੇ ਪਿਤਾ ਜਸਵੀਰ ਸਿੰਘ ਅਤੇ ਮਾਤਾ ਅਮਰਜੀਤ ਕੌਰ ਨੂੰ ਵੀ ਵਧਾਈ ਦਿੱਤੀ ਗਈ। ਪਰਿਵਾਰ ਨੇ ਧੀ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇੰਦਰਜੀਤ ਸਿੰਘ ਧਾਮੀ ਅਤੇ ਹੋਰਨਾਂ ਨੇ ਦਿਲਜੋਤ ਕੌਰ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਉਮੀਦ ਜਤਾਈ ਕਿ ਇਹ ਹੋਣਹਾਰ ਖਿਡਾਰਨ ਆਉਣ ਵਾਲੇ ਸਮੇਂ ਵਿੱਚ ਹੋਰ ਉੱਚੇ ਮੁਕਾਮ ਹਾਸਲ ਕਰਕੇ ਆਪਣੇ ਮਾਪਿਆਂ, ਪਿੰਡ, ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰੇਗੀ।

ਪਟਿਆਲਾ ਨੂੰ ਮਿਲਿਆ ਨਵਾਂ ਡੀ.ਸੀ., ਹਿਮਾਂਸ਼ੂ ਜੈਨ ਨੇ ਸੰਭਾਲਿਆ ਅਹੁਦਾ

ਪੈ.ਗਾਮ-ਏ-ਜਗਤ/ਪਟਿਆਲਾ 11 ਨਵੰਬਰ (ਪਰਮਜੀਤ ਸਿੰਘ ਪਰਵਾਨਾ)

2017 ਬੈਚ ਦੇ ਆਈ.ਏ.ਐਸ. ਅਧਿਕਾਰੀ ਹਿਮਾਂਸ਼ੂ ਜੈਨ ਨੇ ਅੱਜ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਕੁਸ਼ਲ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰਗਤੀਸ਼ੀਲ, ਪਾਰਦਰਸ਼ੀ ਅਤੇ ਲੋਕ-ਕੇਂਦਰਿਤ ਪ੍ਰਸ਼ਾਸਨ ਦੇਣ ਦੀ ਆਪਣੀ ਵਚਨਬੱਧਤਾ ਪ੍ਰਗਟਾਈ ਹੈ।

ਇਸ ਮੌਕੇ ਹਿਮਾਂਸ਼ੂ ਜੈਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਮੰਡੀਆਂ ਵਿੱਚ ਵਿਕਣ ਲਈ ਆਈ ਝੋਨੇ ਦੀ ਫ਼ਸਲ ਦੀ ਨਿਰਵਿਘਨ ਖ਼ਰੀਦ ਯਕੀਨੀ ਬਣਾਉਣ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਪਿਛਲੇ ਸਾਲਾਂ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਵੱਡੀ ਕਮੀ ਆਈ ਹੈ ਪਰ ਕਿਸਾਨਾਂ ਨੂੰ ਹੋਰ ਜਾਗਰੂਕ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ, ਤਾਂ ਜੋ ਪਰਾਲੀ ਨੂੰ ਅੱਗ ਲਗਾਏ ਬਿਨਾਂ ਇਸ ਦਾ ਸੁਚੱਜਾ ਪ੍ਰਬੰਧਨ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਹਿਮਾਂਸ਼ੂ ਜੈਨ ਲੁਧਿਆਣਾ ਅਤੇ ਰੂਪਨਗਰ ਦੇ ਡਿਪਟੀ ਕਮਿਸ਼ਨਰ, ਮੁੱਖ ਮੰਤਰੀ ਦਫ਼ਤਰ ਵਿੱਚ ਵਧੀਕ ਪ੍ਰਮੁੱਖ ਸਕੱਤਰ, ਹੁਸ਼ਿਆਰਪੁਰ ਨਗਰ ਨਿਗਮ ਦੇ ਕਮਿਸ਼ਨਰ ਅਤੇ ਜਲੰਧਰ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸਮੇਤ ਕਈ ਹੋਰ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾ ਚੁੱਕੇ ਹਨ। ਹਿਮਾਂਸ਼ੂ ਜੈਨ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਣ ਮੌਕੇ ਏ.ਡੀ.ਸੀ. (ਜ) ਅਨੁਪ੍ਰਿਤਾ ਜੌਹਲ, ਐਸ.ਪੀ. ਰਾਜੇਸ਼ ਛਿੱਬੜ, ਆਰ.ਟੀ.ਏ. ਪੂਨਮਪ੍ਰੀਤ ਕੌਰ, ਐਸ.ਡੀ.ਐਮਜ਼ ਗੁਰਦੇਵ ਸਿੰਘ ਅਤੇ ਹਰਜੋਤ ਕੌਰ ਮਾਵੀ, ਜ਼ਿਲ੍ਹਾ ਮਾਲ ਅਫ਼ਸਰ ਕਰਮਜੋਤ ਸਿੰਘ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰਵਿੰਦਰ ਕੌਰ ਸਮੇਤ ਡਿਪਟੀ ਕਮਿਸ਼ਨਰ ਦਫ਼ਤਰ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਉਨ੍ਹਾਂ ਦੇ ਪੁੱਜਣ 'ਤੇ ਪਟਿਆਲਾ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਪੇਸ਼ ਕਰਕੇ ਸਲਾਮੀ ਦਿੱਤੀ ਗਈ।

- **ਕਿਹਾ, ਮੰਡੀਆਂ ਵਿੱਚ ਕਿਸਾਨਾਂ ਦੀ ਵਿਕਣ ਲਈ ਆਈ ਝੋਨੇ ਦੀ ਫ਼ਸਲ ਦੀ ਨਿਰਵਿਘਨ ਖ਼ਰੀਦ ਯਕੀਨੀ ਬਣਾਈ ਜਾਵੇਗੀ**



ਖ਼ਾਲਸਾ ਕਾਲਜ ਵਿਖੇ ਸ਼੍ਰੋਮਣੀ ਭਗਤ, ਸ਼੍ਰੀ ਗੁਰੂ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਅੱਜ

ਪੈ.ਗਾਮ-ਏ-ਜਗਤ ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸ਼੍ਰੋਮਣੀ ਭਗਤ, ਸ਼?ਰੀ ਗੁਰੂ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ 'ਭਗਤ ਰਵਿਦਾਸ ਜੀ : ਜੀਵਨ, ਬਾਣੀ ਤੇ ਸੰਦੇਸ਼' ਵਿਸ਼ੇ ਉੱਤੇ ਵਿਸ਼ੇਸ਼ ਸੈਮੀਨਾਰ 12 ਨਵੰਬਰ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆ ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਲੋਂ ਸ਼੍ਰੋਮਣੀ ਭਗਤ, ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਵੱਡੇ ਪੱਧਰ 'ਤੇ ਧਾਰਮਿਕ ਸਮਾਗਮ, ਸੈਮੀਨਾਰ, ਕੀਰਤਨ ਅਤੇ ਉਨ੍ਹਾਂ ਦੇ ਜਨਮ ਸਥਾਨ ਤੋਂ ਨਗਰ ਕੀਰਤਨ ਸਜਾਏ ਜਾਣਗੇ। ਇਸੇ ਲੜੀ ਤਹਿਤ ਇਹ ਵਿਸ਼ੇਸ਼ ਸੈਮੀਨਾਰ ਉਲੀਕਿਆ ਗਿਆ ਹੈ। ਇਹ ਸੈਮੀਨਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਇੰਜੀ. ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਦੀ ਕੋਆਰਡੀਨੇਸ਼ਨ ਵਿਚ ਧਰਮ ਪ੍ਰਚਾਰ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਵਲੋਂ ਕਰਵਾਇਆ ਜਾ ਰਿਹਾ ਹੈ। ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਬੀਬੀ ਹਰਜਿੰਦਰ ਕੌਰ ਅੰਤ੍ਰਿੰਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਿਰਕਤ ਕਰਨਗੇ। ਕੁੰਜੀਵਤ ਭਾਸ਼ਣ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਲੋਂ ਦਿੱਤਾ ਜਾਵੇਗਾ। ਸੈਮੀਨਾਰ ਦੇ ਬੁਲਾਰੇ ਡਾ. ਪਰਮਜੀਤ ਕੌਰ ਐਸੋਸੀਏਟ ਪ੍ਰੋਫੈਸਰ ਤੇ ਮੁੱਖੀ ਧਰਮ ਅਧਿਐਨ ਵਿਭਾਗ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਅਤੇ ਡਾ. ਮੁਹੱਬਤ ਸਿੰਘ ਅਸਿਸਟੈਂਟ ਪ੍ਰੋਫੈਸਰ ਗੁਰੂ ਨਾਨਕ ਅਧਿਐਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ ਹੋਣਗੇ। ਸੈਮੀਨਾਰ ਦੀ ਪ੍ਰਧਾਨਗੀ ਸ. ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਵਲੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੈਮੀਨਾਰ ਦਾ ਉਦੇਸ਼ ਗੁਰੂ ਰਵਿਦਾਸ ਜੀ ਦੇ ਜੀਵਨ, ਉਨ੍ਹਾਂ ਦੀ ਬਾਣੀ ਅਤੇ ਸਮੁੱਚੀ ਮਾਨਵਤਾ ਨੂੰ ਦਿੱਤੇ ਸੰਦੇਸ਼ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਵਰਤਮਾਨ ਸਮੇਂ ਵਿਚ ਪ੍ਰਸੰਗਿਕਤਾ ਨੂੰ ਉਜਾਗਰ ਕਰਨਾ ਹੈ।

ਕਾਠਗੜ੍ਹ ਵਿਖੇ 14 ਨਵੰਬਰ ਨੂੰ ਹੋਵੇਗੀ ਇੱਕ ਰੋਜ਼ਾ ਜ਼ਿਲ੍ਹਾ ਪੱਧਰੀ ਐਥਲੈਟਿਕ ਮੀਟ ਅਤੇ ਲਹਿਰ ਵਾਲੀਬਾਲ ਲੀਗ

ਵਿੱਕੀ ਚੌਧਰੀ ਕਾਠਗੜ੍ਹ ਦਾ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਡਾ ਉਪਰਾਲਾ

ਪੈ.ਗਾਮ-ਏ-ਜਗਤ/ਨਵਾਂਸ਼ਹਿਰ/ਕਾਠਗੜ੍ਹ 11 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ)

ਕਾਠਗੜ੍ਹ ਦੀ ਧਰਤੀ ਇੱਕ ਵਾਰ ਫਿਰ ਖੇਡਾਂ ਦੇ ਰੰਗ ਵਿੱਚ ਰੰਗੀ ਜਾਵੇਗੀ। ਸੀਨੀਅਰ ਕਾਂਗਰਸੀ ਆਗੂ ਅਤੇ ਉੱਘੇ ਸਮਾਜ ਸੇਵੀ ਵਿੱਕੀ ਚੌਧਰੀ ਕਾਠਗੜ੍ਹ ਵੱਲੋਂ ਵੱਡਾ ਉਪਰਾਲਾ ਕਰਦਿਆਂ ਕਾਠਗੜ੍ਹ ਵਿਖੇ 14 ਨਵੰਬਰ ਨੂੰ ਇੱਕ ਰੋਜ਼ਾ ਲਹਿਰ ਵਾਲੀਬਾਲ ਲੀਗ ਅਤੇ ਜ਼ਿਲ੍ਹਾ ਪੱਧਰੀ ਐਥਲੈਟਿਕ ਮੀਟ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਖੇਡ ਮੇਲਾ 14 ਨਵੰਬਰ ਨੂੰ ਹੀ ਸ਼ੁਰੂ ਹੋ ਕੇ ਉਸੇ ਦਿਨ ਹੀ ਸਮਾਪਤ ਹੋਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿੱਕੀ ਚੌਧਰੀ ਕਾਠਗੜ੍ਹ ਨੇ ਦੱਸਿਆ ਕਿ ਇਸ ਇੱਕ ਰੋਜ਼ਾ ਖੇਡ ਮੇਲੇ ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੀਆਂ ਲੜਕੀਆਂ ਅਤੇ ਲੜਕਿਆਂ ਦੀਆਂ ਟੀਮਾਂ ਹਿੱਸਾ ਲੈਣਗੀਆਂ। ਐਥਲੈਟਿਕ ਮੀਟ ਵਿੱਚ 12, 14, 16, 18 ਅਤੇ 19 ਸਾਲ ਉਮਰ ਵਰਗ ਦੇ ਖਿਡਾਰੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਇਸ ਦੇ ਨਾਲ ਹੀ ਲਹਿਰ ਵਾਲੀਬਾਲ ਲੀਗ ਦੇ ਰੋਮਾਂਚਕ ਮੁਕਾਬਲੇ ਵੀ ਉਸੇ ਦਿਨ ਕਾਠਗੜ੍ਹ ਦੇ ਗਰਾਊਂਡ ਵਿਖੇ ਖੇਡੇ ਜਾਣਗੇ।

ਵਿੱਕੀ ਚੌਧਰੀ ਨੇ ਕਿਹਾ ਕਿ ਇਸ ਲੀਗ ਅਤੇ ਐਥਲੈਟਿਕ ਮੀਟ ਦਾ ਮਕਸਦ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਲੁਕੀ ਹੋਈ ਪ੍ਰਤਿਭਾ ਨੂੰ ਮੰਚ ਦੇਣਾ ਅਤੇ ਨਸ਼ਿਆਂ ਤੋਂ ਦੂਰ ਰੱਖਣਾ ਹੈ। ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇਹ ਇੱਕ ਵਧੀਆ ਮੰਚ ਸਾਬਤ ਹੋਵੇਗਾ।



ਉਨ੍ਹਾਂ ਕਿਹਾ ਕਿ ਕਾਠਗੜ੍ਹ ਹਮੇਸ਼ਾ ਹੀ ਖੇਡਾਂ ਲਈ ਮੋਹਰੀ ਰਿਹਾ ਹੈ। ਇੱਥੋਂ ਦੇ ਨੌਜਵਾਨਾਂ ਨੇ ਵਾਲੀਬਾਲ ਅਤੇ ਐਥਲੈਟਿਕਸ ਵਿੱਚ ਆਪਣਾ ਵੱਖਰਾ ਨਾਂ ਬਣਾਇਆ ਹੈ। ਇਸ ਵਾਰ ਵੀ ਇੱਕ ਹੀ ਦਿਨ ਵਿੱਚ ਹੋਣ ਵਾਲੇ ਮੁਕਾਬਲਿਆਂ ਵਿੱਚ ਰੋਮਾਂਚਕ ਟਾਕਰਾ ਦੇਖਣ ਨੂੰ ਮਿਲੇਗਾ।

ਸੀਨੀਅਰ ਕਾਂਗਰਸੀ ਆਗੂ ਵਿੱਕੀ ਚੌਧਰੀ ਹਮੇਸ਼ਾ ਹੀ ਸਮਾਜ ਸੇਵਾ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਅੱਗੇ ਰਹਿੰਦੇ ਹਨ। ਉਨ੍ਹਾਂ ਵੱਲੋਂ ਕਰਵਾਇਆ ਜਾ ਰਿਹਾ ਇਹ ਉਪਰਾਲਾ ਇਲਾਕੇ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣੇਗਾ। ਇਲਾਕਾ ਵਾਸੀਆਂ ਵੱਲੋਂ ਵੀ ਉਨ੍ਹਾਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

ਵਿੱਕੀ ਚੌਧਰੀ ਨੇ ਸਮੂਹ ਇਲਾਕਾ ਵਾਸੀਆਂ, ਸਪੋਰਟਸ ਪ੍ਰੇਮੀਆਂ ਅਤੇ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ 14 ਨਵੰਬਰ ਨੂੰ ਕਾਠਗੜ੍ਹ ਵਿਖੇ ਹੋ ਰਹੀ ਇਸ ਇੱਕ ਰੋਜ਼ਾ ਜ਼ਿਲ੍ਹਾ ਪੱਧਰੀ ਐਥਲੈਟਿਕ ਮੀਟ ਅਤੇ ਲਹਿਰ ਵਾਲੀਬਾਲ ਲੀਗ ਵਿੱਚ ਵੱਧ ਚੜ੍ਹ ਕੇ ਪਹੁੰਚਣ ਅਤੇ ਖਿਡਾਰੀਆਂ ਦਾ ਹੌਸਲਾ ਵਧਾਉਣ। ਉਨ੍ਹਾਂ ਕਿਹਾ ਕਿ ਦਰਸ਼ਕਾਂ ਦੇ ਸਹਿਯੋਗ ਨਾਲ ਹੀ ਇਹ ਖੇਡ ਮੇਲਾ ਸਫਲ ਹੋਵੇਗਾ।

ਉਨ੍ਹਾਂ ਅੰਤ ਵਿੱਚ ਕਿਹਾ ਕਿ ਲੀਗ ਅਤੇ ਐਥਲੈਟਿਕ ਮੀਟ ਦੇ ਸਫਲ ਆਯੋਜਨ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਯੂ.ਐੱਸ.ਏ. ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਛਾਪਣ ਤੇ ਵੰਡਣ ਦੇ ਮਾਮਲੇ ਵਿੱਚ ਸ. ਜਤਿੰਦਰ ਸਿੰਘ ਸਚਦੇਵਾ ਤਲਬ

ਪੈ.ਗਾਮ-ਏ-ਜਗਤ ਅੰਬਾਲਾ, 11 ਨਵੰਬਰ (ਆਰ.ਸਿੰਘ)

ਯੂਐੱਸਏ ਅੰਦਰ ਅਣਅਧਿਕਾਰਤ ਰੂਪ ਵਿੱਚ ਪ੍ਰੈੱਸ ਸਥਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਅਤੇ ਸਰੂਪ ਸੰਗਤ ਨੂੰ ਵੰਡਣ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਊਯਾਰਕ, ਯੂਐੱਸਏ ਨਿਵਾਸ ਸ. ਜਤਿੰਦਰ ਸਿੰਘ ਸਚਦੇਵਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਉਲੰਘਣਾ ਕਰਦਿਆਂ ਇਹ ਕਾਰਵਾਈ ਕਰਨ ਲਈ ਮਿਤੀ 10 ਦਸੰਬਰ 2026 ਤੱਕ ਨਿੱਜੀ ਰੂਪ ਵਿੱਚ ਪੇਸ਼ ਹੋਣ ਦਾ ਆਦੇਸ਼ ਕੀਤਾ ਹੈ।

ਇਹ ਫੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ ਅਨੁਸਾਰ ਵਿਦੇਸ਼ ਦੀ ਸੰਗਤ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਤੋਂ ਬਾਅਦ ਲਿਆ ਗਿਆ। ਜਾਣਕਾਰੀ ਪੁੱਜੀ ਹੈ ਕਿ ਸ. ਜਤਿੰਦਰ ਸਿੰਘ ਸਚਦੇਵਾ ਵੱਲੋਂ ਘਰ ਘਰ ਅੰਦਰ ਧਰਮਸਾਲ ਸੰਸਥਾ ਦੇ ਨਾਮ ਹੇਠ ਅਣਅਧਿਕਾਰਤ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸ਼ਾਹਿਬ ਦੀ ਦੇ ਪਾਵਨ ਸਰੂਪ ਛਾਪੇ ਅਥੇ ਸੰਗਤ ਨੂੰ ਵੰਡੇ ਜਾ ਰਹੇ ਹਨ।

ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੱਜ ਇਸ ਸਬੰਧੀ ਜਾਰੀ ਹੋਏ ਆਦੇਸ਼ ਵਿੱਚ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜਾਰੀ ਹੋਏ ਹੁਕਮਨਾਮਾ ਮਿਤੀ 09 ਮਈ 1998 ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਦਾ ਅਧਿਕਾਰ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ। ਸ. ਜਤਿੰਦਰ ਸਿੰਘ ਨੂੰ ਕਿਹਾ ਗਿਆ ਕਿ ਉਨ੍ਹਾਂ ਵੱਲੋਂ ਮਨਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਕੀਤੀ ਜਾ ਰਹੀ ਹੈ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਹੈ ਅਤੇ ਪੰਥ ਵਿਚ ਦੁਫੇੜ ਪਾਉਣ ਵਾਲੀ ਕਾਰਵਾਈ ਹੈ। ਇਸ ਦੇ ਮੱਦੇਨਜ਼ਰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਅਨੁਸਾਰ ਸ. ਜਤਿੰਦਰ ਸਿੰਘ ਸਚਦੇਵਾ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਤੁਰੰਤ ਬੰਦ ਕਰਨ, ਹੁਣ ਥੱਕ ਜਿੰਨੇ ਵੀ ਪਾਵਨ ਸਰੂਪਾਂ ਦੀ ਛਪਾਈ ਕੀਤੀ ਹੈ ਉਸ ਦਾ ਮੁਕੰਮਲ ਰਿਕਾਰਡ ਲੈ ਕੇ ਮਿਤੀ 10 ਦਸੰਬਰ 2026 ਤੱਕ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿਜੀ ਰੂਪ ਵਿਚ ਹਾਜ਼ਰ ਹੋਣ।

- **ਇਸ ਮਾਮਲੇ ਵਿੱਚ ਆਪਣੇ ਆਪ ਅਥਾਰਟੀ ਬਣਨ ਵਾਲੇ ਛੇ ਜਣਿਆਂ ਕੋਲੋਂ ਲਿਖਤੀ ਸਪਸ਼ਟੀਕਰਨ ਮੰਗੇ**

ਇਸ ਮਾਮਲੇ ਦੇ ਨਾਲ ਹੀ ਸਬੰਧਤ ਇੱਕ ਹੋਰ ਵੱਖਰੇ ਆਦੇਸ਼ ਵਿੱਚ ਯੂਐੱਸਏ ਨਿਵਾਸੀ ਬਾਬਾ ਸੱਜਣ ਸਿੰਘ, ਗਿਆਨੀ ਭੁਪਿੰਦਰ ਸਿੰਘ, ਸ. ਜਤਿੰਦਰ ਸਿੰਘ, ਸ. ਹਰਬੰਸ ਸਿੰਘ, ਸ. ਹਰਚਰਨ ਸਿੰਘ ਅਤੇ ਸ. ਗੁਰਦੇਵ ਸਿੰਘ ਪਾਸੋਂ ਪੰਦਰਾਂ ਦਿਨਾਂ ਦੇ ਵਿੱਚ-ਵਿੱਚ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

ਇਸ ਆਦੇਸ਼ ਵਿੱਚ ਕਿਹਾ ਗਿਆ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਇਨ੍ਹਾਂ ਵੱਲੋਂ ਸ. ਜਤਿੰਦਰ ਸਿੰਘ ਸਚਦੇਵਾ ਨਾਮੀ ਵਿਅਕਤੀ ਕੋਲ ਜਾ ਕੇ ਉਸ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੋਏ ਆਦੇਸ਼ਾਂ ਦੀ ਉਲੰਘਣਾ ਕਰਦਿਆਂ ਅਣਅਧਿਕਾਰਤ ਤੌਰ 'ਤੇ ਛਾਪੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਸਬੰਧੀ ਆਪਣੇ ਆਪ ਅਥਾਰਟੀ ਬਣ ਕੇ ਉਸ ਦੀ ਸ਼ਲਾਘਾ ਕੀਤੀ ਗਈ ਹੈ, ਜਦਕਿ ਇਹ ਭਲੀਭਾਂਤ ਜਾਣਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਨ ਦਾ ਅਧਿਕਾਰ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਪਾਸ ਹੈ।

ਇਸ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਅਨੁਸਾਰ ਇਸ ਹੋਈ ਅਵੱਗਿਆ ਲਈ ਇਨ੍ਹਾਂ ਨੂੰ ਪੰਦਰਾਂ ਦਿਨਾਂ ਦੇ ਵਿੱਚ-ਵਿੱਚ ਆਪਣੇ ਲਿਖਤੀ ਸਪੱਸ਼ਟੀਕਰਨ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਲਈ ਕਿਹਾ ਗਿਆ ਹੈ।

''ਪੈਗਾਮ-ਏ-ਜਗਤ''
NEWS & WEB CHANNEL
HEAD OFFICE
F 388, Industrial Area, Sector 74,
Sahibzada Ajit Singh Nagar, Punjab 160071
CONTACT : +91 9878862733, 9872340701

ਛੋਟਾ ਇਸ਼ਤਿਹਾਰ
ਵੱਡਾ ਵਪਾਰ
''ਪੈਗਾਮ-ਏ-ਜਗਤ'' ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।

ਰਤੀਆ ਵਿੱਚ ਆਧੁਨਿਕ ਬਾਸਕਟਬਾਲ ਗਰਾਊਂਡ ਬਣਾਉਣ ਦੀ ਮੰਗ, ਖਿਡਾਰੀਆਂ ਅਤੇ ਸ਼ਹਿਰ ਵਾਸੀਆਂ ਨੇ ਮੁੱਖ ਮੰਤਰੀ ਨੂੰ ਸੌਂਪਿਆ ਮੰਗ ਪੱਤਰ

ਪੈ.ਗਾਮ-ਏ-ਜਗਤ
ਰਤੀਆ, 11 ਨਵੰਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਸ਼ਹਿਰ ਵਿੱਚ ਖੇਡ ਸਹੂਲਤਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨ ਖਿਡਾਰੀਆਂ ਨੂੰ ਬਿਹਤਰ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੁਰਾਣੇ ਅਤੇ ਖਸਤਾ ਹਾਲਤ ਬਾਸਕਟਬਾਲ ਗਰਾਊਂਡ ਦੀ ਥਾਂ ਆਧੁਨਿਕ ਸਹੂਲਤਾਂ ਨਾਲ ਲੈਸ ਨਵਾਂ ਬਾਸਕਟਬਾਲ ਗਰਾਊਂਡ ਬਣਾਉਣ ਦੀ ਮੰਗ ਉਠਾਈ ਗਈ ਹੈ। ਇਸ ਸਬੰਧ ਵਿੱਚ ਰਤੀਆ ਬਾਸਕਟਬਾਲ ਟੀਮ, ਖਿਡਾਰੀਆਂ ਅਤੇ ਸ਼ਹਿਰ ਵਾਸੀਆਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮੰਗ ਪੱਤਰ ਸੌਂਪਿਆ ਗਿਆ ਹੈ।



ਮੰਗ ਪੱਤਰ ਵਿੱਚ ਦੱਸਿਆ ਗਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਬੁਆਏਜ਼ ਸਕੂਲ ਦੇ ਵਿਹੜੇ ਵਿੱਚ ਸਥਿਤ ਮੌਜੂਦਾ ਬਾਸਕਟਬਾਲ ਗਰਾਊਂਡ ਦੀ ਹਾਲਤ ਕਾਫ਼ੀ ਤਰਸਯੋਗ ਅਤੇ ਖਸਤਾ ਹੋ ਚੁੱਕੀ ਹੈ। ਰਤੀਆ ਦੇ ਨੌਜਵਾਨ ਖਿਡਾਰੀ ਹਰ ਰੋਜ਼ ਸਵੇਰੇ-ਸ਼ਾਮ ਇੱਥੇ ਅਭਿਆਸ ਕਰਨ ਆਉਂਦੇ ਹਨ, ਪਰ ਲੋੜੀਂਦੀਆਂ ਸਹੂਲਤਾਂ ਦੀ ਘਾਟ ਕਾਰਨ ਉਨ੍ਹਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੰਗ ਪੱਤਰ ਰਾਹੀਂ ਮੁੱਖ ਮੰਤਰੀ ਅੱਗੇ ਹੇਠ ਲਿਖੀਆਂ ਮੰਗਾਂ ਰੱਖੀਆਂ ਗਈਆਂ: ਪੁਰਾਣੇ ਅਤੇ ਖਸਤਾ ਹਾਲਤ ਬਾਸਕਟਬਾਲ ਗਰਾਊਂਡ ਦੀ ਥਾਂ ਨਵਾਂ ਆਧੁਨਿਕ ਗਰਾਊਂਡ ਬਣਾਇਆ ਜਾਵੇ; ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਖੇਡਣ ਵਾਲੀ ਸਤ?ਹਾ ਅਤੇ ਆਧੁਨਿਕ ਬਾਸਕਟਬਾਲ ਪੋਲ ਲਗਾਏ ਜਾਣ; ਖਿਡਾਰੀਆਂ ਲਈ ਫਲੱਡ ਲਾਈਟਾਂ, ਬੈਠਣ ਦੀ ਵਿਵਸਥਾ, ਪੀਣ ਵਾਲੇ ਪਾਣੀ ਅਤੇ ਕੱਪੜੇ ਬਦਲਣ ਵਾਲੇ ਕਮਰੇ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ; ਲੜਕਿਆਂ ਅਤੇ ਲੜਕੀਆਂ ਲਈ ਨਿਯਮਤ ਕੋਚਿੰਗ ਅਤੇ ਸਿਖਲਾਈ ਪ੍ਰਾਪਤ ਕੋਚਾਂ ਦਾ ਪ੍ਰਬੰਧ ਕੀਤਾ ਜਾਵੇ; ਅਤੇ ਰਤੀਆ ਦੇ ਹੋਣਹਾਰ ਖਿਡਾਰੀਆਂ ਨੂੰ ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਅੱਗੇ ਵਧਣ ਲਈ ਵਿਸ਼ੇਸ਼ ਖੇਡ ਸਹੂਲਤਾਂ ਦਿੱਤੀਆਂ ਜਾਣ।

ਇਸ ਮੌਕੇ ਸ਼ਰਮਾ ਚੰਦ ਲਾਲੀ ਨੇ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਵਿਕਾਸ ਦਾ ਸਾਧਨ ਹੀ ਨਹੀਂ ਹਨ, ਸਗੋਂ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਵੀ ਹਨ। ਉਨ੍ਹਾਂ ਕਿਹਾ ਕਿ ਜੇਕਰ ਰਤੀਆ ਵਿੱਚ ਆਧੁਨਿਕ ਖੇਡ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਤਾਂ ਸੈਂਕੜੇ ਨੌਜਵਾਨ ਖੇਡਾਂ ਨਾਲ ਜੁੜਨਗੇ ਅਤੇ ਰਤੀਆ ਨੂੰ ਨਸ਼ਾ ਮੁਕਤ ਬਣਾਉਣ ਦੀ ਮੁਹਿੰਮ ਨੂੰ ਵੀ ਹੋਰ ਮਜ਼ਬੂਤੀ ਮਿਲੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਹਰਿਆਣਵੀ ਸੱਭਿਆਚਾਰ ਅਤੇ ਪਰੰਪਰਾਵਾਂ ਦੇ ਪ੍ਰਤੀਕ ਰਾਮ-ਰਮੀ ਤਿਉਹਾਰ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਸ਼ਿਸ਼ਟਾਚਾਰ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਰਾਮ-ਰਮੀ ਤਿਉਹਾਰ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਰਤੀਆ ਵਿੱਚ ਆਧੁਨਿਕ ਬਾਸਕਟਬਾਲ ਗਰਾਊਂਡ ਬਣਾਉਣ ਦੀ ਮੰਗ ਵੀ ਉਨ੍ਹਾਂ ਅੱਗੇ ਰੱਖੀ ਗਈ। ਮੁੱਖ ਮੰਤਰੀ ਨੇ ਖਿਡਾਰੀਆਂ ਦੀ ਇਸ ਮੰਗ 'ਤੇ ਹਾਂ-ਪੱਖੀ ਹੁੰਗਾਰਾ ਦਿੰਦਿਆਂ ਰਤੀਆ ਵਿੱਚ ਨਵਾਂ ਬਾਸਕਟਬਾਲ ਗਰਾਊਂਡ ਬਣਵਾਉਣ ਦਾ ਭਰੋਸਾ ਦਿੱਤਾ।

ਗੁਰਚਰਨ ਸਿੰਘ ਖੋਖਰ, ਜ਼ਿਲ੍ਹਾ ਪ੍ਰਧਾਨ ਅਲਪਸੰਖਿਆਕ ਮੋਰਚਾ, ਫਤਿਹਾਬਾਦ ਨੇ ਕਿਹਾ ਕਿ ਰਤੀਆ ਵਿੱਚ ਖੇਡ ਪ੍ਰਤਿਭਾਵਾਂ ਦੀ ਕੋਈ ਘਾਟ ਨਹੀਂ ਹੈ। ਲੋੜ ਸਿਰਫ਼ ਬਿਹਤਰ ਖੇਡ ਮੈਦਾਨ, ਸਿਖਲਾਈ ਪ੍ਰਾਪਤ ਕੋਚਾਂ ਅਤੇ ਆਧੁਨਿਕ ਸਹੂਲਤਾਂ ਦੀ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਨੌਜਵਾਨਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਇਸ ਮੰਗ ਨੂੰ ਪਹਿਲ ਦਿੱਤੀ ਜਾਵੇ। ਇਸ ਮੌਕੇ ਸਰਦਾਰ ਗੁਰਚਰਨ ਸਿੰਘ ਖੋਖਰ, ਜ਼ਿਲ੍ਹਾ ਪ੍ਰਧਾਨ ਅਲਪਸੰਖਿਆਕ ਮੋਰਚਾ, ਫਤਿਹਾਬਾਦ; ਵਿਗਿਆਨ ਸਾਗਰ ਬਾਘਲਾ; ਤਰੁਣ ਕੁਮਾਰ; ਰਤੀਆ ਬਾਸਕਟਬਾਲ ਟੀਮ ਦੇ ਖਿਡਾਰੀ; ਖੇਡ ਪ੍ਰੇਮੀ ਅਤੇ ਸ਼ਹਿਰ ਵਾਸੀ ਹਾਜ਼ਰ ਸਨ। ਸਾਰਿਆਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਖਿਡਾਰੀਆਂ ਦੇ ਭਵਿੱਖ ਅਤੇ ਸ਼ਹਿਰ ਦੇ ਨੌਜਵਾਨਾਂ ਦੇ ਹਿੱਤ ਵਿੱਚ ਰਤੀਆ ਵਿੱਚ ਜਲਦੀ ਤੋਂ ਜਲਦੀ ਆਧੁਨਿਕ ਬਾਸਕਟਬਾਲ ਗਰਾਊਂਡ ਬਣਵਾਇਆ ਜਾਵੇ।

ਕਿਸਾਨਾਂ ਅਤੇ ਪ੍ਰਸ਼ਾਸਨ ਵਿਚਕਾਰ ਗੱਲਬਾਤ ਬੇਨਤੀਜਾ, ਅਧਿਕਾਰੀਆਂ ਦੇ ਟਾਲਮਟੋਲ ਵਾਲੇ ਰਵੱਈਏ 'ਤੇ ਕਿਸਾਨਾਂ ਨੇ ਜਤਾਇਆ ਰੋਸ

ਪੈ.ਗਾਮ-ਏ-ਜਗਤ
ਫਤਿਹਾਬਾਦ, 11 ਨਵੰਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

- **ਫਤਿਹਾਬਾਦ ਵਿੱਚ ਕਿਸਾਨਾਂ ਦਾ ਪੱਕਾ ਮੋਰਚਾ ਜਾਰੀ, ਮਹਿਲਾਵਾਂ ਨੇ ਸੰਭਾਲਿਆ ਮੋਰਚਾ; ਮੰਗਾਂ ਨਾ ਮੰਨੀਆਂ ਤਾਂ ਚੰਡੀਗੜ੍ਹ ਕੂਚ ਕਰਨ ਦੀ ਚੇਤਾਵਨੀ**



ਨਹਿਰੀ ਪਾਣੀ ਦੀ ਬੰਦੀ ਦੇ ਵਿਰੋਧ ਅਤੇ ਗੜੇਮਾਰੀ ਕਾਰਨ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਪੱਗੜੀ ਸੰਭਾਲ ਜੱਟਾ ਕਿਸਾਨ ਸੰਘਰਸ਼ ਕਮੇਟੀ ਦੇ ਬੈਨਰ ਹੇਠ ਡੀ.ਸੀ. ਦਫ਼ਤਰ ਦੇ ਬਾਹਰ ਕਿਸਾਨਾਂ ਦਾ ਅਣਮਿੱਥੇ ਸਮੇਂ ਲਈ ਪੱਕਾ ਮੋਰਚਾ ਲਗਾਤਾਰ ਜਾਰੀ ਹੈ। ਅੰਦੋਲਨ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨ ਜਥੇਬੰਦੀ ਦੇ ਵਫ਼ਦ ਨੂੰ ਗੱਲਬਾਤ ਲਈ ਬੁਲਾਇਆ, ਪਰ ਅਧਿਕਾਰੀਆਂ ਦੇ ਅੜੀਅਲ ਅਤੇ ਟਾਲਮਟੋਲ ਵਾਲੇ ਰਵੱਈਏ ਕਾਰਨ ਇਹ ਗੱਲਬਾਤ ਪੂਰੀ ਤਰ੍ਹਾਂ ਬੇਨਤੀਜਾ ਰਹੀ।

ਪੱਗੜੀ ਸੰਭਾਲ ਜੱਟਾ ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਮਨਦੀਪ ਨਥਵਾਨ ਦੀ ਅਗਵਾਈ ਹੇਠ ਇੱਕ ਵਫ਼ਦ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਕਰਨ ਪਹੁੰਚਿਆ। ਮੀਟਿੰਗ ਤੋਂ ਬਾਅਦ ਮਨਦੀਪ ਨਥਵਾਨ ਨੇ ਦੱਸਿਆ ਕਿ ਉਨ੍ਹਾਂ ਨੇ ਨਹਿਰਾਂ ਵਿੱਚ ਮਹੀਨੇ ਦੇ ਸਿਰਫ਼ ਸੱਤ ਦਿਨ ਪਾਣੀ ਦੇਣ ਵਾਲੇ ਨਵੇਂ ਸ਼ਡਿਊਲ ਦਾ ਸਪੱਸ਼ਟ ਵਿਰੋਧ ਕੀਤਾ ਅਤੇ ਨਹਿਰਾਂ ਵਿੱਚ ਲਗਾਤਾਰ ਦੋ ਹਫ਼ਤੇ ਪਾਣੀ ਛੱਡਣ ਦੀ ਜ਼ੋਰਦਾਰ ਮੰਗ ਰੱਖੀ। ਇਸ ਦੇ ਨਾਲ ਹੀ ਗੜੇਮਾਰੀ ਕਾਰਨ ਪੂਰੀ ਤਰ੍ਹਾਂ ਤਬਾਹ ਹੋਈਆਂ ਫ਼ਸਲਾਂ ਲਈ ਪ੍ਰਤੀ ਏਕੜ ਇੱਕ ਲੱਖ ਰੁਪਏ ਮੁਆਵਜ਼ਾ ਦੇਣ ਦਾ ਮੁੱਦਾ ਵੀ ਉਠਾਇਆ ਗਿਆ। ਹਾਲਾਂਕਿ, ਦੋਵਾਂ ਮੁੱਖ ਮੰਗਾਂ 'ਤੇ ਪ੍ਰਸ਼ਾਸਨ ਦਾ ਰਵੱਈਆ ਟਾਲਮਟੋਲ ਵਾਲਾ ਰਿਹਾ, ਜਿਸ ਕਾਰਨ ਗੱਲਬਾਤ ਬਿਨਾਂ ਕਿਸੇ ਨਤੀਜੇ ਦੇ ਖ਼ਤਮ ਹੋ ਗਈ।

ਧਰਨੇ ਵਿੱਚ ਮਹਿਲਾਵਾਂ ਦੀ ਮਜ਼ਬੂਤ ਸ਼ਮੂਲੀਅਤ

ਅੱਜ ਧਰਨੇ ਵਾਲੀ ਥਾਂ 'ਤੇ ਉਸ ਸਮੇਂ ਹੋਰ ਮਜ਼ਬੂਤ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਵੱਡੀ ਗਿਣਤੀ ਵਿੱਚ ਮਹਿਲਾਵਾਂ ਪਹੁੰਚੀਆਂ ਅਤੇ ਉਨ੍ਹਾਂ ਨੇ ਮੋਰਚੇ ਦੀ ਕਮਾਨ ਸੰਭਾਲੀ। ਅੱਜ ਦੇ ਧਰਨੇ ਦੀ ਸਾਂਝੇ ਤੌਰ 'ਤੇ ਪ੍ਰਧਾਨਗੀ ਕਿਸਾਨ ਆਗੂ ਮਹਿੰਦਰ ਮੋਚੀ, ਸੁੱਖਾ ਦਿਗੋਹ ਅਤੇ ਕੁਲਦੀਪ ਢਾਬੀ ਨੇ ਕੀਤੀ। ਸਤੀਸ਼ ਬੈਨੀਵਾਲ, ਜਗਦੀਸ਼ ਜੁਗਲਾਨ, ਪ੍ਰਕਾਸ਼ ਮਮੇਰਾ, ਭਰਤ ਸਿੰਘ ਦੈਯੜ ਸਮੇਤ ਕਈ ਪ੍ਰਮੁੱਖ ਕਿਸਾਨ ਆਗੂਆਂ ਨੇ ਮੰਚ ਤੋਂ ਸੰਬੋਧਨ ਕੀਤਾ ਅਤੇ ਕਿਸਾਨਾਂ ਨੂੰ ਇਕਜੁੱਟ ਰਹਿ ਕੇ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ।

16 ਨਵੰਬਰ ਨੂੰ ਮਨਾਇਆ ਜਾਵੇਗਾ ਨਸ਼ਾ ਵਿਰੋਧੀ ਦਿਵਸ

ਕਿਸਾਨ ਕਮੇਟੀ ਨੇ ਐਲਾਨ ਕੀਤਾ ਕਿ ਆਉਣ ਵਾਲੀ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਇਸ ਪੱਕੇ ਮੋਰਚੇ 'ਤੇ ਨਸ਼ਾ ਵਿਰੋਧੀ ਦਿਵਸ ਵਜੋਂ ਸਮਾਗਮ ਕਰਵਾਇਆ ਜਾਵੇਗਾ। ਇਸ ਦੌਰਾਨ ਸਮਾਜਿਕ ਬੁਰਾਈਆਂ ਵਿਰੁੱਧ ਵੀ ਆਵਾਜ਼ ਉਠਾਈ ਜਾਵੇਗੀ। ਮੰਗਾਂ ਜਲਦੀ ਪੂਰੀਆਂ ਨਾ ਹੋਈਆਂ ਤਾਂ ਚੰਡੀਗੜ੍ਹ ਕੂਚ ਕਰਾਂਗੇ: ਮਨਦੀਪ ਨਥਵਾਨ

ਧਰਨੇ ਵਾਲੀ ਥਾਂ ਤੋਂ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮਨਦੀਪ ਨਥਵਾਨ ਨੇ ਦੇਰੀ ਨਾਲ ਗਿਰਦਾਵਰੀ ਸ਼ੁਰੂ ਕਰਨ 'ਤੇ ਪ੍ਰਸ਼ਾਸਨ ਨੂੰ ਘੇਰਿਆ ਅਤੇ ਕਿਹਾ ਕਿ ਇਸ ਕਾਰਨ ਹੁਣ ਕਿਸਾਨਾਂ ਨੂੰ ਮੁਆਵਜ਼ਾ ਲੈਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਸਿਰਫ਼ ਪੰਜ ਏਕੜ ਤੱਕ 15 ਹਜ਼ਾਰ ਰੁਪਏ ਮੁਆਵਜ਼ਾ ਦੇਣ ਦਾ ਪ੍ਰਬੰਧ ਕਰਕੇ ਕਿਸਾਨਾਂ ਨਾਲ ਭੱਦਾ ਮਜ਼ਾਕ ਨਾ ਕਰੇ। ਸਾਰੇ ਪ੍ਰਭਾਵਿਤ ਕਿਸਾਨਾਂ ਨੂੰ ਇੱਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਸਿੱਧਾ ਉਨ੍ਹਾਂ ਦੇ ਖਾਤਿਆਂ ਵਿੱਚ ਦਿੱਤਾ ਜਾਵੇ ਅਤੇ ਕਣਕ ਦੀ ਬਿਜਾਈ ਲਈ ਨਹਿਰਾਂ ਵਿੱਚ ਲਗਾਤਾਰ ਦੋ ਹਫ਼ਤੇ ਪਾਣੀ ਛੱਡਿਆ ਜਾਵੇ।

ਨਥਵਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਅਤੇ ਪ੍ਰਸ਼ਾਸਨ ਨੇ ਕਿਸਾਨਾਂ ਦੀਆਂ ਇਨ੍ਹਾਂ ਜਾਇਜ਼ ਮੰਗਾਂ ਵੱਲ ਜਲਦੀ ਧਿਆਨ ਨਾ ਦਿੱਤਾ ਤਾਂ ਅੰਦੋਲਨ ਦੇ ਅਗਲੇ ਪੜਾਅ ਵਿੱਚ ਕਿਸਾਨ ਇਕਜੁੱਟ ਹੋ ਕੇ ਚੰਡੀਗੜ੍ਹ ਕੂਚ ਕਰਨਗੇ, ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ।

ਵਿਧਾਇਕ ਰੰਧਾਵਾ ਨੇ ਭੈਣ ਸਾਵਿਤਰੀ ਨਾਲ ਮਨਾਇਆ ਭਾਈ ਦੂਜ ਦਾ ਤਿਉਹਾਰ, ਭੈਣ ਨੇ ਤਿਲਕ ਲਗਾ ਕੇ ਲੰਮੀ ਉਮਰ ਦੀ ਕੀਤੀ ਕਾਮਨਾ

ਪੈ.ਗਾਮ-ਏ-ਜਗਤ/ਡੇਰਾਬੱਸੀ
11 ਨਵੰਬਰ (ਸੰਜੀਵ ਸਿੰਘ ਸੈਣੀ)

ਭੈਣ-ਭਰਾ ਦੇ ਪਿਆਰ ਦੇ ਪ੍ਰਤੀਕ ਪਵਿੱਤਰ ਤਿਉਹਾਰ ਭਾਈ ਦੂਜ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਲਕਾ ਡੇਰਾਬੱਸੀ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਦੀ ਭੈਣ ਸ੍ਰੀਮਤੀ ਸਾਵਿਤਰੀ ਨੇ ਜ਼ੀਰਕਪੁਰ ਸਥਿਤ ਉਨ੍ਹਾਂ ਦੇ ਦਫ਼ਤਰ ਵਿਖੇ ਉਨ੍ਹਾਂ ਦੇ ਮੱਥੇ 'ਤੇ ਤਿਲਕ ਲਗਾ ਕੇ ਤਿਉਹਾਰ ਦੀਆਂ ਰਵਾਇਤੀ ਰਸਮਾਂ ਨਿਭਾਈਆਂ।




ਭੈਣ ਸਾਵਿਤਰੀ ਨੇ ਤਿਲਕ ਲਗਾਉਣ ਉਪਰੰਤ ਆਰਤੀ ਕੀਤੀ ਅਤੇ ਵਿਧਾਇਕ ਰੰਧਾਵਾ ਦਾ ਮੂੰਹ ਮਿੱਠਾ ਕਰਵਾਉਂਦਿਆਂ ਆਪਣੇ ਭਰਾ ਦੀ ਲੰਮੀ ਉਮਰ ਅਤੇ ਖ਼ੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਇਸ ਮੌਕੇ ਵਿਧਾਇਕ ਰੰਧਾਵਾ ਨੇ ਵੀ ਆਪਣੀ ਭੈਣ ਨੂੰ ਹਮੇਸ਼ਾ ਖ਼ੁਸ਼ ਰਹਿਣ ਦਾ ਅਸ਼ੀਰਵਾਦ ਦਿੱਤਾ। ਵਿਧਾਇਕ ਰੰਧਾਵਾ ਨੇ ਇਸ ਮੌਕੇ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਦਿਆਂ ਸ਼ਹਿਰ ਅਤੇ ਹਲਕੇ ਦੇ ਵਸਨੀਕਾਂ ਨੂੰ ਭਾਈ ਦੂਜ ਦੇ ਪਵਿੱਤਰ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਜ਼ਿਕਰਯੋਗ ਹੈ ਕਿ ਭਾਈ ਦੂਜ ਦਾ ਤਿਉਹਾਰ ਭੈਣ-ਭਰਾ ਦੇ ਅਟੁੱਟ ਪਿਆਰ, ਵਿਸ਼ਵਾਸ ਅਤੇ ਸਤਿਕਾਰ ਦਾ ਪ੍ਰਤੀਕ ਹੈ। ਇਸ ਦਿਨ ਭੈਣਾਂ ਆਪਣੇ ਭਰਾਵਾਂ ਦੀ ਲੰਮੀ ਉਮਰ ਅਤੇ ਖ਼ੁਸ਼ਹਾਲ ਜੀਵਨ ਲਈ ਅਰਦਾਸ ਕਰਦੀਆਂ ਹਨ।

ਹਾਂਸੀ ਵਿੱਚ ਪਹਿਲੀ ਵਾਰ ਹੋਵੇਗਾ ਸ਼ਾਨਦਾਰ ਜ਼ਿਲ੍ਹਾ ਪੱਧਰੀ ਯੁਵਾ ਮਹੋਤਸਵ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

- **19 ਅਤੇ 20 ਨਵੰਬਰ ਨੂੰ ਐਸ.ਡੀ. ਮਹਿਲਾ ਮਹਾਵਿਦਿਆਲਿਆ ਵਿੱਚ ਜੁੜਨਗੀਆਂ ਨੌਜਵਾਨ ਪ੍ਰਤਿਭਾਵਾਂ**
- **16 ਨਵੰਬਰ ਤੱਕ ਮਾਈ ਭਾਰਤ ਪੋਰਟਲ 'ਤੇ ਕਰਵਾ ਸਕਦੇ ਹਨ ਰਜਿਸਟ੍ਰੇਸ਼ਨ, ਜੇਤੂਆਂ ਨੂੰ ਮਿਲਣਗੇ 4100, 3100 ਅਤੇ 2100 ਰੁਪਏ ਦੇ ਨਕਦ ਇਨਾਮ**

ਹਾਂਸੀ ਜ਼ਿਲ੍ਹੇ ਵਿੱਚ ਪਹਿਲੀ ਵਾਰ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਯੁਵਾ ਮਹੋਤਸਵ ਨੂੰ ਸ਼ਾਨਦਾਰ ਅਤੇ ਯਾਦਗਾਰ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਇਸੇ ਲੜੀ ਤਹਿਤ ਸੀਟੀਐਮ ਹਿਮਾਂਸ਼ੂ ਚੌਹਾਨ ਨੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸੌਂਪਦਿਆਂ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।



ਮੀਟਿੰਗ ਦੌਰਾਨ ਸੀਟੀਐਮ ਹਿਮਾਂਸ਼ੂ ਚੌਹਾਨ ਨੇ ਕਿਹਾ ਕਿ ਹਾਂਸੀ ਜ਼ਿਲ੍ਹੇ ਦਾ ਇਹ ਪਹਿਲਾ ਯੁਵਾ ਮਹੋਤਸਵ ਹੈ, ਇਸ ਲਈ ਇਸ ਨੂੰ ਉਤਸ਼ਾਹਪੂਰਨ, ਸੁਚੱਜੇ ਅਤੇ ਸ਼ਾਨਦਾਰ ਢੰਗ ਨਾਲ ਕਰਵਾਇਆ ਜਾਵੇਗਾ। ਇਹ ਮਹੋਤਸਵ 19 ਅਤੇ 20 ਨਵੰਬਰ ਨੂੰ ਐਸ.ਡੀ. ਮਹਿਲਾ ਮਹਾਵਿਦਿਆਲਿਆ ਦੇ ਆਡੀਟੋਰੀਅਮ ਵਿੱਚ ਕਰਵਾਇਆ ਜਾਵੇਗਾ। ਇਸ ਮਹੋਤਸਵ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮੰਚ ਪ੍ਰਦਾਨ ਕਰਨਾ ਅਤੇ ਕਲਾ, ਸੱਭਿਆਚਾਰ ਤੇ ਰਚਨਾਤਮਕ ਗਤੀਵਿਧੀਆਂ ਪ੍ਰਤੀ ਉਨ੍ਹਾਂ ਦੀ ਰੁਚੀ ਨੂੰ ਉਤਸ਼ਾਹਿਤ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਯੁਵਾ ਮਹੋਤਸਵ ਦਾ ਉਦਘਾਟਨ ਵਿਧਾਇਕ ਵਿਨੋਦ ਭਯਾਨਾ ਕਰਨਗੇ, ਜਦਕਿ ਸਮਾਪਤੀ ਸਮਾਰੋਹ ਵਿੱਚ ਡਿਪਟੀ ਕਮਿਸ਼ਨਰ ਰਾਹੁਲ ਨਰਵਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਸਮਾਪਤੀ ਮੌਕੇ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਭਾਗੀਦਾਰਾਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਸੀਟੀਐਮ ਨੇ ਦੱਸਿਆ ਕਿ ਇਸ ਯੁਵਾ ਮਹੋਤਸਵ ਵਿੱਚ 15 ਤੋਂ 29 ਸਾਲ ਉਮਰ ਵਰਗ ਦੇ ਨੌਜਵਾਨ ਹਿੱਸਾ ਲੈ ਸਕਣਗੇ। ਇਸ ਲਈ ਹਾਂਸੀ ਜ਼ਿਲ੍ਹੇ ਦਾ ਕੋਈ ਵੀ ਯੋਗ ਨੌਜਵਾਨ 16 ਨਵੰਬਰ ਤੱਕ ਮਾਈ ਭਾਰਤ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਰਜਿਸਟ੍ਰੇਸ਼ਨ ਕਰਵਾ ਕੇ ਇਸ ਮੌਕੇ ਦਾ ਲਾਭ ਉਠਾਉਣ ਅਤੇ ਜ਼ਿਲ੍ਹਾ ਪੱਧਰ 'ਤੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ।

ਉਨ੍ਹਾਂ ਦੱਸਿਆ ਕਿ ਯੁਵਾ ਮਹੋਤਸਵ ਦੌਰਾਨ ਵੱਖ-ਵੱਖ ਸੱਭਿਆਚਾਰਕ ਅਤੇ ਰਚਨਾਤਮਕ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਵਿੱਚ ਲੋਕ ਗੀਤ, ਲੋਕ ਨਾਚ, ਨੁੱਕੜ ਨਾਟਕ, ਚਿੱਤਰਕਲਾ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਕਵਿਤਾ ਲੇਖਣ ਅਤੇ ਸੰਗੀਤਕ ਸਾਜ਼ਾਂ ਨਾਲ ਸਬੰਧਤ ਮੁਕਾਬਲੇ ਸ਼ਾਮਲ ਹੋਣਗੇ। ਇਨ੍ਹਾਂ ਮੁਕਾਬਲਿਆਂ ਰਾਹੀਂ ਨੌਜਵਾਨਾਂ ਨੂੰ ਆਪਣੀ ਕਲਾ, ਸੱਭਿਆਚਾਰਕ ਵਿਰਾਸਤ ਅਤੇ ਰਚਨਾਤਮਕ ਸੋਚ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲੇਗਾ। ਸੀਟੀਐਮ ਹਿਮਾਂਸ਼ੂ ਚੌਹਾਨ ਨੇ ਦੱਸਿਆ ਕਿ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਭਾਗੀਦਾਰ ਨੂੰ 4100 ਰੁਪਏ, ਦੂਜਾ ਸਥਾਨ ਹਾਸਲ ਕਰਨ ਵਾਲੇ ਨੂੰ 3100 ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਨੂੰ 2100 ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੁਕਾਬਲਿਆਂ ਦੇ ਆਯੋਜਨ, ਭਾਗੀਦਾਰਾਂ ਦੀ ਸਹੂਲਤ, ਆਡੀਟੋਰੀਅਮ ਦੇ ਪ੍ਰਬੰਧ, ਬੈਠਣ ਦੀ ਵਿਵਸਥਾ, ਪੀਣ ਵਾਲੇ ਪਾਣੀ, ਸਫ਼ਾਈ ਅਤੇ ਹੋਰ ਜ਼ਰੂਰੀ ਪ੍ਰਬੰਧਾਂ ਵੱਲ ਪੂਰੀ ਗੰਭੀਰਤਾ ਨਾਲ ਧਿਆਨ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਅਤੇ ਸਮਾਜ ਦਾ ਭਵਿੱਖ ਹਨ।

ਨੌਜਵਾਨਾਂ ਦੀ ਪ੍ਰਤਿਭਾ ਨੂੰ ਸਹੀ ਮੰਚ ਅਤੇ ਉਤਸ਼ਾਹ ਮਿਲਣਾ ਬਹੁਤ ਜ਼ਰੂਰੀ ਹੈ। ਜ਼ਿਲ੍ਹਾ ਪੱਧਰੀ ਯੁਵਾ ਮਹੋਤਸਵ ਨੌਜਵਾਨਾਂ ਨੂੰ ਆਪਣੀ ਸੱਭਿਆਚਾਰਕ ਅਤੇ ਰਚਨਾਤਮਕ ਪ੍ਰਤਿਭਾ ਨਿਖਾਰਨ ਦੇ ਨਾਲ-ਨਾਲ ਹੋਰ ਪ੍ਰਤਿਭਾਸ਼ਾਲੀ ਨੌਜਵਾਨਾਂ ਤੋਂ ਸਿੱਖਣ ਦਾ ਮੌਕਾ ਵੀ ਪ੍ਰਦਾਨ ਕਰੇਗਾ। ਜ਼ਿਲ੍ਹਾ ਪ੍ਰਸ਼ਾਸਨ ਦਾ ਯਤਨ ਹੈ ਕਿ ਹਾਂਸੀ ਦਾ ਪਹਿਲਾ ਯੁਵਾ ਮਹੋਤਸਵ ਸਫਲਤਾਪੂਰਵਕ ਕਰਵਾਇਆ ਜਾਵੇ ਅਤੇ ਇਸ ਵਿੱਚ ਜ਼ਿਲ੍ਹੇ ਦੇ ਵੱਧ ਤੋਂ ਵੱਧ ਨੌਜਵਾਨ ਉਤਸ਼ਾਹ ਨਾਲ ਭਾਗ ਲੈਣ।

14 ਨਵੰਬਰ ਨੂੰ ਹਾਂਸੀ ਵਿੱਚ ਹੋਵੇਗੀ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ

- **ਸਿੱਖਿਆ ਮੰਤਰੀ ਮਹੀਪਾਲ ਢਾਂਡਾ ਕਰਨਗੇ ਪ੍ਰਧਾਨਗੀ, ਸਵੇਰੇ 10 ਵਜੇ ਸਰਕਾਰੀ ਕਾਲਜ ਹਾਂਸੀ ਵਿਖੇ ਹੋਵੇਗੀ ਮੀਟਿੰਗ**

ਪੈ.ਗਾਮ-ਏ-ਜਗਤ/ਹਾਂਸੀ (ਦਿਨਕਰ ਗਾਵੜੀ)

ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ ਦੀ ਮੀਟਿੰਗ ਆਉਣ ਵਾਲੀ 14 ਨਵੰਬਰ ਨੂੰ ਹਾਂਸੀ ਵਿੱਚ ਕਰਵਾਈ ਜਾਵੇਗੀ। ਇਸ ਮੀਟਿੰਗ ਦੀ ਪ੍ਰਧਾਨਗੀ ਹਰਿਆਣਾ ਦੇ ਸਿੱਖਿਆ ਮੰਤਰੀ ਮਹੀਪਾਲ ਢਾਂਡਾ ਕਰਨਗੇ। ਮੀਟਿੰਗ ਸਵੇਰੇ 10 ਵਜੇ ਸਰਕਾਰੀ ਕਾਲਜ, ਹਾਂਸੀ ਵਿਖੇ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਸੀਟੀਐਮ ਹਿਮਾਂਸ਼ੂ ਚੌਹਾਨ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਰਾਹੁਲ ਨਰਵਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਮੀਟਿੰਗ ਵਿੱਚ ਖੁਦ ਹਾਜ਼ਰ ਹੋਣਾ ਯਕੀਨੀ ਬਣਾਉਣ ਅਤੇ ਆਪਣੇ-ਆਪਣੇ ਵਿਭਾਗ ਨਾਲ ਸਬੰਧਤ ਸ਼ਿਕਾਇਤਾਂ ਅਤੇ ਮਾਮਲਿਆਂ ਦਾ ਪੂਰਾ ਰਿਕਾਰਡ ਨਾਲ ਲੈ ਕੇ ਆਉਣ, ਤਾਂ ਜੋ ਜਨਤਕ ਸ਼ਿਕਾਇਤ ਨਿਵਾਰਣ ਕਮੇਟੀ ਅੱਗੇ ਰੱਖੇ ਜਾਣ ਵਾਲੇ ਮਾਮਲਿਆਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਸਕੇ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਜਨਤਕ ਸ਼ਿਕਾਇਤਾਂ ਦੀ ਸੁਣਵਾਈ ਕੀਤੀ ਜਾਵੇਗੀ ਅਤੇ ਸਬੰਧਤ ਅਧਿਕਾਰੀਆਂ ਤੋਂ ਮਾਮਲਿਆਂ ਦੀ ਸਥਿਤੀ ਅਤੇ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਲਈ ਜਾਵੇਗੀ।

ਅਪਰ ਬਾਜ਼ਾਰ ਵਿੱਚ ਸੁਨਿਆਰੇ ਦੀ ਦੁਕਾਨ ਤੋਂ 15 ਲੱਖ ਦਾ ਸੋਨਾ ਚੋਰੀ

ਪੈ.ਗਾਮ-ਏ-ਜਗਤ/ਖਰੜ, 11 ਨਵੰਬਰ (ਦਵਿੰਦਰ ਕੌਰ)

ਖਰੜ ਦੇ ਅਪਰ ਬਾਜ਼ਾਰ ਵਿੱਚ ਚੋਰਾਂ ਨੇ ਸੱਤਿਅਮ ਜਿਊਲਰਜ਼ ਦੀ ਦੁਕਾਨ ਦੇ ਤਾਲੇ ਤੋੜ ਕੇ ਕਰੀਬ ਪੰਜ ਤੋਲੇ ਸੋਨਾ ਚੋਰੀ ਕਰ ਲਿਆ, ਜਿਸ ਦੀ ਕੀਮਤ ਲਗਭਗ 15 ਲੱਖ ਰੁਪਏ ਦੱਸੀ ਜਾ ਰਹੀ ਹੈ। ਦੁਕਾਨ ਮਾਲਕ ਪ੍ਰਦੀਪ ਕਰਵਲ ਨੇ ਦੱਸਿਆ ਕਿ ਸਵੇਰੇ 7 ਵਜੇ ਫੋਨ ਰਾਹੀਂ ਉਨ੍ਹਾਂ ਨੂੰ ਚੋਰੀ ਦਾ ਪਤਾ ਲੱਗਾ। ਜਦੋਂ ਦੁਕਾਨ ਵਿੱਚ ਜਾ ਕੇ ਵੇਖਿਆ ਤਾਂ ਦੁਕਾਨ ਦਾ ਸਾਰਾ ਸਮਾਨ ਖਿਲਰਿਆ ਪਿਆ ਸੀ ਅਤੇ ਪੂਰੀ ਜਾਂਚ ਤੋਂ ਬਾਅਦ ਪਤਾ ਲੱਗਾ ਹੈ ਕਿ ਦੁਕਾਨ ਵਿੱਚੋਂ 15 ਲੱਖ ਰੁਪਏ ਦਾ ਸੋਨਾ ਚੋਰੀ ਸੀ। ਸੀਸੀਟੀਵੀ ਫੁਟੇਜ ਵਿੱਚ ਚੋਰ ਰਾਤ 3 ਵੱਜ ਕੇ 30 ਮਿੰਟ 'ਤੇ ਮੋਟਰਸਾਈਕਲ 'ਤੇ ਫਰਾਰ ਹੁੰਦੇ ਦਿਖਾਈ ਦੇ ਰਹੇ ਹਨ। ਇਸ ਸਬੰਧੀ ਥਾਣਾ ਸਿਟੀ ਖਰੜ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।



ਸਾਈਬਰ ਅਪਰਾਧੀਆਂ ਅਤੇ ਧਮਕੀਆਂ ਦੇ ਕੇ ਫਿਰੌਤੀ ਮੰਗਣ ਵਾਲਿਆਂ 'ਤੇ ਲੱਗੇਗੀ ਡਿਜ਼ੀਟਲ ਲਗਾਮ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

- **ਹਰਿਆਣਾ ਪੁਲਿਸ ਦੀ 'ਅਭੇਦਿਆ ਐਪ' ਬਣੇਗੀ ਸੁਰੱਖਿਆ ਕਵਚ**



ਤਕਨਾਲੋਜੀ ਦੀ ਵਧਦੀ ਵਰਤੋਂ ਦੇ ਨਾਲ ਸਾਈਬਰ ਅਪਰਾਧੀ ਵੀ ਠੱਗੀ, ਧਮਕੀਆਂ ਅਤੇ ਫਿਰੌਤੀ ਮੰਗਣ ਲਈ ਨਵੇਂ-ਨਵੇਂ ਡਿਜੀਟਲ ਤਰੀਕੇ ਅਪਨਾ ਰਹੇ ਹਨ। ਅਜਿਹੇ ਅਪਰਾਧੀਆਂ ਦੀਆਂ ਗਤੀਵਿਧੀਆਂ 'ਤੇ ਰੋਕ ਲਗਾਉਣ ਅਤੇ ਆਮ ਲੋਕਾਂ ਨੂੰ ਸਾਈਬਰ ਖ਼ਤਰਿਆਂ ਤੋਂ ਸੁਰੱਖਿਅਤ ਰੱਖਣ ਲਈ ਹਰਿਆਣਾ ਪੁਲਿਸ ਵੱਲੋਂ 'ਅਭੇਦਿਆ' ਮੋਬਾਈਲ ਐਪ ਤਿਆਰ ਕੀਤੀ ਗਈ ਹੈ।

ਹਾਂਸੀ ਪੁਲਿਸ ਵੱਲੋਂ ਇਸ ਐਪ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਨਾਗਰਿਕ ਵਿਦੇਸ਼ੀ ਅਤੇ ਵਰਚੁਅਲ ਨੰਬਰਾਂ ਤੋਂ ਆਉਣ ਵਾਲੀਆਂ ਸ਼ੱਕੀ ਵਟਸਐਪ ਕਾਲਾਂ ਅਤੇ ਸੁਨੇਹਿਆਂ ਤੋਂ ਆਪਣਾ ਬਚਾਅ ਕਰ ਸਕਣ।

ਹਾਂਸੀ ਦੇ ਪੁਲਿਸ ਸੁਪਰਡੈਂਟ ਵਿਨੋਦ ਕੁਮਾਰ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਸਾਈਬਰ ਅਪਰਾਧੀ ਵਿਦੇਸ਼ੀ ਨੰਬਰਾਂ, ਇੰਟਰਨੈੱਟ ਕਾਲਿੰਗ ਅਤੇ ਵਟਸਐਪ ਰਾਹੀਂ ਲੋਕਾਂ ਨੂੰ ਡਰਾ ਕੇ ਠੱਗੀ ਮਾਰਨ ਅਤੇ ਫਿਰੌਤੀ ਮੰਗਣ ਵਰਗੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। 'ਅਭੇਦਿਆ' ਐਪ ਅਜਿਹੀਆਂ ਸ਼ੱਕੀ ਡਿਜੀਟਲ ਗਤੀਵਿਧੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਤੋਂ ਬਚਾਅ ਕਰਨ ਵਿੱਚ ਸਹਾਇਕ ਹੈ। ਇਸ ਐਪ ਰਾਹੀਂ ਸ਼ੱਕੀ ਕਾਲਾਂ ਨੂੰ ਬਲੌਕ ਕਰਨ ਵਰਗੀਆਂ ਸਹੂਲਤਾਂ ਉਪਲਬਧ ਹਨ।

'ਅਭੇਦਿਆ' ਐਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਅਣਜਾਣ ਵਿਦੇਸ਼ੀ ਅਤੇ ਵਰਚੁਅਲ ਨੰਬਰਾਂ ਤੋਂ ਆਉਣ ਵਾਲੀਆਂ ਸ਼ੱਕੀ ਵਟਸਐਪ ਕਾਲਾਂ ਨੂੰ ਰੋਕਣਾ, ਸ਼ੱਕੀ ਨੰਬਰਾਂ ਨੂੰ ਬਲੌਕ ਕਰਨਾ ਅਤੇ ਧਮਕੀ ਭਰੇ ਸੁਨੇਹਿਆਂ ਤੇ ਡਿਜੀਟਲ ਤੰਗ-ਪ੍ਰੇਸ਼ਾਨੀ ਤੋਂ ਬਚਾਅ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਸ਼ੱਕੀ ਨੰਬਰਾਂ ਨਾਲ ਜੁੜੀ ਜਾਣਕਾਰੀ ਦਾ ਤਕਨੀਕੀ ਵਿਸ਼ਲੇਸ਼ਣ ਕਰਨ ਵਿੱਚ ਵੀ ਇਹ ਐਪ ਪੁਲਿਸ ਲਈ ਲਾਭਦਾਇਕ ਸਾਬਤ ਹੋ ਸਕਦੀ ਹੈ।

ਐਸ.ਪੀ. ਹਾਂਸੀ ਨੇ ਕਿਹਾ ਕਿ ਸਾਈਬਰ ਠੱਗ ਪੁਲਿਸ, ਸੀਬੀਆਈ, ਈਡੀ ਜਾਂ ਹੋਰ ਸਰਕਾਰੀ ਏਜੰਸੀਆਂ ਦੇ ਅਧਿਕਾਰੀ ਬਣ ਕੇ ਲੋਕਾਂ ਨੂੰ ਵੀਡੀਓ ਕਾਲ ਕਰਦੇ ਹਨ ਅਤੇ ਝੂਠੇ ਮਾਮਲਿਆਂ ਵਿੱਚ ਫਸਾਉਣ ਜਾਂ ਗ੍ਰਿਫ਼ਤਾਰ ਕਰਨ ਦਾ ਡਰ ਦਿਖਾ ਕੇ ਪੈਸਿਆਂ ਦੀ ਮੰਗ ਕਰਦੇ ਹਨ। ਇਸੇ ਤਰ੍ਹਾਂ ਕੁਝ ਅਪਰਾਧੀ ਵਿਦੇਸ਼ੀ ਨੰਬਰਾਂ ਤੋਂ ਕਾਲ ਕਰਕੇ ਪਰਿਵਾਰ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੰਦੇ ਅਤੇ ਫਿਰੌਤੀ ਮੰਗਦੇ ਹਨ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਲੋਕਾਂ ਦੇ ਝਾਂਸੇ ਵਿੱਚ ਨਾ ਆਉਣ, ਕਿਸੇ ਵੀ ਦਬਾਅ ਹੇਠ ਪੈਸੇ ਟ੍ਰਾਂਸਫਰ ਨਾ ਕਰਨ ਅਤੇ ਆਪਣੀ ਬੈਂਕਿੰਗ ਸਬੰਧੀ ਗੁਪਤ ਜਾਣਕਾਰੀ ਕਿਸੇ ਅਣਜਾਣ ਵਿਅਕਤੀ ਨਾਲ ਸਾਂਝੀ ਨਾ ਕਰਨ।

ਪੁਲਿਸ ਸੁਪਰਡੈਂਟ ਵਿਨੋਦ ਕੁਮਾਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਈਬਰ ਅਪਰਾਧਾਂ ਪ੍ਰਤੀ ਜਾਗਰੂਕ ਰਹਿਣ ਅਤੇ ਡਿਜੀਟਲ ਸੁਰੱਖਿਆ ਲਈ ਉਪਲਬਧ ਤਕਨੀਕੀ ਸਹੂਲਤਾਂ ਦਾ ਲਾਭ ਉਠਾਉਣ। 'ਅਭੇਦਿਆ' ਐਪ ਦੀ ਅਧਿਕਾਰਤ ਪਹੁੰਚ ਹਾਸਲ ਕਰਨ ਅਤੇ ਇਸ ਬਾਰੇ ਜਾਣਕਾਰੀ ਲੈਣ ਦੇ ਇੱਛੁਕ ਨਾਗਰਿਕ ਹਾਂਸੀ ਦੇ ਪੁਲਿਸ ਸੁਪਰਡੈਂਟ ਦਫ਼ਤਰ ਵਿੱਚ ਸਥਿਤ ਸਾਈਬਰ ਸੈੱਲ ਨਾਲ ਸੰਪਰਕ ਕਰ ਸਕਦੇ ਹਨ।

ਪੰਜਾਬ ਰੋਡਵੇਜ਼ ਅਤੇ ਪਨਬੱਸ ਮੁਲਾਜ਼ਮਾਂ ਦੀਆਂ ਮੰਗਾਂ ਤੁਰੰਤ ਮੰਨੇ ਸਰਕਾਰ : ਅਵਿਨਾਸ਼ ਰਾਏ ਖੰਨਾ

ਪੈ.ਗਾਮ-ਏ-ਜਗਤ/ਗੜ੍ਹਸ਼ੰਕਰ
11 ਨਵੰਬਰ (ਹਰੀ ਕ੍ਰਿਸ਼ਨ ਗੰਗੜ)

ਪੰਜਾਬ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਪੰਜਾਬ ਰੋਡਵੇਜ਼ ਅਤੇ ਪਨਬੱਸ ਦੇ ਕੰਟਰੈਕਟ ਕਰਮਚਾਰੀਆਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਤਿੰਨ ਰੋਜ਼ਾ ਹੜਤਾਲ 'ਤੇ ਚਿੰਤਾ ਪ੍ਰਗਟ ਕਰਦਿਆਂ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਮੁਲਾਜ਼ਮ ਕਿਸੇ ਵੀ ਸੂਬੇ ਦੇ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਉਨ੍ਹਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰਨਾ ਅਤੇ ਵਾਰ-ਵਾਰ ਸੰਘਰਸ਼ ਕਰਨ ਲਈ ਮਜਬੂਰ ਕਰਨਾ ਸਰਕਾਰ ਦੀ ਪ੍ਰਸ਼ਾਸਨਿਕ ਨਾਕਾਮੀ ਨੂੰ ਦਰਸਾਉਂਦਾ ਹੈ। ਭਗਵੰਤ ਮਾਨ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਮੁਲਾਜ਼ਮਾਂ ਨੂੰ ਵਾਰ-ਵਾਰ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। 'ਆਪ"ਸਰਕਾਰ ਹਰ ਵਾਰ ਕਰਮਚਾਰੀਆ ਨਾਲ ਮੀਟਿੰਗਾਂ ਵਿੱਚ ਮੰਗਾਂ ਮੰਨਣ ਦੇ ਵਾਅਦੇ ਤਾਂ ਕਰ ਲੈਂਦੀ ਹੈ ਪਰ ਇਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ।



ਸਰਕਾਰ ਨੂੰ ਆਪਣੀ ਹਉਮੈ ਛੱਡ ਕੇ ਕਰਮਚਾਰੀ ਜਥੇਬੰਦੀਆਂ ਨਾਲ ਤੁਰੰਤ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਮੰਗਾਂ ਦਾ ਸਮਾਂਬੱਧ ਹੱਲ ਕੱਢਣਾ ਚਾਹੀਦਾ ਹੈ।

ਖੰਨਾ ਨੇ ਕਿਹਾ ਕਿ ਰੋਡਵੇਜ਼ ਅਤੇ ਪਨਬੱਸ ਦੀ ਹੜਤਾਲ ਦਾ ਸਭ ਤੋਂ ਵੱਧ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਵਿਦਿਆਰਥੀਆਂ, ਮੁਲਾਜ਼ਮਾਂ, ਮਰੀਜ਼ਾਂ, ਬਜ਼ੁਰਗਾਂ ਅਤੇ ਰੋਜ਼ਾਨਾ ਸਫ਼ਰ ਕਰਨ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਦੀ ਅਣਗਹਿਲੀ ਕਾਰਨ ਜਨਤਕ ਆਵਾਜਾਈ ਪ੍ਰਭਾਵਿਤ ਹੋਣਾ ਬੇਹੱਦ ਮੰਦਭਾਗਾ ਹੈ। ਲੋਕਾਂ ਨੂੰ ਹੜਤਾਲਾਂ ਅਤੇ ਮੁਲਾਜ਼ਮਾਂ ਨੂੰ ਸੰਘਰਸ਼ਾਂ ਤੋਂ ਬਚਾਉਣਾ ਹੀ ਸਰਕਾਰ ਦੀ ਇੱਕ ਵੱਡੀ ਜ਼ਿੰਮੇਵਾਰੀ ਹੈ।

ਕਰਨਾਲ ਪੁਲਿਸ ਦੀ ਕਾਰਵਾਈ, ਫੈਕਟਰੀ ਵਿੱਚੋਂ ਲੋਹੇ ਦੀਆਂ ਪਲੇਟਾਂ ਚੋਰੀ ਕਰਨ ਦੇ ਮਾਮਲੇ ਵਿੱਚ ਮੁਲਜ਼ਮ ਗ੍ਰਿਫ਼ਤਾਰ

ਪੈ.ਗਾਮ-ਏ-ਜਗਤ/ਕਰਨਾਲ
11 ਨਵੰਬਰ (ਪ੍ਰਵੀਨ ਵਾਲੀਆ)

- **ਮੁਲਜ਼ਮ ਦੇ ਕਬਜ਼ੇ ਵਿੱਚੋਂ ਚੋਰੀ ਦੀਆਂ 55 ਲੋਹੇ ਦੀਆਂ ਪਲੇਟਾਂ ਬਰਾਮਦ; ਅਦਾਲਤ ਦੇ ਹੁਕਮਾਂ 'ਤੇ ਜੇਲ੍ਹ ਭੇਜਿਆ**

ਕਰਨਾਲ ਦੇ ਪੁਲਿਸ ਸੁਪਰਡੈਂਟ ਸ੍ਰੀ ਕਰਨ ਗੋਇਲ, ਆਈਪੀਐਸ ਦੇ ਯੋਗ ਮਾਰਗਦਰਸ਼ਨ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪੁਲਿਸ ਵੱਲੋਂ ਚੋਰੀ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਮੁਲਜ਼ਮਾਂ ਖ਼?ਲਾਫ਼ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਥਾਣਾ ਸਿਟੀ ਕਰਨਾਲ ਅਧੀਨ ਆਉਂਦੀ ਪੁਲਿਸ ਚੌਕੀ ਸੈਕਟਰ-4 ਦੇ ਇੰਚਾਰਜ ਸਬ-ਇੰਸਪੈਕਟਰ ਹਿੰਮਤ ਸਿੰਘ ਦੀ ਅਗਵਾਈ ਹੇਠ ਸਹਾਇਕ ਸਬ-ਇੰਸਪੈਕਟਰ ਰਜਨੀਸ਼ ਕੁਮਾਰ ਦੀ ਟੀਮ ਨੇ ਫੈਕਟਰੀ ਵਿੱਚੋਂ ਲੋਹੇ ਦੀਆਂ ਪਲੇਟਾਂ ਚੋਰੀ ਕਰਨ ਦੇ ਮਾਮਲੇ ਵਿੱਚ ਮੁਲਜ਼ਮ ਪ੍ਰੇਮ ਸਿੰਘ ਪੁੱਤਰ ਫਤਿਹ ਸਿੰਘ, ਵਾਸੀ ਗੁਰੂ ਨਾਨਕਪੁਰਾ, ਕਰਨਾਲ ਨੂੰ ਅਨਾਜ ਮੰਡੀ ਕਰਨਾਲ ਤੋਂ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ ਚੋਰੀ ਦੀਆਂ 55 ਲੋਹੇ ਦੀਆਂ ਪਲੇਟਾਂ ਬਰਾਮਦ ਕੀਤੀਆਂ ਗਈਆਂ ਹਨ।

ਇਸ ਸਬੰਧੀ ਜਾਂਚ ਅਧਿਕਾਰੀ ਨੇ ਦੱਸਿਆ ਕਿ ਸ਼ਿਕਾਇਤਕਰਤਾ ਅੰਕਿਤ ਕੁਮਾਰ, ਵਾਸੀ ਸੈਕਟਰ-13, ਨਿਊ ਹਾਊਸਿੰਗ ਬੋਰਡ, ਕਰਨਾਲ ਨੇ ਪੁਲਿਸ ਚੌਕੀ ਸੈਕਟਰ-4 ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਸੈਕਟਰ-3 ਸਥਿਤ ਇੰਡਸਟਰੀਅਲ ਏਰੀਆ ਦੀ ਫੈਕਟਰੀ ਨੰਬਰ 286 ਦੀ ਦੇਖਭਾਲ ਕਰਦਾ ਹੈ। ਮੁਲਜ਼ਮ ਪ੍ਰੇਮ ਸਿੰਘ ਪਿਛਲੇ ਕਰੀਬ ਛੇ ਮਹੀਨਿਆਂ ਤੋਂ ਉਕਤ ਫੈਕਟਰੀ ਵਿੱਚ ਸੁਰੱਖਿਆ ਗਾਰਡ ਵਜੋਂ ਕੰਮ ਕਰ ਰਿਹਾ ਸੀ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮ ਪਿਛਲੇ ਕਰੀਬ ਪੰਜ ਮਹੀਨਿਆਂ ਤੋਂ ਹਰ ਰੋਜ਼ ਆਪਣੀ ਸਕੂਟੀ 'ਤੇ ਫੈਕਟਰੀ ਵਿੱਚੋਂ ਲੋਹੇ ਦੀਆਂ ਪਲੇਟਾਂ ਚੋਰੀ ਕਰਕੇ ਲੈ ਜਾਂਦਾ ਸੀ।

ਸ਼ਿਕਾਇਤ ਦੇ ਆਧਾਰ 'ਤੇ 9 ਨਵੰਬਰ 2026 ਨੂੰ ਥਾਣਾ ਸਿਟੀ ਕਰਨਾਲ ਵਿੱਚ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦਿਆਂ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਿਸ ਟੀਮ ਨੇ ਮੁਲਜ਼ਮ ਪ੍ਰੇਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ ਚੋਰੀ ਦੀਆਂ 55 ਲੋਹੇ ਦੀਆਂ ਪਲੇਟਾਂ ਬਰਾਮਦ ਕੀਤੀਆਂ।

ਪੁਲਿਸ ਟੀਮ ਨੇ ਅੱਜ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇਂ ਅਦਾਲਤ ਦੇ ਹੁਕਮਾਂ ਅਨੁਸਾਰ ਉਸ ਨੂੰ ਨਿਆਂਇਕ ਹਿਰਾਸਤ ਵਿੱਚ ਜ਼ਿਲ੍ਹਾ ਜੇਲ੍ਹ ਭੇਜ ਦਿੱਤਾ ਗਿਆ।

ਬਾਲ ਲੇਖਕ ਗੋਸਲ ਨੇ ਆਪਣੀ ਨਵੀਂ ਪੁਸਤਕ 'ਬਾਲ ਸਿਖਿਆ ਸਾਗਰ' ਸਾਹਿਤਕਾਰ ਪ੍ਰੇਮ ਵਿਜ ਨੂੰ ਭੇਂਟ ਕੀਤੀ

ਪੈ.ਗਾਮ-ਏ-ਜਗਤ
ਚੰਡੀਗੜ੍ਹ (ਹਰਮਿੰਦਰ ਸਿੰਘ ਨਾਗਪਾਲ)

ਪ੍ਰਸਿੱਧ ਪੰਜਾਬੀ ਲੇਖਕ ਬਹਾਦਰ ਸਿੰਘ ਗੋਸਲ ਨੇ ਆਪਣੀ ਨਵ-ਪ੍ਰਕਾਸ਼ਿਤ 'ਬਾਲ ਸਿਖਿਆ ਸਾਗਰ' ਬਾਲ ਪੁਸਤਕ ਅੱਜ ਆਪਣੇ ਨਿਵਾਸ ਸਥਾਨ 'ਤੇ ਹਿੰਦੀ ਦੇ ਪ੍ਰਤਿਸ਼ਠਿਤ ਸਾਹਿਤਕਾਰ ਪ੍ਰੇਮ ਵਿਜ ਨੂੰ ਭੇਂਟ ਕੀਤੀ। ਇਹ ਪੁਸਤਕ ਬਾਲ ਕਹਾਣੀ ਸੰਗ੍ਰਹਿ ਹੈ ਅਤੇ ਇਸ ਵਿੱਚ 153 ਬਾਲ ਕਹਾਣੀਆਂ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਬਹਾਦਰ ਸਿੰਘ ਗੋਸਲ ਦਾ ਪੰਜਾਬੀ ਬਾਲ ਕਹਾਣੀ ਲੇਖਣ ਵਿੱਚ ਮਹੱਤਵਪੂਰਨ ਸਥਾਨ ਹੈ, ਉਨ੍ਹਾਂ ਦੀਆਂ ਹੁਣ ਤੱਕ 125 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਨ੍ਹਾਂ ਦੀਆਂ ਕਈ ਪੁਸਤਕਾਂ ਦਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਅਨੁਵਾਦ ਹੋ ਚੁੱਕਾ ਹੈ। ਸ੍ਰੀ ਗੋਸਲ ਨੂੰ ਚੰਡੀਗੜ੍ਹ ਸਾਹਿਤ ਅਕਾਦਮੀ ਸਮੇਤ ਅਤੇ ਸੰਸਥਾਵਾਂ ਨੇ ਵੀ ਸਨਮਾਨਿਤ ਕੀਤਾ ਹੈ।



ਆਪਣੀ ਨਾਕਾਮੀ ਦਾ ਠੀਕਰਾ ਪੰਜਾਬ ਦੇ ਕਿਸਾਨਾਂ ਸਿਰ ਭੰਨਣਾ ਬੰਦ ਕਰੇ ਭਾਜਪਾ : ਰੋਬੀ ਕੰਗ

ਪੈ.ਗਾਮ-ਏ-ਜਗਤ
ਨਵਾਂਸ਼ਹਿਰ/11 ਨਵੰਬਰ/(ਜਤਿੰਦਰਪਾਲ ਸਿੰਘ ਕਲੇਰ)

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਰੋਬੀ ਕੰਗ ਨਵਾਂਸ਼ਹਿਰ ਨੇ ਭਾਜਪਾ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਆਪਣੀ ਨਾਕਾਮੀ ਦਾ ਠੀਕਰਾ ਪੰਜਾਬ ਦੇ ਕਿਸਾਨਾਂ ਸਿਰ ਭੰਨਣਾ ਬੰਦ ਕਰੇ ਭਾਜਪਾ। ਰੋਬੀ ਕੰਗ ਨੇ ਕਿਹਾ ਕਿ ਦੀਵਾਲੀ ਦੀ ਰਾਤ ਦਿੱਲੀ ਵਿੱਚ ਪਟਾਕਿਆਂ ਕਾਰਨ ਵਧੇ ਪ੍ਰਦੂਸ਼ਣ ਦੀ ਜ਼ਿੰਮੇਵਾਰੀ ਤੋਂ ਬਚਣ ਲਈ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨਾ ਬੇਹੱਦ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਪੰਜਾਬ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀ ਸਮਝੇ। ਉਨ੍ਹਾਂ ਕਿਹਾ ਕਿ ਹਰ ਸਾਲ ਪ੍ਰਦੂਸ਼ਣ ਵਧਣ 'ਤੇ ਭਾਜਪਾ ਪੰਜਾਬ ਦੇ ਕਿਸਾਨਾਂ ਨੂੰ ਦੋਸ਼ੀ ਠਹਿਰਾ ਕੇ ਆਪਣਾ ਪੱਲਾ ਝਾੜ ਲੈਂਦੀ ਹੈ, ਜਦੋਂਕਿ ਦਿੱਲੀ ਦੇ ਆਪਣੇ ਪ੍ਰਦੂਸ਼ਣ ਦੇ ਕਾਰਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਕਿਸਾਨਾਂ ਨੂੰ ਬਿਨਾਂ ਵਜ੍ਹਾ ਬਦਨਾਮ ਕਰਨਾ ਬੰਦ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਦਿੱਲੀ ਦੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਠੋਸ ਕਦਮ ਚੁੱਕੇ।



ਯੂ.ਟੀ. ਚੰਡੀਗੜ੍ਹ ਦੇ ਮੁੱਖ ਸਕੱਤਰ ਨੇ ਸੈਕੰਡ ਚੰਡੀਗੜ੍ਹ ਇੰਟਰਨੈਸ਼ਨਲ ਮੈਰਾਥਨ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ

ਚੰਡੀਗੜ੍ਹ, 11 ਨਵੰਬਰ (ਪੈ.ਗਾਮ-ਏ-ਜਗਤ)



ਯੂ.ਟੀ.ਚੰਡੀਗੜ੍ਹ ਦੇ ਮੁੱਖ ਸਕੱਤਰ, ਸ਼੍ਰੀ ਐੱਚ. ਰਾਜੇਸ਼ ਪ੍ਰਸਾਦ, ਆਈਏਐੱਸ, ਨੇ ਅੱਜ ਯੂ.ਟੀ. ਸਕੱਤਰੇਤ ਵਿਖੇ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰਕੇ 22 ਨਵੰਬਰ 2026 ਨੂੰ ਹੋਣ ਵਾਲੀ ਸੈਕੰਡ ਚੰਡੀਗੜ੍ਹ ਇੰਟਰਨੈਸ਼ਨਲ ਮੈਰਾਥਨ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ।

ਮੀਟਿੰਗ ਵਿੱਚ ਗ੍ਰਹਿ ਸਕੱਤਰ ਸ਼੍ਰੀ ਮਨਦੀਪ ਸਿੰਘ ਬਰਾੜ, ਆਈਏਐੱਸ; ਸਪੋਰਟਸ ਸਕੱਤਰ ਸੁਸ਼੍ਰੀ ਪ੍ਰੇਰਨਾ ਪੁਰੀ, ਆਈਏਐੱਸ; ਡਿਪਟੀ ਕਮਿਸ਼ਨਰ,ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ; ਐੱਸਐੱਸਪੀ, ਟ੍ਰੈਫਿਕ ਅਤੇ ਸੁਰੱਖਿਆ, ਸ਼੍ਰੀ ਸੁਮੇਰ ਪ੍ਰਤਾਪ ਸਿੰਘ, ਆਈਪੀਐੱਸ; ਡਾਇਰੈਕਟਰ ਸਪੋਰਟਸ ਸੌਰਭ ਕੁਮਾਰ ਅਰੋੜਾ, ਪੀਸੀਐੱਸ; ਅਤੇ ਨਗਰ ਨਿਗਮ ਅਤੇ ਸਿਹਤ, ਪੁਲਿਸ, ਟ੍ਰਾਂਸਪੋਰਟ, ਸਕੂਲ ਸਿੱਖਿਆ, ਸੱਭਿਆਚਾਰ, ਇੰਜੀਨੀਅਰਿੰਗ, ਲੋਕ ਸੰਪਰਕ ਅਤੇ ਉਚੇਰੀ ਸਿੱਖਿਆ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਅਤੇ ਪ੍ਰਤੀਨਿਧੀ ਉਪਸਥਿਤ ਰਹੇ।

ਸੁਸ਼੍ਰੀ ਪ੍ਰੇਰਨਾ ਪੁਰੀ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਖੇਡ ਵਿਭਾਗ ਦੁਆਰਾ ਆਯੋਜਿਤ ਕੀਤੀਆਂ ਜਾ ਰਹੀਆਂ ਮੈਰਾਥਨ ਦੀਆਂ ਵਿਵਸਥਾਵਾਂ ਦਾ ਵਿਵਰਣ ਪ੍ਰਸਤੁਤ ਕੀਤਾ। ਉਨ੍ਹਾਂ ਨੇ ਮੀਟਿੰਗ ਵਿੱਚ ਦੱਸਿਆ ਕਿ ਇਸ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਖਿਡਾਰੀਆਂ ਦੇ ਹਿੱਸਾ ਲੈਣ ਦੀ ਸੰਭਾਵਨਾ ਹੈ। ਬਿਬ ਐਕਸਪੋ ਦਾ ਆਯੋਜਨ 21 ਨਵੰਬਰ 2026 ਨੂੰ ਕੀਤਾ ਜਾਵੇਗਾ।

ਤਿਆਰੀਆਂ ਦੀ ਸਮੀਖਿਆ ਕਰਦੇ ਹੋਏ ਐੱਚ. ਰਾਜੇਸ਼ ਪ੍ਰਸਾਦ ਨੇ ਖੇਡ ਵਿਭਾਗ ਦੇ ਪ੍ਰਯਾਸਾਂ ਦੀ ਸ਼ਲਾਘਾ ਕੀਤੀ ਅਤੇ ਸਾਰੇ ਸਬੰਧਿਤ ਵਿਭਾਗਾਂ ਦੇ ਦਰਮਿਆਨ ਨਜ਼ਦੀਕੀ ਤਾਲਮੇਲ ਅਤੇ ਸਹਿਯੋਗ ਦੀ ਜ਼ਰੂਰਤ 'ਤੇ ਬਲ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਹ ਮੈਰਾਥਨ ਨੈਸ਼ਨਲ ਅਤੇ ਇੰਟਰਨੈਸ਼ਨਲ ਮਹੱਤਵ ਦਾ ਸਮਾਗਮ ਹੋਵੇਗਾ, ਜਿਸ ਨਾਲ ਪ੍ਰਮੁੱਖ ਖੇਡ ਸਮਾਗਮਾਂ ਦੇ ਕੇਂਦਰ ਦੇ ਰੂਪ ਵਿੱਚ ਚੰਡੀਗੜ੍ਹ ਦੀ ਪਹਿਚਾਣ ਹੋਰ ਮਜ਼ਬੂਤ ??ਹੋਵੇਗੀ। ਉਨ੍ਹਾਂ ਜ਼ੋਰ ਦਿੱਤਾ ਕਿ ਪ੍ਰਸ਼ਾਸਨ ਦੇ ਸਮੂਹਿਕ ਪ੍ਰਯਾਸਾਂ ਨਾਲ ਮੈਰਾਥਨ ਦਾ ਸੁਚਾਰੂ ਸੰਚਾਲਨ ਸੁਨਿਸ਼ਚਿਤ ਕੀਤਾ ਜਾਵੇ ਅਤੇ ਪ੍ਰਤੀਭਾਗੀ ਖਿਡਾਰੀਆਂ ਅਤੇ ਨਾਗਰਿਕਾਂ ਨੂੰ ਇੱਕ ਸੁਆਗਤਪੂਰਨ, ਸੁਵਿਵਸਥਿਤ ਅਤੇ ਯਾਦਗਾਰੀ ਅਨੁਭਵ ਮਿਲੇ। ਉਨ੍ਹਾਂ ਨੇ ਪ੍ਰਤੀਭਾਗੀਆਂ ਦੀ ਸੁਵਿਧਾ ਅਤੇ ਸਮਾਗਮ ਦੀ ਸਮੁੱਚੀ ਗੁਣਵੱਤਾ 'ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ ਵਿਭਾਗਾਂ ਦੇ ਦਰਮਿਆਨ ਤਾਲਮੇਲ ਵਾਲੀਆਂ ਵਿਵਸਥਾਵਾਂ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ।

ਸੌਰਭ ਕੁਮਾਰ ਅਰੋੜਾ ਨੇ ਮੁੱਖ ਸਕੱਤਰ ਨੂੰ ਜਾਣੂ ਕਰਵਾਇਆ ਕਿ ਮੈਰਾਥਨ ਵਿੱਚ 7,000 ਤੋਂ ਅਧਿਕ ਪ੍ਰਤੀਭਾਗੀਆਂ ਦੇ ਹਿੱਸਾ ਲੈਣ ਦੀ ਸੰਭਾਵਨਾ ਹੈ। ਉਨ੍ਹਾਂਨੇ ਦੱਸਿਆ ਕਿ ਬੜੀ ਸੰਖਿਆ ਵਿੱਚ ਪ੍ਰਤੀਭਾਗੀ ਪਹਿਲਾਂ ਹੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ ਅਤੇ ਰਜਿਸਟ੍ਰੇਸ਼ਨ ਅਗਲੇ ਚਾਰ ਦਿਨਾਂ ਤੱਕ ਖੁੱਲ੍ਹੀ ਰਹੇਗੀ। ਉਨ੍ਹਾਂ ਨੇ ਸਮਾਗਮ ਦੇ ਸਫ਼ਲ ਸੰਚਾਲਨ ਲਈ ਸਬੰਧਿਤ ਵਿਭਾਗਾਂ ਤੋਂ ਸੰਭਾਵਿਤ ਸਹਿਯੋਗ ਅਤੇ ਜ਼ਰੂਰੀ ਵਿਵਸਥਾਵਾਂ ਦੀ ਵੀ ਜਾਣਕਾਰੀ ਦਿੱਤੀ। ਮੀਟਿੰਗ ਦੇ ਦੌਰਾਨ ਵਿਭਾਗਾਂ ਦੇ ਪ੍ਰਤੀਨਿਧੀਆਂ ਨੇ ਟ੍ਰੈਫਿਕ ਪ੍ਰਬੰਧਨ, ਸਿਹਤ ਅਤੇ ਮੈਡੀਕਲ ਸਹਾਇਤਾ, ਨਾਗਰਿਕ ਸੁਵਿਧਾਵਾਂ, ਸਵੱਛਤਾ, ਸੁਰੱਖਿਆ ਅਤੇ ਹੋਰ ਜ਼ਰੂਰੀ ਵਿਵਸਥਾਵਾਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਸਾਰੀਆਂ ਵਿਵਸਥਾਵਾਂ ਤਾਲਮੇਲ ਵਾਲੇ ਢੰਗ ਨਾਲ ਸੁਨਿਸ਼ਚਿਤ ਕਰਨ ਲਈ ਆਪਣਾ ਸਹਿਯੋਗ ਅਤੇ ਸਮਰਥਨ ਦੇਣ ਦਾ ਭਰੋਸਾ ਦਿੱਤਾ। ਸੈਕੰਡ ਚੰਡੀਗੜ੍ਹ ਇੰਟਰਨੈਸ਼ਨਲ ਮੈਰਾਥਨ ਦਾ ਉਦੇਸ਼ ਖਿਡਾਰੀਆਂ ਅਤੇ ਦੌੜ ਦੇ ਪ੍ਰਤੀ ਉਤਸ਼ਾਹੀ ਲੋਕਾਂ ਨੂੰ ਇੱਕ ਮੰਚ ਪ੍ਰਦਾਨ ਕਰਨਦੇ ਨਾਲ-ਨਾਲ ਨਾਗਰਿਕਾਂ ਵਿੱਚ ਤੰਦਰੁਸਤੀ, ਤੰਦਰੁਸਤ ਜੀਵਨਸ਼ੈਲੀ ਅਤੇ ਖੇਡ ਭਾਵਨਾ ਨੂੰ ਹੁਲਾਰਾ ਦੇਣਾ ਹੈ।

ਕਰਨਾਲ ਪੁਲਿਸ ਦੀ ਵੱਡੀ ਕਾਰਵਾਈ

ਨੌਜਵਾਨ ਦੇ ਚਾਕੂ ਮਾਰ ਕੇ ਕਤਲ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਗ੍ਰਿਫ਼ਤਾਰ

ਪੈ.ਗਾਮ-ਏ-ਜਗਤ/ਕਰਨਾਲ 11 ਨਵੰਬਰ, (ਪ੍ਰਵੀਨ ਵਾਲੀਆ)

ਕਰਨਾਲ ਦੇ ਪੁਲਿਸ ਸੁਪਰਡੈਂਟ ਸ੍ਰੀ ਕਰਨ ਗੋਇਲ, ਆਈਪੀਐੱਸ ਦੇ ਯੋਗ ਮਾਰਗਦਰਸ਼ਨ ਅਤੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪੁਲਿਸ ਅਪਰਾਧਿਕ ਵਾਰਦਾਤਾਂ ਵਿੱਚ ਸ਼ਾਮਲ ਮੁਲਜ਼ਮਾਂ ਖ਼?ਲਾਫ਼ ਲਗਾਤਾਰ ਸਖ਼ਤ ਕਾਰਵਾਈ ਕਰ ਰਹੀ ਹੈ। ਇਸੇ ਲੜੀ ਤਹਿਤ ਥਾਣਾ ਸਿਟੀ ਕਰਨਾਲ ਵਿੱਚ ਦਰਜ ਨੌਜਵਾਨ ਦੇ ਚਾਕੂ ਮਾਰ ਕੇ ਕਤਲ ਦੇ ਮਾਮਲੇ ਵਿੱਚ ਸਹਾਇਕ ਸਬ-ਇੰਸਪੈਕਟਰ ਕੁਲਦੀਪ ਸਿੰਘ ਦੀ ਅਗਵਾਈ ਹੇਠ ਸੀਆਈਏ-3 ਦੀ ਟੀਮ ਨੇ ਕਾਰਵਾਈ ਕਰਦਿਆਂ ਮੁੱਖ ਮੁਲਜ਼ਮ ਸ਼ਿਵਾ ਪੁੱਤਰ ਨਫੇ ਸਿੰਘ, ਵਾਸੀ ਨਿਊ ਵਾਲਮੀਕਿ ਕਲੋਨੀ, ਹਾਂਸੀ ਰੋਡ, ਕਰਨਾਲ ਨੂੰ ਪੱਛਮੀ ਯਮੁਨਾ ਨਹਿਰ ਬਾਈਪਾਸ ਤੋਂ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਨੇ ਦੱਸਿਆ ਕਿ 24 ਅਕਤੂਬਰ 2026 ਨੂੰ ਰਾਜਕੁਮਾਰ ਪੁੱਤਰ ਪ੍ਰੇਮਚੰਦ ਸੈਣੀ, ਵਾਸੀ ਲਾਡਵਾ, ਜ਼ਿਲ੍ਹਾ ਕੁਰੂਕਸ਼ੇਤਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ 23 ਅਕਤੂਬਰ 2026 ਦੀ ਸ਼ਾਮ ਨੂੰ ਉਸ ਦੇ ਪੁੱਤਰ ਅਮਨ ਨੂੰ ਉਸ ਦਾ ਇੱਕ ਦੋਸਤ ਘਰੋਂ ਬੁਲਾ ਕੇ

- **ਮਾਮਲੇ ਵਿੱਚ ਤਿੰਨ ਮੁਲਜ਼ਮ ਪਹਿਲਾਂ ਹੀ ਗ੍ਰਿਫ਼ਤਾਰ**

ਆਪਣੇ ਨਾਲ ਕਰਨਾਲ ਲੈ ਆਇਆ ਸੀ। ਇਸ ਦੌਰਾਨ ਕੁਝ ਨੌਜਵਾਨਾਂ ਨੇ ਅਮਨ 'ਤੇ ਚਾਕੂ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ ਸੀ।

ਸ਼ਿਕਾਇਤ ਦੇ ਆਧਾਰ 'ਤੇ 24 ਅਕਤੂਬਰ 2026 ਨੂੰ ਥਾਣਾ ਸਿਟੀ ਕਰਨਾਲ ਵਿੱਚ ਭਾਰਤੀ ਨਿਆਂ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਵਾਰਦਾਤ ਵਿੱਚ ਸ਼ਾਮਲ ਤਿੰਨ ਮੁਲਜ਼ਮਾਂ, ਜਿਨ੍ਹਾਂ ਵਿੱਚ ਕ੍ਰਿਸ਼ ਅਤੇ ਜਤਿਨ ਸਮੇਤ ਇੱਕ ਨਾਬਾਲਗ ਸ਼ਾਮਲ ਸੀ, ਨੂੰ ਹਿਰਾਸਤ ਵਿੱਚ ਲਿਆ ਸੀ।

ਗ੍ਰਿਫ਼ਤਾਰ ਮੁਲਜ਼ਮਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਦੌਰਾਨ ਇਸ ਮਾਮਲੇ ਵਿੱਚ ਸ਼ਿਵਾ ਦੀ ਸ਼ਮੂਲੀਅਤ ਵੀ ਸਾਹਮਣੇ ਆਈ। ਇਸ ਤੋਂ ਬਾਅਦ ਸੀਆਈਏ-3 ਦੀ ਟੀਮ ਨੇ ਕਾਰਵਾਈ ਕਰਦਿਆਂ ਮੁੱਖ ਮੁਲਜ਼ਮ ਸ਼ਿਵਾ ਨੂੰ ਗ੍ਰਿਫ਼ਤਾਰ ਕਰ ਲਿਆ। ਅੱਜ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਤਾਂ ਜੋ ਵਾਰਦਾਤ ਵਿੱਚ ਸ਼ਾਮਲ ਹੋਰ ਮੁਲਜ਼ਮਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਮੂਲੀਅਤ ਬਾਰੇ ਡੂੰਘਾਈ ਨਾਲ ਪੁੱਛਗਿੱਛ ਕਰਕੇ ਮਾਮਲੇ ਦੀ ਅਗਲੀ ਜਾਂਚ ਕੀਤੀ ਜਾ ਸਕੇ।

ਕਰਨਾਲ ਪੁਲਿਸ ਆਮ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਕਿਸੇ ਵੀ ਵਿਵਾਦ ਦੀ ਸਥਿਤੀ ਵਿੱਚ ਕਾਨੂੰਨ ਆਪਣੇ ਹੱਥਾਂ ਵਿੱਚ ਨਾ ਲੈਣ ਅਤੇ ਆਪਸੀ ਝਗੜਿਆਂ ਦਾ ਹੱਲ ਸ਼ਾਂਤੀਪੂਰਨ ਢੰਗ ਨਾਲ ਕਰਨ। ਛੋਟੀ ਜਿਹੀ ਤਕਰਾਰ ਜਾਂ ਵਿਵਾਦ ਨੂੰ ਹਿੰਸਕ ਰੂਪ ਦੇਣ ਤੋਂ ਬਚਿਆ ਜਾਵੇ। ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਜਾਂ ਸ਼ੱਕੀ ਵਿਅਕਤੀ ਬਾਰੇ ਜਾਣਕਾਰੀ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ, ਤਾਂ ਜੋ ਸਮੇਂ ਸਿਰ ਢੁੱਕਵੀਂ ਕਾਰਵਾਈ ਕੀਤੀ ਜਾ ਸਕੇ। ਪੁਲਿਸ ਨੌਜਵਾਨਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਅਪੀਲ ਕਰਦੀ ਹੈ ਕਿ ਉਹ ਨੌਜਵਾਨਾਂ ਨੂੰ ਹਿੰਸਾ ਅਤੇ ਅਪਰਾਧਿਕ ਗਤੀਵਿਧੀਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ।

ਕਿਸੇ ਵੀ ਵਿਵਾਦ ਦੀ ਸਥਿਤੀ ਵਿੱਚ ਕਾਨੂੰਨ ਦੀ ਪਾਲਣਾ ਕੀਤੀ ਜਾਵੇ ਅਤੇ ਪੁਲਿਸ ਦਾ ਸਹਿਯੋਗ ਲਿਆ ਜਾਵੇ। ਆਮ ਲੋਕਾਂ ਦੇ ਸਹਿਯੋਗ ਨਾਲ ਹੀ ਜ਼ਿਲ੍ਹੇ ਵਿੱਚ ਸ਼ਾਂਤੀ ਅਤੇ ਕਾਨੂੰਨ-ਵਿਵਸਥਾ ਕਾਇਮ ਰੱਖੀ ਜਾ ਸਕਦੀ ਹੈ।

ਬਿਨ੍ਹਾਂ ਨੰਬਰ ਪਲੇਟ ਵਾਹਨ ਚਲਾਉਣ 'ਤੇ ਹੋਵੇਗਾ ਚਲਾਨ, ਨਿਯਮ ਤੋੜਨ ਵਾਲਿਆਂ ਖ਼ਿਲਾਫ਼ ਕਰਨਾਲ ਪੁਲਿਸ ਸਖ਼ਤ: ਐੱਸ.ਪੀ. ਕਰਨਾਲ

ਪੈ.ਗਾਮ-ਏ-ਜਗਤ/ਕਰਨਾਲ 11 ਨਵੰਬਰ, (ਪ੍ਰਵੀਨ ਵਾਲੀਆ)

ਕਰਨਾਲ ਦੇ ਪੁਲਿਸ ਸੁਪਰਡੈਂਟ ਸ੍ਰੀ ਕਰਨ ਗੋਇਲ, ਆਈਪੀਐੱਸ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਰਨਾਲ ਪੁਲਿਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਸੜਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਲੜੀ ਤਹਿਤ ਕਰਨਾਲ ਪੁਲਿਸ ਨੇ ਬਿਨਾਂ ਨੰਬਰ ਪਲੇਟ, ਅਸਪੱਸ਼ਟ ਨੰਬਰ ਪਲੇਟ ਜਾਂ ਨਿਯਮਾਂ ਦੇ ਉਲਟ ਨੰਬਰ ਪਲੇਟ ਲਗਾ ਕੇ ਵਾਹਨ ਚਲਾਉਣ ਵਾਲਿਆਂ ਖ਼?ਲਾਫ਼ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ।

ਐੱਸਪੀ ਕਰਨਾਲ ਨੇ ਵਾਹਨ ਚਾਲਕਾਂ ਨੂੰ ਸਪੱਸ਼ਟ ਹਦਾਇਤਾਂ ਦਿੰਦਿਆਂ ਕਿਹਾ ਕਿ ਹਰੇਕ ਵਾਹਨ 'ਤੇ ਨਿਰਧਾਰਤ ਮਾਪਦੰਡਾਂ ਅਤੇ ਨਿਯਮਾਂ ਅਨੁਸਾਰ ਸਪਸ਼ਟ ਅਤੇ ਵੈਧ ਨੰਬਰ ਪਲੇਟ ਲੱਗੀ ਹੋਣੀ ਲਾਜ਼ਮੀ ਹੈ। ਬਿਨਾਂ ਨੰਬਰ ਪਲੇਟ, ਟੁੱਟੀ-ਫੁੱਟੀ, ਅਸਪੱਸ਼ਟ ਜਾਂ ਫੈਂਸੀ ਨੰਬਰ ਪਲੇਟ ਲਗਾ ਕੇ ਅਤੇ ਨੰਬਰ ਲੁਕਾ ਕੇ ਵਾਹਨ ਚਲਾਉਣਾ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਹੈ। ਅਜਿਹੇ ਵਾਹਨ ਚਾਲਕਾਂ ਦੇ ਨਿਯਮਾਂ ਅਨੁਸਾਰ ਚਲਾਨ ਕੱਟਣ ਦੇ ਨਾਲ-ਨਾਲ ਲੋੜੀਂਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

- **ਵਾਹਨਾਂ 'ਤੇ ਨਿਯਮਾਂ ਅਨੁਸਾਰ ਸਪੱਸ਼ਟ ਅਤੇ ਵੈਧ ਨੰਬਰ ਪਲੇਟ ਲਗਵਾਉਣੀ ਲਾਜ਼ਮੀ**
- **ਨੰਬਰ ਪਲੇਟ ਨਾਲ ਛੇੜਛਾੜ ਕਰਨ ਵਾਲਿਆਂ 'ਤੇ ਵੀ ਪੁਲਿਸ ਦੀ ਰਹੇਗੀ ਤਿੱਖੀ ਨਜ਼ਰ**



ਕਰਨਾਲ ਪੁਲਿਸ ਵੱਲੋਂ ਵਾਹਨ ਚਾਲਕਾਂ ਨੂੰ ਅਪੀਲ ਅਤੇ ਹਦਾਇਤਾਂ:

ਬਿਨਾਂ ਨੰਬਰ ਪਲੇਟ ਵਾਲਾ ਵਾਹਨ ਲੈ ਕੇ ਸੜਕ 'ਤੇ ਨਾ ਨਿਕਲੋ।

ਵਾਹਨ ਦੇ ਅੱਗੇ ਅਤੇ ਪਿੱਛੇ ਨਿਰਧਾਰਤ ਮਾਪਦੰਡਾਂ ਅਨੁਸਾਰ ਸਪੱਸ਼ਟ ਨੰਬਰ ਪਲੇਟ ਲਗਵਾਓ।

ਨੰਬਰ ਪਲੇਟ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ, ਤਬਦੀਲੀ ਜਾਂ ਨੰਬਰ ਲੁਕਾਉਣ ਦੀ ਕੋਸ਼ਿਸ਼ ਨਾ ਕਰੋ।

ਫੈਂਸੀ ਜਾਂ ਅਸਪੱਸ਼ਟ ਨੰਬਰ ਪਲੇਟ ਦੀ ਵਰਤੋਂ ਨਾ ਕਰੋ।

ਵਾਹਨ ਦੇ ਸਾਰੇ ਦਸਤਾਵੇਜ਼ ਵੈਧ ਅਤੇ ਅੱਪਡੇਟ ਰੱਖੋ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ।

ਐੱਸਪੀ ਕਰਨਾਲ ਦਾ ਸਖ਼ਤ ਸੰਦੇਸ਼:

ਟ੍ਰੈਫਿਕ ਨਿਯਮਾਂ ਦੀ ਅਣਦੇਖੀ ਕਰਨ ਵਾਲਿਆਂ ਪ੍ਰਤੀ ਕਰਨਾਲ ਪੁਲਿਸ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕਰੇਗੀ। ਬਿਨਾਂ ਨੰਬਰ ਪਲੇਟ ਜਾਂ ਨਿਯਮਾਂ ਦੇ ਉਲਟ ਨੰਬਰ ਪਲੇਟ ਲਗਾ ਕੇ ਵਾਹਨ ਚਲਾਉਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਵਾਹਨ ਦੀ ਪਛਾਣ ਲੁਕਾ ਕੇ ਕਾਨੂੰਨ ਤੋਂ ਬਚਣ ਦੀ ਕੋਸ਼ਿਸ਼ ਕਰਨ ਵਾਲਿਆਂ ਖ਼?ਲਾਫ਼ ਵੀ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਗੈਰ-ਕਾਨੂੰਨੀ ਸੱਟੇਬਾਜ਼ੀ ਕਰਦੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਤਿੰਨ ਮੁਲਜ਼ਮ ਗ੍ਰਿਫ਼ਤਾਰ

ਪੈ.ਗਾਮ-ਏ-ਜਗਤ/ਕਰਨਾਲ 11 ਨਵੰਬਰ (ਪ੍ਰਵੀਨ ਵਾਲੀਆ)

ਕਰਨਾਲ ਜ਼ਿਲ੍ਹਾ ਪੁਲਿਸ ਵੱਲੋਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲਗਾਉਣ ਅਤੇ ਸੱਟੇਬਾਜ਼ੀ ਵਰਗੇ ਨਾਜਾਇਜ਼ ਕੰਮਾਂ ਵਿੱਚ ਸ਼ਾਮਲ ਵਿਅਕਤੀਆਂ ਖ਼?ਲਾਫ਼ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਥਾਣਾ ਇੰਦਰੀ ਅਤੇ ਥਾਣਾ ਰਾਮਨਗਰ ਦੀਆਂ ਪੁਲਿਸ ਟੀਮਾਂ ਨੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਪਰਚੀਆਂ ਰਾਹੀਂ ਨੰਬਰ ਲਗਾ ਕੇ ਗੈਰ-ਕਾਨੂੰਨੀ ਤੌਰ 'ਤੇ ਸੱਟਾ ਲਗਵਾਉਂਦੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਟੀਮਾਂ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਕੁੱਲ 5,370 ਰੁਪਏ ਦੀ ਨਕਦੀ ਬਰਾਮਦ ਕੀਤੀ ਹੈ।

ਪਹਿਲਾ ਮਾਮਲਾ - ਥਾਣਾ ਇੰਦਰੀ

ਥਾਣਾ ਇੰਦਰੀ ਦੀ ਪੁਲਿਸ ਟੀਮ ਨੇ ਮੁੱਖ ਸਿਪਾਹੀ ਜਤਿੰਦਰ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਅਨਾਜ ਮੰਡੀ ਇੰਦਰੀ, ਕਰਨਾਲ ਤੋਂ ਮੁਲਜ਼ਮ ਰਾਜਕੁਮਾਰ ਪੁੱਤਰ ਸ਼ਿਆਨਾ ਰਾਮ, ਵਾਸੀ ਜਨੇਸਰੋਂ ਨੂੰ ਪਰਚੀਆਂ ਰਾਹੀਂ ਨੰਬਰ ਲਗਾ ਕੇ ਗੈਰ-ਕਾਨੂੰਨੀ ਤੌਰ 'ਤੇ ਸੱਟਾ ਲਗਵਾਉਂਦੇ ਹੋਏ ਗ੍ਰਿਫ਼ਤਾਰ ਕੀਤਾ। ਜਾਂਚ ਅਧਿਕਾਰੀ ਅਨੁਸਾਰ ਉਸ ਦੇ ਕਬਜ਼ੇ ਵਿੱਚੋਂ 2,030 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ, ਜੋ ਸੱਟੇਬਾਜ਼ੀ ਨਾਲ ਸਬੰਧਤ ਪਾਈ ਗਈ।

- **ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 5,370 ਰੁਪਏ ਦੀ ਨਕਦੀ ਬਰਾਮਦ**

ਦੂਜਾ ਮਾਮਲਾ - ਥਾਣਾ ਰਾਮਨਗਰ

ਥਾਣਾ ਰਾਮਨਗਰ ਦੀ ਪੁਲਿਸ ਟੀਮ ਨੇ ਸਹਾਇਕ ਸਬ-ਇੰਸਪੈਕਟਰ ਵਿਨੋਦ ਕੁਮਾਰ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਸਦਰ ਦੇ ਨੇੜੇ ਸ਼ਿਵਜੀ ਕਲੋਨੀ ਦੀ ਪਾਣੀ ਵਾਲੀ ਟੈਂਕੀ ਕੋਲ, ਰਾਮਨਗਰ ਕਰਨਾਲ ਤੋਂ ਮੁਲਜ਼ਮ ਅਨਿਰੁੱਧ, ਵਾਸੀ ਸ਼ਿਵਜੀ ਕਲੋਨੀ ਨੂੰ ਪਰਚੀਆਂ ਰਾਹੀਂ ਨੰਬਰ ਲਗਾ ਕੇ ਗੈਰ-ਕਾਨੂੰਨੀ ਤੌਰ 'ਤੇ ਸੱਟਾ ਲਗਵਾਉਂਦੇ ਹੋਏ ਗ੍ਰਿਫ਼ਤਾਰ ਕੀਤਾ। ਉਸ ਦੇ ਕਬਜ਼ੇ ਵਿੱਚੋਂ 1,590 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ, ਜੋ ਸੱਟੇਬਾਜ਼ੀ ਨਾਲ ਸਬੰਧਤ ਪਾਈ ਗਈ।

ਤੀਜਾ ਮਾਮਲਾ - ਥਾਣਾ ਰਾਮਨਗਰ

ਥਾਣਾ ਰਾਮਨਗਰ ਦੀ ਪੁਲਿਸ ਟੀਮ ਨੇ ਸਹਾਇਕ ਸਬ-ਇੰਸਪੈਕਟਰ ਵਿਕਰਮ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਰੇਲਵੇ ਲਾਈਨ ਓਵਰਬ੍ਰਿਜ, ਰਾਮਨਗਰ ਕਰਨਾਲ ਦੇ ਨੇੜੇ ਤੋਂ ਮੁਲਜ਼ਮ ਸੁਭਾਸ਼ ਪੁੱਤਰ ਸੁਖਰਾਮ, ਵਾਸੀ ਭਾਟ ਬਸਤੀ, ਸ਼ਿਵ ਕਲੋਨੀ, ਕਰਨਾਲ ਨੂੰ ਪਰਚੀਆਂ ਰਾਹੀਂ ਨੰਬਰ ਲਗਾ ਕੇ ਗੈਰ-ਕਾਨੂੰਨੀ ਤੌਰ 'ਤੇ ਸੱਟਾ ਲਗਵਾਉਂਦੇ ਹੋਏ ਗ੍ਰਿਫ਼ਤਾਰ ਕੀਤਾ। ਉਸ ਦੇ ਕਬਜ਼ੇ ਵਿੱਚੋਂ 1,750 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ, ਜੋ ਸੱਟੇਬਾਜ਼ੀ ਨਾਲ ਸਬੰਧਤ ਪਾਈ ਗਈ। ਤਿੰਨਾਂ ਮਾਮਲਿਆਂ ਵਿੱਚ ਪੁਲਿਸ ਵੱਲੋਂ ਮੁਲਜ਼ਮਾਂ ਖ਼ਿਲਾਫ਼ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਕਰਨਾਲ ਜ਼ਿਲ੍ਹਾ ਪੁਲਿਸ ਆਮ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਹਰ ਤਰ੍ਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣ ਅਤੇ ਗੈਰ-ਕਾਨੂੰਨੀ ਸੱਟੇਬਾਜ਼ੀ ਜਾਂ ਹੋਰ ਨਾਜਾਇਜ਼ ਗਤੀਵਿਧੀਆਂ ਬਾਰੇ ਜਾਣਕਾਰੀ ਤੁਰੰਤ ਪੁਲਿਸ ਨੂੰ ਦੇਣ, ਤਾਂ ਜੋ ਸਮੇਂ ਸਿਰ ਢੁੱਕਵੀਂ ਕਾਰਵਾਈ ਕੀਤੀ ਜਾ ਸਕੇ।

ਜਸ਼ਨਪ੍ਰੀਤ ਕੌਰ ਗਿੱਲ ਨੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਐਮ.ਡੀ. ਦਾ ਅਹੁਦਾ ਸੰਭਾਲਿਆ

ਪੈ.ਗਾਮ-ਏ-ਜਗਤ/ਪਟਿਆਲਾ 11 ਨਵੰਬਰ (ਪਰਮਜੀਤ ਸਿੰਘ ਪਰਵਾਨਾ)

2014 ਬੈਚ ਦੇ ਸੀਨੀਅਰ ਪੀ.ਸੀ.ਐਸ. ਅਧਿਕਾਰੀ ਜਸ਼ਨਪ੍ਰੀਤ ਕੌਰ ਗਿੱਲ ਨੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਦੇ ਮੈਨੇਜਿੰਗ ਡਾਇਰੈਕਟਰ (ਐਮ ਡੀ) ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਜਸ਼ਨਪ੍ਰੀਤ ਕੌਰ ਗਿੱਲ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ 'ਤੇ ਸ਼ੁਭਕਾਮਨਾਵਾਂ ਭੇਟ ਕੀਤੀਆਂ। ਇਸ ਉਪਰੰਤ ਅਧਿਕਾਰੀਆਂ ਨੇ ਉਨ੍ਹਾਂ ਨੂੰ ਪੀ.ਆਰ.ਟੀ.ਸੀ. ਦੀ ਕਾਰਜਪ੍ਰਣਾਲੀ, ਮੌਜੂਦਾ ਪ੍ਰਬੰਧਕੀ ਸਥਿਤੀ ਅਤੇ ਸਵਾਰੀਆਂ ਨੂੰ ਮੁਹਈਆ ਕਰਵਾਈਆਂ ਜਾ ਰਹੀਆਂ ਆਵਾਜਾਈ ਸਹੂਲਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਜਸ਼ਨਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਪੀ.ਆਰ.ਟੀ.ਸੀ. ਦੀਆਂ ਬੱਸਾਂ ਵਿੱਚ ਸਫ਼ਰ ਕਰਨ ਵਾਲੀਆ ਸਵਾਰੀਆਂ ਨੂੰ ਸੁਰੱਖਿਅਤ, ਆਰਾਮਦਾਇਕ ਅਤੇ ਸਮੇਂ ਸਿਰ ਆਵਾਜਾਈ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਠੋਸ ਉਪਰਾਲੇ ਕੀਤੇ ਜਾਣਗੇ। ਨਵੇਂ ਐਮ ਡੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਪੀ.ਆਰ.ਟੀ.ਸੀ. ਦੇ ਬੱਸ ਬੇੜੇ ਵਿੱਚ ਹੋਰ ਨਵੀਆਂ ਬੱਸਾਂ ਸ਼ਾਮਲ ਕਰਨ ਲਈ ਯਤਨ ਕੀਤੇ ਜਾਣਗੇ, ਤਾਂ ਜੋ ਵੱਧ ਤੋਂ ਵੱਧ ਰੂਟਾਂ 'ਤੇ ਸੇਵਾਵਾਂ ਦਾ ਵਿਸਥਾਰ ਕੀਤਾ ਜਾ ਸਕੇ।

ਸਵਾਰੀਆਂ ਦੀਆਂ ਲੋੜਾਂ ਨੂੰ ਜਲਦ ਤੋਂ ਜਲਦ ਪੂਰਾ ਕਰਨ, ਪੀ.ਆਰ.ਟੀ.ਸੀ ਦੀ ਵਿੱਤੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ, ਆਮਦਨ ਦੇ ਨਵੇਂ ਸਰੋਤ ਪੈਦਾ ਕਰਨ ਅਤੇ ਸੰਸਥਾ ਦੀ ਕਾਰਜ ਕੁਸ਼ਲਤਾ ਵਿੱਚ ਵਾਧਾ ਕਰਨ ਲਈ ਨਵੀਆਂ ਯੋਜਨਾਵਾਂ ਉਲੀਕਣ ਦੇ ਉਪਰਾਲੇ ਅਮਲ ਵਿੱਚ ਲਿਆਂਦੇ ਜਾਣਗੇ।

- **ਕਿਹਾ, ਪੀ.ਆਰ.ਟੀ.ਸੀ. ਦੀਆਂ ਸੇਵਾਵਾਂ ਨੂੰ ਹੋਰ ਬਿਹਤਰ, ਸੁਚਾਰੂ ਅਤੇ ਸਵਾਰੀ ਪੱਖੀ ਬਣਾਉਣਾ ਮੁੱਖ ਤਰਜੀਹ**



ਪੀ.ਆਰ.ਟੀ.ਸੀ. ਦੀਆਂ ਸੇਵਾਵਾਂ ਨੂੰ ਹੋਰ ਬਿਹਤਰ, ਸੁਚਾਰੂ ਅਤੇ ਸਵਾਰੀ ਪੱਖੀ ਬਣਾਉਣਾ

ਸਫ਼ਾਈ ਵਿੱਚ 'ਡਬਲ ਧਮਾਕਾ': ਲਗਾਤਾਰ ਦੂਜੀ ਵਾਰ ਰਾਸ਼ਟਰਪਤੀ ਪੁਰਸਕਾਰ ਜਿੱਤ ਕੇ ਕਰਨਾਲ ਬਣਿਆ ਹਰਿਆਣਾ ਦਾ ਮੋਹਰੀ ਸ਼ਹਿਰ

ਲਗਾਤਾਰ ਦੋ ਸਾਲ ਰਾਸ਼ਟਰਪਤੀ ਪੁਰਸਕਾਰ ਹਾਸਲ ਕਰਨ ਵਾਲਾ ਸੂਬੇ ਦਾ ਪਹਿਲਾ ਸ਼ਹਿਰ ਬਣਿਆ ਕਰਨਾਲ

ਪੈ.ਗਾਮ-ਏ-ਜਗਤ/ਕਰਨਾਲ 11 ਨਵੰਬਰ (ਪ੍ਰਵੀਨ ਵਾਲੀਆ)



ਦੁਨੀਆ ਦੇ ਸਭ ਤੋਂ ਵੱਡੇ ਸ਼ਹਿਰੀ ਸਫ਼ਾਈ ਸਰਵੇਖਣ ਸਵੱਛ ਸਰਵੇਖਣ 2025-26 ਦੇ 10ਵੇਂ ਸੰਸਕਰਣ ਦੇ ਨਤੀਜਿਆਂ ਦਾ ਐਲਾਨ ਹੋ ਚੁੱਕਾ ਹੈ। ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਜਾਰੀ ਇਨ੍ਹਾਂ ਨਤੀਜਿਆਂ ਵਿੱਚ ਕਰਨਾਲ ਨੂੰ ਹਰਿਆਣਾ ਦਾ ਸਭ ਤੋਂ ਸਾਫ਼ ਸ਼ਹਿਰ ਚੁਣਿਆ ਗਿਆ ਹੈ। ਇਸ ਦੇ ਨਾਲ ਹੀ ਲਗਾਤਾਰ ਦੂਜੀ ਵਾਰ ਰਾਸ਼ਟਰਪਤੀ ਪੁਰਸਕਾਰ ਹਾਸਲ ਕਰਨ ਵਾਲਾ ਕਰਨਾਲ ਸੂਬੇ ਦਾ ਪਹਿਲਾ ਸ਼ਹਿਰ ਬਣ ਗਿਆ ਹੈ।

ਬੁੱਧਵਾਰ ਨੂੰ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਹਰਿਆਣਾ ਦੇ ਸ਼ਹਿਰੀ ਸਥਾਨਕ ਸੰਸਥਾਵਾਂ ਬਾਰੇ ਮੰਤਰੀ ਵਿਪੁਲ ਗੋਇਲ, ਕਮਿਸ਼ਨਰ ਅਤੇ ਸਕੱਤਰ ਅਸ਼ੋਕ ਕੁਮਾਰ ਮੀਣਾ, ਮੇਅਰ ਰੇਣੂ ਬਾਲਾ ਗੁਪਤਾ ਅਤੇ ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੂੰ ਰਾਸ਼ਟਰਪਤੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੰਚ 'ਤੇ ਕੇਂਦਰੀ ਊਰਜਾ, ਆਵਾਸ ਅਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਮਨੋਹਰ ਲਾਲ, ਰਾਜ ਮੰਤਰੀ ਤੋਖਨ ਸਾਹੂ ਅਤੇ ਮੰਤਰਾਲੇ ਦੇ ਸਕੱਤਰ ਵੀ ਮੌਜੂਦ ਸਨ। ਰਾਸ਼ਟਰੀ ਪੱਧਰ ਦੀ ਦਰਜਾਬੰਦੀ ਅਗਲੇ ਦੋ ਦਿਨਾਂ ਵਿੱਚ ਜਾਰੀ ਹੋਣ ਦੀ ਉਮੀਦ ਹੈ।

ਨਗਰ ਨਿਗਮ ਦੀ ਮੇਅਰ ਰੇਣੂ ਬਾਲਾ ਗੁਪਤਾ ਨੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਕਰਨਾਲ ਦੇ ਨਾਲ-ਨਾਲ ਪੂਰੇ ਹਰਿਆਣਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਇਸ ਪ੍ਰਾਪਤੀ ਲਈ ਕੇਂਦਰੀ ਊਰਜਾ, ਆਵਾਸ ਅਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰੀ ਅਤੇ ਕਰਨਾਲ ਦੇ ਸੰਸਦ ਮੈਂਬਰ ਮਨੋਹਰ ਲਾਲ ਦਾ ਧੰਨਵਾਦ ਕੀਤਾ। ਮੇਅਰ ਨੇ ਕਿਹਾ ਕਿ ਮਨੋਹਰ ਲਾਲ ਦੀ ਦੂਰਦਰਸ਼ੀ ਸੋਚ, ਪਾਰਦਰਸ਼ੀ ਕਾਰਜਸ਼ੈਲੀ ਅਤੇ ਲੋਕ ਸੇਵਾ ਪ੍ਰਤੀ ਸਮਰਪਿਤ ਅਗਵਾਈ ਨੇ ਕਰਨਾਲ ਨੂੰ ਵਿਕਾਸ ਅਤੇ ਸਫ਼ਾਈ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਯੋਗ ਮਾਰਗਦਰਸ਼ਨ ਲਈ ਵੀ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਇਸ ਸਫ਼ਲਤਾ ਦਾ ਸਿਹਰਾ ਸਮਰਪਿਤ ਸਫ਼ਾਈ ਮਿੱਤਰਾਂ, ਵਚਨਬੱਧ ਅਧਿਕਾਰੀਆਂ, ਕਰਮਚਾਰੀਆਂ ਅਤੇ ਜਾਗਰੂਕ ਨਾਗਰਿਕਾਂ ਨੂੰ ਦਿੱਤਾ।

ਸਮੂਹਿਕ ਸਹਿਯੋਗ ਅਤੇ ਨਾਗਰਿਕ ਭਾਗੀਦਾਰੀ ਦੀ ਜਿੱਤ: ਨਿਗਮ ਕਮਿਸ਼ਨਰ

ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੇ ਰਾਸ਼ਟਰਪਤੀ ਪੁਰਸਕਾਰ ਮਿਲਣ 'ਤੇ ਸ਼ਹਿਰ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਇਸ ਨੂੰ ਸਮੂਹਿਕ ਸਹਿਯੋਗ ਤੇ ਨਾਗਰਿਕ ਭਾਗੀਦਾਰੀ ਦਾ ਨਤੀਜਾ ਦੱਸਿਆ। ਉਨ੍ਹਾਂ ਹਰ ਮੌਸਮ ਵਿੱਚ ਸ਼ਹਿਰ ਨੂੰ ਸਾਫ਼ ਰੱਖਣ ਵਾਲੇ ਸਫ਼ਾਈ ਮਿੱਤਰਾਂ ਦੇ ਯੋਗਦਾਨ ਨੂੰ ਸਭ ਤੋਂ ਅਹਿਮ ਦੱਸਦਿਆਂ ਸਫ਼ਾਈ ਸ਼ਾਖਾ ਦੀ ਸਮੁੱਚੀ ਟੀਮ ਦੀ ਸ਼ਲਾਘਾ ਕੀਤੀ।

ਇਨ੍ਹਾਂ ਮਾਪਦੰਡਾਂ 'ਤੇ ਪਰਖਿਆ ਗਿਆ ਸ਼ਹਿਰ

ਨਿਗਮ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਦੀ ਟੀਮ ਨੇ ਪਿਛਲੇ ਮਾਰਚ-ਅਪ੍ਰੈਲ ਮਹੀਨੇ ਦੌਰਾਨ ਸ਼ਹਿਰ ਦਾ ਡੂੰਘਾਈ ਨਾਲ ਸਰਵੇਖਣ ਕੀਤਾ ਸੀ। ਟੀਮ ਨੇ ਹੇਠ ਲਿਖੇ ਮੁੱਖ ਨੁਕਤਿਆਂ 'ਤੇ ਮੁਲਾਂਕਣ ਕਰਕੇ ਆਪਣੀ ਰਿਪੋਰਟ ਮੰਤਰਾਲੇ ਨੂੰ ਸੌਂਪੀ ਸੀ।

ਹਿਸਾਰ, ਫਰੀਦਾਬਾਦ, ਪਲਵਲ, ਰੋਹਤਕ ਅਤੇ ਭਿਵਾਨੀ ਵਿੱਚ ਸਥਾਪਿਤ ਕੀਤੀਆਂ ਜਾਣਗੀਆਂ ਵਿਸ਼ੇਸ਼ ਅਦਾਲਤਾਂ

ਪੈ.ਗਾਮ-ਏ-ਜਗਤ/ਚੰਡੀਗੜ੍ਹ 11 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਹਰਿਆਣਾ ਵਿੱਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਐਸਸੀ-ਐਸਟੀ) ਦੇ ਨਾਗਰਿਕਾਂ ਨੂੰ ਜਲਦ ਨਿਆਂ ਦਿਵਾਉਣ ਅਤੇ ਉਨ੍ਹਾਂ ਵਿਰੁੱਧ ਹੋਣ ਵਾਲੇ ਅਪਰਾਧਾਂ 'ਤੇ ਪ੍ਰਭਾਵਸ਼ਾਲੀ ਠੱਲ੍ਹ ਪਾਉਣ ਲਈ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਐਸਸੀ-ਐਸਟੀ ਨਾਲ ਜੁੜੇ ਹਰੇਕ ਮਾਮਲੇ ਵਿੱਚ ਨਿਰਧਾਰਿਤ 60 ਦਿਨਾਂ ਦੀ ਮਿਆਦ ਦੇ ਅੰਦਰ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕਰਨਾ ਲਾਜ਼ਮੀ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ 100 ਫੀਸਦੀ ਮਾਮਲਿਆਂ ਵਿੱਚ ਇਸ ਸਮਾਂ-ਸੀਮਾ ਦੀ ਪਾਲਣਾ ਹੋਵੇ। ਪੀੜਤਾਂ ਨੂੰ ਨਿਆਂ ਦਿਵਾਉਣ ਦੇ ਮਾਮਲੇ ਵਿੱਚ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਜਾਂ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਵਿੱਚ ਅਨੁਸੂਚਿਤ ਜਾਤੀ ਅੱਤਿਆਚਾਰ ਰੋਕਥਾਮ ਐਕਟ 1989 ਅਤੇ ਨਾਗਰਿਕ ਅਧਿਕਾਰ ਸੁਰੱਖਿਆ ਐਕਟ 1955 ਦੇ ਉਪਬੰਧਾਂ ਨੂੰ ਲਾਗੂ ਕਰਨ ਦੀ ਸਮੀਖਿਆ ਲਈ ਰਾਜ ਪੱਧਰੀ ਵਿਜੀਲੈਂਸ ਅਤੇ ਨਿਗਰਾਨੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਵੀ ਮੌਜੂਦ ਸਨ।

ਮੀਟਿੰਗ ਵਿੱਚ ਡਾਇਰੈਕਟਰ ਜਨਰਲ ਆਫ਼ ਪੁਲਿਸ ਸ਼੍ਰੀ ਅਜੇ ਸਿੰਘਲ ਨੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਸੂਬੇ ਵਿੱਚ ਐਸਸੀ-ਐਸਟੀ ਨਾਲ ਸਬੰਧਤ ਮਾਮਲਿਆਂ ਵਿੱਚ ਲਗਭਗ 28 ਫੀਸਦੀ ਤੱਕ ਦੀ ਕਮੀ ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ ਐਸਸੀ-ਐਸਟੀ ਨਾਲ ਸਬੰਧਤ ਮਾਮਲਿਆਂ ਵਿੱਚ 60 ਦਿਨਾਂ ਦੇ ਅੰਦਰ ਚਾਰਜਸ਼ੀਟ ਦਾਖਲ ਕਰਨ ਦੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਹਾ ਹੈ ਅਤੇ ਇਸ ਨੂੰ 100 ਫੀਸਦੀ ਤੱਕ ਲੈ ਜਾਣ ਦਾ ਪੂਰਾ ਯਤਨ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਦੱਸਿਆ ਗਿਆ ਕਿ ਪੀੜਤਾਂ ਨੂੰ ਨਿਆਂ ਦਿਵਾਉਣ ਵਿੱਚ ਲਾਪਰਵਾਹੀ ਵਰਤਣ ਦੇ ਮਾਮਲਿਆਂ ਵਿੱਚ 10 ਪੁਲਿਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਨਾਲ ਹੀ, ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ 'ਤੇ ਸੀਨੀਅਰ ਅਧਿਕਾਰੀਆਂ ਨੂੰ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ, ਜੋ ਮਾਮਲਿਆਂ ਦੀ ਪ੍ਰਗਤੀ, ਜਾਂਚ ਅਤੇ ਸਮੇਂ ਸਿਰ ਨਿਪਟਾਰੇ ਦੀ ਨਿਯਮਿਤ ਨਿਗਰਾਨੀ ਕਰਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੀ ਲੋੜ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅਪਰਾਧਾਂ ਵਿੱਚ ਕਮੀ ਦੇ ਨਾਲ-ਨਾਲ ਪੀੜਤਾਂ ਨੂੰ ਨਿਆਂ ਦਿਵਾਉਣਾ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਬਾਰਾ ਹੋਣ ਤੋਂ ਰੋਕਣਾ ਵੀ ਉਨਾ ਹੀ ਮਹੱਤਵਪੂਰਨ ਹੈ।

ਐਸਸੀ-ਐਸਟੀ ਨਾਲ ਜੁੜੇ ਮਾਮਲਿਆਂ ਦੇ ਤੇਜ਼ੀ ਨਾਲ ਨਿਪਟਾਰੇ ਨੂੰ ਹੋਰ ਗਤੀ ਦੇਣ ਲਈ ਮੁੱਖ ਮੰਤਰੀ ਨੇ ਹਿਸਾਰ, ਫਰੀਦਾਬਾਦ, ਪਲਵਲ, ਰੋਹਤਕ ਅਤੇ ਭਿਵਾਨੀ ਵਿੱਚ ਵਿਸ਼ੇਸ਼ ਅਦਾਲਤਾਂ ਸਥਾਪਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਅਦਾਲਤਾਂ ਰਾਹੀਂ ਅਜਿਹੇ ਮਾਮਲਿਆਂ ਦੀ ਸੁਣਵਾਈ ਵਿੱਚ ਤੇਜ਼ੀ ਲਿਆਂਦੀ ਜਾਵੇ, ਤਾਂ ਜੋ ਪੀੜਤਾਂ ਨੂੰ ਨਿਆਂ ਲਈ ਲੰਬਾ ਇੰਤਜ਼ਾਰ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਅਦਾਲਤਾਂ ਸਥਾਪਿਤ ਕਰਨ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇ।

ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਐਸਸੀ-ਐਸਟੀ ਨਾਲ ਸਬੰਧਤ ਮਾਮਲਿਆਂ ਦੀ ਗਿਣਤੀ ਵੱਧ ਸਾਹਮਣੇ ਆ ਰਹੀ ਹੈ, ਉੱਥੇ ਵਿਸ਼ੇਸ਼ ਮੁਹਿੰਮ ਚਲਾ ਕੇ ਵਿਸਤ੍ਰਿਤ ਸਮੀਖਿਆ ਕੀਤੀ ਜਾਵੇ। ਅਜਿਹੇ ਮਾਮਲਿਆਂ ਦੇ ਕਾਰਨਾਂ ਦੀ ਪਛਾਣ ਕੀਤੀ ਜਾਵੇ ਅਤੇ ਸਥਾਨਕ ਸਥਿਤੀਆਂ ਦਾ ਵਿਸ਼ਲੇਸ਼ਣ ਕਰਕੇ ਠੋਸ ਸੁਧਾਰਾਤਮਕ ਕਦਮ ਚੁੱਕੇ ਜਾਣ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ।

ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਪੁਲਿਸ ਥਾਣਿਆਂ ਵਿੱਚ ਇਸ ਸ਼੍ਰੇਣੀ ਦੇ ਮਾਮਲੇ ਵੱਧ ਦਰਜ ਹੋ ਰਹੇ ਹਨ, ਉਨ੍ਹਾਂ ਦੀ ਵੱਖਰੇ ਤੌਰ 'ਤੇ ਪਛਾਣ ਕਰਕੇ ਉੱਥੇ ਸੀਨੀਅਰ ਅਧਿਕਾਰੀਆਂ ਦੁਆਰਾ ਵਿਸ਼ੇਸ਼ ਨਿਗਰਾਨੀ ਕੀਤੀ ਜਾਵੇ। ਸਬੰਧਤ ਖੇਤਰਾਂ ਵਿੱਚ ਪੁਲਿਸ ਦੀ ਸਰਗਰਮੀ ਵਧਾਈ ਜਾਵੇ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ, ਲੰਬੇ ਸਮੇਂ ਤੋਂ ਲੰਬਿਤ ਮਾਮਲਿਆਂ ਦਾ ਪਹਿਲ ਦੇ ਆਧਾਰ 'ਤੇ ਜਲਦ ਨਿਪਟਾਰਾ ਕੀਤਾ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਪੰਚਾਇਤਾਂ ਵਿੱਚ ਪਿਛਲੇ 2 ਸਾਲਾਂ ਵਿੱਚ ਇਸ ਪ੍ਰਕਾਰ ਦਾ ਇੱਕ ਵੀ ਮਾਮਲਾ ਦਰਜ ਨਹੀਂ ਹੋਇਆ ਹੈ, ਅਜਿਹੀਆਂ ਪੰਚਾਇਤਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਸ ਲਈ ਪੰਚਾਇਤ ਵਿਭਾਗ ਦੁਆਰਾ ਅਜਿਹੀਆਂ ਪੰਚਾਇਤਾਂ ਦੇ ਨਾਂ ਭੇਜੇ ਜਾਣ ਤਾਂ ਜੋ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਸਮਾਜਿਕ ਨਿਆਂ, ਸਮਾਨਤਾ ਅਤੇ ਹਰੇਕ ਨਾਗਰਿਕ ਦੀ ਗਰਿਮਾ ਅਤੇ ਸੁਰੱਖਿਆ ਯਕੀਨੀ ਬਣਾਉਣ ਲਈ ਵਚਨਬੱਧ ਹੈ। ਐਸਸੀ-ਐਸਟੀ ਵਰਗ ਦੇ ਨਾਗਰਿਕਾਂ ਨੂੰ ਨਿਆਂ ਦਿਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਜਨਗਣਨਾ-2027 ਤਹਿਤ 16 ਤੋਂ 30 ਨਵੰਬਰ 2026 ਤੱਕ ਖ਼ੁਦ ਦਰਜ ਕੀਤੇ ਜਾ ਸਕਣਗੇ ਵੇਰਵੇ

ਪੈ.ਗ਼ਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਰਾਜ ਵਿੱਚ ਜਨਗਣਨਾ-2027 ਦੀ ਚੱਲ ਰਹੀ ਪ੍ਰਕਿਰਿਆ ਤਹਿਤ ਦੂਜੇ ਪੜਾਅ ਹੇਠ ਆਬਾਦੀ ਦੀ ਗਿਣਤੀ 01 ਦਸੰਬਰ 2026 ਤੋਂ 4 ਜਨਵਰੀ 2027 ਹੋਵੇਗੀ ਅਤੇ 16 ਤੋਂ 30 ਨਵੰਬਰ 2026 ਤੱਕ ਆਪਣੇ ਵੇਰਵੇ ਖੁਦ ਦਰਜ ਕੀਤੇ ਜਾ ਸਕਣਗੇ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਜਨਗਣਨਾ-2027 ਲਈ ਜ਼ਿਲੇ ਵਿੱਚ ਨਿਯੁਕਤ ਨੋਡਲ ਪ੍ਰਚਾਰ-ਪ੍ਰਸਾਰ ਅਧਿਕਾਰੀ ਗੁਰਕੰਵਲ ਸਿੰਘ, ਅੰਡਰ ਟ੍ਰੇਨਿੰਗ ਆਈ. ਏ. ਐਸ., ਨੇ ਅੱਜ ਇੱਥੇ ਆਪਣੇ ਵੇਰਵੇ ਆਪ ਦਰਜ ਕਰਵਾਉਣ ਲਈ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਸੈਲਫ ਇਨੂਮੀਰੇਸ਼ਨ (ਸਵੈ-ਵੇਰਵੇ ਦਰਜ ਕਰਵਾਉਣਾ) ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸੰਬੰਧਤ ਅਧਿਕਾਰੀ ਆਪਣੇ ਅਧੀਨ ਆਉਂਦੇ ਖੇਤਰਾਂ ਅਤੇ ਵਿਭਾਗਾਂ ਵਿੱਚ 16 ਤੋਂ 30 ਨਵੰਬਰ 2026 ਤੱਕ ਵੱਧ ਤੋਂ ਵੱਧ ਸੈਲਫ ਇਨੂਮੀਰੇਸ਼ਨ ਕਰਵਾਉਣ ਤਾਂ ਜੋ ਜਿਲੇ ਵਿੱਚ ਜਨਗਣਨਾ ਦਾ ਕਾਰਜ ਸੁਚੱਜੇ ਅਤੇ ਸਮਾਂਬੱਧ ਢੰਗ ਨਾਲ ਨੇਪਰੇ ਚਾੜ੍ਹਿ ਆ ਜਾ ਸਕੇ। ਉਨ੍ਹਾਂ ਦੱਸਿਆ ਕਿ ਲੋਕਾਂ ਵੱਲੋਂ 16 ਨਵੰਬਰ ਤੋਂ se.census.gov.in ਰਾਹੀਂ ਵੇਰਵੇ ਦਰਜ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਜਨਗਣਨਾ 2027 ਦੇ ਦੂਜੇ ਪੜਾਅ ਵਧੀਆ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲੇ ਵਿਚ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਲੋੜੀਂਦੀ ਸਿਖਲਾਈ ਦਿੱਤੀ ਜਾ ਚੁੱਕੀ ਹੈ ਅਤੇ ਜ਼ਿਲੇ ਵਿਚ ਨਗਰ ਨਿਗਮ, ਤਹਿਸੀਲਾਂ ਅਤੇ ਨਗਰ ਕੌਂਸਲਾਂ ਵਿਖੇ ਵੱਖ-ਵੱਖ ਬੈਚਾਂ ਰਾਹੀਂ ਸਿਖਲਾਈ ਪ੍ਰੋਗਰਾਮ ਕਰਵਾਏ ਗਏ ਹਨ, ਤਾਂ ਜੋ ਇਸ ਮਹੱਤਵਪੂਰਨ ਕੰਮ ਲਈ ਤਾਇਨਾਤ ਸਾਰੇ ਕਰਮਚਾਰੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਰਪਣ ਭਾਵਨਾ ਨਾਲ ਪੂਰਾ ਕਰ ਸਕਣ।

- **ਜਨਗਨਣਾ ਦਾ ਦੂਜਾ ਪੜਾਅ 01 ਦਸੰਬਰ 2026 ਤੋਂ 4 ਜਨਵਰੀ 2027 ਤੱਕ, ਜ਼ਿਲਾ ਪ੍ਰਸ਼ਾਸਨ ਵੱਲੋਂ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ**



ਅੰਡਰ ਟ੍ਰੇਨਿੰਗ ਆਈ.ਏ.ਐਸ. ਅਧਿਕਾਰੀ ਗੁਰਕੰਵਲ ਸਿੰਘ ਨੇ ਕਿਹਾ ਕਿ ਜਨਗਣਨਾ ਦੀ ਪ੍ਰਕਿਰਿਆ ਦੌਰਾਨ ਸਹੀ ਤੇ ਦਰੁਸਤ ਵੇਰਵੇ ਦਿੱਤੇ ਜਾਣ ਤਾਂ ਜੋ ਇਸ ਅਹਿਮ ਕਾਰਜ ਨੂੰ ਸਹੀ ਢੰਗ ਨਾਲ ਮੁਕੰਮਲ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਤਹਿਤ ਇਕੱਤਰ ਕੀਤੇ ਜਾਣ ਵਾਲੇ ਅੰਕੜੇ ਦੇਸ਼ ਅੰਦਰ ਭਵਿੱਖੀ ਯੋਜਨਾਵਾਂ ਅਤੇ ਵੱਖ-ਵੱਖ ਤਰਜੀਹੀ ਖੇਤਰਾਂ ਲਈ ਅਤਿ-ਅਹਿਮ ਹਨ ਜਿਸ ਨਾਲ ਭਵਿੱਖੀ ਯੋਜਨਾਵਾਂ ਨੂੰ ਅਸਰਦਾਰ ਢੰਗ ਨਾਲ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਉਨ੍ਹਾਂ ਨੇ ਜ਼ਿਲਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਜਨਗਣਨਾ-2027 ਤਹਿਤ ਲੋੜੀਂਦੀ ਜਾਣਕਾਰੀ ਨੂੰ ਪੂਰੀ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨਾਲ ਸਾਂਝਾ ਕੀਤਾ ਜਾਵੇ ਜੋ ਦੇਸ਼ ਅਤੇ ਜਨਤਕ ਹਿੱਤ ਲਈ ਬਹੁਤ ਮਹੱਤਵਪੂਰਨ ਹੈ। ਜ਼ਿਕਰਯੋਗ ਹੈ ਕਿ ਜ਼ਿਲਾ ਪ੍ਰਸ਼ਾਸਨ ਵਲੋਂ ਕਰਮਚਾਰੀਆਂ ਲਈ ਕਰਵਾਏ ਸਿਖਲਾਈ ਪ੍ਰੋਗਰਾਮਾਂ ਦੌਰਾਨ ਐਨੂਮਰੇਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਆਬਾਦੀ ਦੇ ਅੰਕੜਿਆਂ ਨੂੰ ਸਹੀ ਢੰਗ ਨਾਲ ਇਕੱਠਾ ਕਰਨ ਦੀ ਪ੍ਰਕਿਰਿਆ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਫੀਲਡ ਟ੍ਰੇਨਿੰਗ ਵੀ ਕਰਵਾਈ ਗਈ ਤਾਂ ਜੋ ਉਨ੍ਹਾ ਨੂੰ ਪ੍ਰੈਕਟੀਕਲ ਤਜਰਬਾ ਵੀ ਮਿਲ ਸਕੇ ਅਤੇ ਉਹ ਆਬਾਦੀ ਦੀ ਗਿਣਤੀ ਦੌਰਾਨ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਤੋਂ ਵਾਕਿਫ ਹੋ ਸਕਣ। ਸਿਖਲਾਈ ਪ੍ਰੋਗਰਾਮਾਂ ਵਿੱਚ ਐਨੂਮਰੇਟਰਾਂ ਅਤੇ ਸੁਪਰਵਾਈਜ਼ਰਾਂ ਨੂੰ ਸਿਖਲਾਈ ਦੌਰਾਨ ਦਿੱਤੀ ਜਾਣਕਾਰੀ ਨੂੰ ਪੂਰੀ ਗੰਭੀਰਤਾ ਨਾਲ ਸਮਝਣ ਅਤੇ ਆਪਣੀ ਡਿਊਟੀ ਪੂਰੀ ਮਿਹਨਤ, ਲਗਨ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਵੀ ਤਾਕੀਦ ਕੀਤੀ ਗਈ।

ਮੀਟਿੰਗ ਦੌਰਾਨ ਡੀ.ਐਸ.ਪੀ. ਹੈੱਡਕੁਆਰਟਰ ਕਰਤਾਰ ਸਿੰਘ, ਉਪ ਅਰਥ ਅਤੇ ਅੰਕੜਾ ਸਲਾਹਕਾਰ, ਸੁਨੀਤਾ ਪਾਲ ਅਤੇ ਹੋਰ ਅਧਿਕਾਰੀ/ ਕਰਮਚਾਰੀ ਵੀ ਮੌਜੂਦ ਸਨ।

ਮੁਹਾਲੀ ਦੇ ਉਦਯੋਗਪਤੀਆਂ ਨਾਲ ਮੁਲਾਕਾਤ ਨਾਲ ਆਰੰਭ ਹੋਈ ਕਾਂਗਰਸ ਦੀ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ

ਪ੍ਰਗਟ ਸਿੰਘ ਤੇ ਪ੍ਰਤਾਪ ਬਾਜਵਾ ਅੱਗੇ ਉਦਯੋਗਪਤੀਆਂ ਨੇ ਰੱਖਿਆ ਸਮੱਸਿਆਵਾਂ ਦਾ ਚਿੱਠਾ

- **ਗੈਂਗਸਟਰਵਾਦ, ਨਸ਼ੇ, ਬਿਜਲੀ, ਸੀਵਰੇਜ ਤੇ ਬੁਨਿਆਦੀ ਢਾਂਚੇ ਦੀ ਘਾਟ ਬਣੀ ਉਦਯੋਗਿਕ ਵਿਕਾਸ ਵਿੱਚ ਰੁਕਾਵਟ**





ਐਸ.ਏ. ਐਸ. ਨਗਰ, 11 ਨਵੰਬਰ (ਪੈ.ਗ਼ਾਮ-ਏ-ਜਗਤ)

ਪੰਜਾਬ ਕਾਂਗਰਸ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਮੰਗਦਾ ਇਨਸਾਫ਼' ਮੁਹਿੰਮ ਦੇ ਪਹਿਲੇ ਪ੍ਰੋਗਰਾਮ ਤਹਿਤ ਮੁਹਾਲੀ ਵਿਖੇ ਸ਼ਹਿਰ ਦੇ ਪ੍ਰਮੁੱਖ ਉਦਯੋਗਪਤੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਸਾਬਕਾ ਡਿਪਟੀ ਮੇਅਰ ਅਤੇ ਤਿੰਨ ਵਾਰ ਕੌਂਸਲਰ ਰਹਿ ਚੁੱਕੇ ਕੁਲਜੀਤ ਸਿੰਘ ਬੇਦੀ ਵੱਲੋਂ ਕਰਵਾਈ ਗਈ ਇਸ ਮੀਟਿੰਗ ਵਿੱਚ ਮੁਹਾਲੀ ਦੇ ਉਦਯੋਗਪਤੀਆਂ ਨੇ ਆਪਣੇ ਕਾਰੋਬਾਰ ਨਾਲ ਜੁੜੀਆਂ ਮੁਸ਼ਕਲਾਂ, ਸਰਕਾਰੀ ਸਿਸਟਮ ਵਿੱਚ ਆ ਰਹੀਆਂ ਰੁਕਾਵਟਾਂ, ਉਦਯੋਗਿਕ ਵਿਕਾਸ ਅਤੇ ਪੰਜਾਬ ਵਿੱਚ ਨਿਵੇਸ਼ ਦੇ ਮਾਹੌਲ ਬਾਰੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਗਟ ਸਿੰਘ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕਾਂਗਰਸ ਦੇ ਹੋਰਨਾਂ ਸੀਨੀਅਰ ਆਗੂਆਂ ਨਾਲ ਵਿਚਾਰ ਸਾਂਝੇ ਕੀਤੇ।

ਉਦਯੋਗਪਤੀਆਂ ਨੇ ਗੈਂਗਸਟਰਵਾਦ, ਫਿਰੌਤੀ ਅਤੇ ਨਸ਼ਿਆਂ ਦੀ ਸਮੱਸਿਆ ਨੂੰ ਪੰਜਾਬ ਦੇ ਭਵਿੱਖ ਲਈ ਗੰਭੀਰ ਚਿੰਤਾ ਦੱਸਦਿਆਂ ਕਿਹਾ ਕਿ ਜਦੋਂ ਤੱਕ ਕਾਰੋਬਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਦੀ, ਉਦੋਂ ਤੱਕ ਨਵੇਂ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਮੁਸ਼ਕਲ ਹੈ। ਮੀਟਿੰਗ ਦੌਰਾਨ ਉਦਯੋਗਪਤੀਆਂ ਨੇ ਮੁਹਾਲੀ ਦੇ ਬੁਨਿਆਦੀ ਢਾਂਚੇ ਦੀ ਮਾੜੀ ਸਥਿਤੀ ਨੂੰ ਉਦਯੋਗਿਕ ਵਿਕਾਸ ਵਿੱਚ ਵੱਡੀ ਰੁਕਾਵਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਮੁਹਾਲੀ ਨੂੰ ਆਈਟੀ ਅਤੇ ਉਦਯੋਗਿਕ ਹੱਬ ਵਜੋਂ ਵਿਕਸਤ ਕਰਨ ਦੇ ਦਾਅਵਿਆਂ ਦੇ ਬਾਵਜੂਦ ਸ਼ਹਿਰ ਅਜੇ ਵੀ ਕਈ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਹੈ।

ਉਦਯੋਗਪਤੀਆਂ ਵੱਲੋਂ ਉਠਾਏ ਗਏ ਮੁੱਖ ਮੁੱਦਿਆਂ ਵਿੱਚ ਉਦਯੋਗਾਂ ਲਈ ਨਿਰਵਿਘਨ ਬਿਜਲੀ ਸਪਲਾਈ ਅਤੇ ਬਿਜਲੀ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨ, ਸ਼ਹਿਰ ਵਾਸਤੇ ਢੁੱਕਵੇਂ ਬੱਸ ਸਟੈਂਡ ਦੀ ਘਾਟ, ਅੰਤਰਰਾਸ਼ਟਰੀ ਹਵਾਈ ਅੱਡਾ ਹੋਣ ਦੇ ਬਾਵਜੂਦ ਕਈ ਵਿਦੇਸ਼ੀ ਮੰਜ਼ਿਲਾਂ ਲਈ ਸਿੱਧੀਆਂ ਉਡਾਣਾਂ ਦੀ ਘਾਟ, ਸੀਵਰੇਜ ਪ੍ਰਬੰਧ ਅਤੇ ਪਾਣੀ ਦੀ ਸਪਲਾਈ ਨਾਲ ਜੁੜੀਆਂ ਸਮੱਸਿਆਵਾਂ, ਬਰਸਾਤੀ ਪਾਣੀ ਦੀ ਨਿਕਾਸੀ ਲਈ ਢੁੱਕਵੇਂ ਪ੍ਰਬੰਧਾਂ ਦੀ ਘਾਟ, ਗੈਂਗਸਟਰਵਾਦ ਅਤੇ ਫਿਰੌਤੀ, ਨਸ਼ਿਆਂ ਦੀ ਸਮੱਸਿਆ ਆਦਿ ਮੁੱਖ ਸਨ। ਉਦਯੋਗਪਤੀਆਂ ਦਾ ਕਹਿਣਾ ਸੀ ਕਿ ਜੇਕਰ ਮੋਹਾਲੀ ਨੂੰ ਅਸਲ ਮਾਇਨਿਆਂ ਵਿੱਚ ਉਦਯੋਗਿਕ ਅਤੇ ਵਪਾਰਕ ਕੇਂਦਰ ਬਣਾਉਣਾ ਹੈ ਤਾਂ ਸਿਰਫ਼ ਵੱਡੇ ਪ੍ਰੋਜੈਕਟਾਂ ਦੇ ਐਲਾਨ ਕਾਫ਼ੀ ਨਹੀਂ ਹੋਣਗੇ, ਸਗੋਂ ਬਿਜਲੀ, ਆਵਾਜਾਈ, ਪਾਣੀ, ਸੀਵਰੇਜ ਅਤੇ ਡਰੇਨੇਜ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਵੀ ਮਜ਼ਬੂਤ ਕਰਨਾ ਪਵੇਗਾ।

ਉਦਯੋਗਪਤੀਆਂ ਦੀਆਂ ਸਮੱਸਿਆਵਾਂ ਨੂੰ ਸੁਣਨ ਤੋਂ ਬਾਅਦ ਸੰਬੋਧਨ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਗਟ ਸਿੰਘ ਨੇ ਕਿਹਾ ਕਿ ਪੰਜਾਬ ਕੋਲ ਕੁਦਰਤੀ ਸਰੋਤਾਂ ਦੇ ਨਾਲ-ਨਾਲ ਕਾਬਲ ਮਨੁੱਖੀ ਸ਼ਕਤੀ ਦੀ ਵੀ ਕੋਈ ਕਮੀ ਨਹੀਂ ਹੈ, ਪਰ ਸਹੀ ਪ੍ਰਬੰਧਨ ਅਤੇ ਪ੍ਰਭਾਵਸ਼ਾਲੀ ਸਿਸਟਮ ਦੀ ਘਾਟ ਕਾਰਨ ਇਨ੍ਹਾਂ ਸਰੋਤਾਂ ਦਾ ਪੂਰਾ ਲਾਭ ਨਹੀਂ ਮਿਲ ਰਿਹਾ। ਆਪਣੇ ਮੰਤਰੀ ਕਾਲ ਦਾ ਹਵਾਲਾ ਦਿੰਦਿਆਂ ਉਹਨਾਂ ਕਿਹਾ ਕਿ ਉਦਯੋਗਪਤੀਆਂ ਅਤੇ ਸਿੱਖਿਆ ਖੇਤਰ ਨਾਲ ਜੁੜੇ ਮਾਹਿਰਾਂ ਨਾਲ ਹੋਈਆਂ ਮੀਟਿੰਗਾਂ ਦੌਰਾਨ ਇਹ ਗੱਲ ਸਾਹਮਣੇ ਆਈ ਸੀ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਅਤੇ ਉਦਯੋਗਾਂ ਦੀਆਂ ਲੋੜਾਂ ਵਿਚਕਾਰ ਵੱਡਾ ਪਾੜਾ ਹੈ। ਨੌਜਵਾਨ ਪੜ੍ਹਾਈ ਤਾਂ ਕਰ ਰਹੇ ਹਨ, ਪਰ ਉਨ੍ਹਾਂ ਨੂੰ ਉਦਯੋਗਾਂ ਦੀ ਲੋੜ ਮੁਤਾਬਕ ਹੁਨਰ ਅਤੇ ਰੁਜ਼ਗਾਰ ਦੇ ਮੌਕੇ ਨਹੀਂ ਮਿਲ ਰਹੇ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਅਨੁਸਾਰ ਸਿੱਖਿਆ ਦੇ ਪਾਠਕ੍ਰਮ ਨੂੰ ਮੁੜ ਤਿਆਰ ਕਰਨ ਅਤੇ ਉਦਯੋਗਾਂ ਨਾਲ ਜੋੜਨ ਦੀ ਲੋੜ ਹੈ, ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਸੂਬੇ ਵਿੱਚ ਹੀ ਵਧੀਆ ਰੁਜ਼ਗਾਰ ਮਿਲ ਸਕੇ।

ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਉਦਯੋਗ ਅਤੇ ਕਾਰੋਬਾਰ ਨੂੰ ਪ੍ਰਫੁੱਲਿਤ ਕਰਨ ਲਈ ਸਭ ਤੋਂ ਪਹਿਲਾਂ ਅਮਨ-ਕਾਨੂੰਨ ਦੀ ਸਥਿਤੀ ਮਜ਼ਬੂਤ ਕਰਨੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਉਦਯੋਗਪਤੀ ਲਈ ਆਪਣੇ ਪਰਿਵਾਰ, ਕਾਰੋਬਾਰ ਅਤੇ ਨਿਵੇਸ਼ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੁੰਦੀ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਉਦਯੋਗਿਕ ਤਰੱਕੀ ਲਈ ਸਭ ਤੋਂ ਪਹਿਲੀ ਲੋੜ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਕਾਰੋਬਾਰੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦਾ ਭਰੋਸਾ ਪੈਦਾ ਕਰਨਾ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਜੇਕਰ ਕਾਂਗਰਸ ਨੂੰ ਪੰਜਾਬ ਵਿੱਚ ਸਰਕਾਰ ਬਣਾਉਣ ਦਾ ਮੌਕਾ ਮਿਲਦਾ ਹੈ ਤਾਂ ਗੈਂਗਸਟਰਵਾਦ ਅਤੇ ਫਿਰੌਤੀ ਦੇ ਨੈਟਵਰਕ ਖ਼ਿਲਾਫ਼ ਪਹਿਲੇ ਮਹੀਨੇ ਵਿੱਚ ਹੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪੁਲੀਸ ਪ੍ਰਸ਼ਾਸਨ ਦੀ ਜਵਾਬਦੇਹੀ ਤੈਅ ਕਰਨ ਦੀ ਲੋੜ ਤੇ ਜ਼ੋਰ ਦਿੰਦਿਆਂ ਉਹਨਾਂ ਕਿਹਾ ਕਿ ਗੈਂਗਸਟਰਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਪੁਲੀਸ ਪ੍ਰਬੰਧ ਵਿੱਚ ਵੀ ਜਵਾਬਦੇਹੀ ਲਿਆਉਣੀ ਪਵੇਗੀ।

ਪੰਜਾਬ ਦੀ ਆਰਥਿਕ ਸਥਿਤੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੀ ਸਾਲਾਨਾ ਆਮਦਨ ਲਗਭਗ 95 ਹਜ਼ਾਰ ਕਰੋੜ ਰੁਪਏ ਹੈ, ਜਦਕਿ ਖਰਚਾ ਲਗਭਗ 1.25 ਲੱਖ ਕਰੋੜ ਰੁਪਏ ਤੱਕ ਪਹੁੰਚਦਾ ਹੈ। ਉਨ੍ਹਾਂ ਅਨੁਸਾਰ ਇਸ ਵਿੱਤੀ ਪਾੜੇ ਨੂੰ ਘਟਾਉਣ ਲਈ ਇਮਾਨਦਾਰ ਪ੍ਰਸ਼ਾਸਨ, ਖਰਚਿਆਂ ਤੇ ਕਾਬੂ ਅਤੇ ਨਵੇਂ ਆਰਥਿਕ ਤੇ ਵਪਾਰਕ ਮੌਕੇ ਪੈਦਾ ਕਰਨੇ ਜ਼ਰੂਰੀ ਹਨ।

ਮੀਟਿੰਗ ਵਿੱਚ ਪੀ.ਜੇ. ਸਿੰਘ (ਟਾਇਨੋਰ), ਆਰ.ਐੱਸ. ਸਚਦੇਵਾ, ਹੈਡਨ ਕਲੀਨਿਕਸ ਦੇ ਨਵੀਨ ਕੁਮਾਰ, ਨਵਨੀਤ ਸਕਸੇਨਾ, ਪਵਨਦੀਪ ਸੇਠੀ, ਗੁਰਮੀਤ ਭਾਟੀਆ, ਹਰਿੰਦਰ ਪਾਲ ਸਿੰਘ ਬਿੱਲਾ, ਸੁਖਜੀਤ ਸਿੰਘ ਲਹਿਲ, ਜੀ.ਐਸ. ਰਿਆੜ, ਬੀ.ਐਸ. ਆਨੰਦ ਅਤੇ ਬੀ.ਐਸ. ਬੇਦੀ, ਅਸ਼ੋਕ ਗੁਪਤਾ ਪ੍ਰਧਾਨ ਮੁਹਾਲੀ ਇੰਡਸਟਰੀ ਐਸੋਸੀਏਸ਼ਨ, ਰਕੇਸ਼ ਵਿਜ, ਇਕਬਾਲ ਚੀਮਾ ਫਿਲਮ ਸਿਟੀ ਤੋਂ, ਐਨਐਸ ਬਰਾੜ, ਤੇਰਾ ਹੀ ਤੇਰਾ ਸੰਸਥਾ ਦੇ ਮੁਖੀ ਹਰਜੀਤ ਸਿੰਘ ਸੱਭਰਵਾਲ,ਕੇ ਐਸ ਮਾਹਲ, ਬਲਜੀਤ ਸਿੰਘ ਐਕਸ ਪ੍ਰਧਾਨ ਮੁਹਾਲੀ ਪ੍ਰੋਪਰਟੀ ਕੰਸਲਟੈਂਟ ਐਸੋਸੀਏਸ਼ਨ ਭੁਪਿੰਦਰ ਸਿੰਘ ਸਭਰਵਾਲ ਸਮੇਤ ਮੁਹਾਲੀ ਦੇ ਕਈ ਪ੍ਰਮੁੱਖ ਉਦਯੋਗਪਤੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੇ ਅੰਤ ਵਿੱਚ ਪ੍ਰਤਾਪ ਸਿੰਘ ਬਾਜਵਾ ਅਤੇ ਪ੍ਰਗਟ ਸਿੰਘ ਨੇ ਬੈਠਕ ਦਾ ਪ੍ਰਬੰਧ ਕਰਨ ਲਈ ਕੁਲਜੀਤ ਸਿੰਘ ਬੇਦੀ ਅਤੇ ਹੋਰ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਨਾਲ ਸਿੱਧਾ ਸੰਵਾਦ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਪੰਜਾਬ ਦੇ ਭਵਿੱਖ ਲਈ ਬੇਹੱਦ ਜ਼ਰੂਰੀ ਹੈ।

ਮੀਟਿੰਗ ਦੌਰਾਨ ਉਠੀ ਕੁਲਜੀਤ ਸਿੰਘ ਬੇਦੀ ਨੂੰ ਮੁਹਾਲੀ ਤੋਂ ਪਾਰਟੀ ਉਮੀਦਵਾਰ ਬਣਾਉਣ ਦੀ ਮੰਗ

ਕਾਂਗਰਸ ਪਾਰਟੀ ਦੀ ਪੰਜਾਬ ਮੰਗਦਾ ਇਨਸਾਫ ਮੀਟਿੰਗ ਦੌਰਾਨ ਮੁਹਾਲੀ ਦੇ ਉਦਯੋਗਪਤੀਆਂ ਨੇ ਸਾਬਕਾ ਡਿਪਟੀ ਮੇਅਰ ਅਤੇ ਤਿੰਨ ਵਾਰ ਕੌਂਸਲਰ ਰਹਿ ਚੁੱਕੇ ਕੁਲਜੀਤ ਸਿੰਘ ਬੇਦੀ ਦੀ ਕਾਂਗਰਸ ਪਾਰਟੀ ਵੱਲੋਂ ਮੁਹਾਲੀ ਵਿਧਾਨ ਸਭਾ ਤੋਂ ਟਿਕਟ ਲਈ ਜ਼ੋਰਦਾਰ ਪੈਰਵੀ ਕਰਦਿਆਂ ਕਿਹਾ ਕਿ ਮੁਹਾਲੀ ਦੀ ਜ਼ਮੀਨੀ ਹਕੀਕਤ ਨੂੰ ਸਮਝਣ ਵਾਲੇ ਅਤੇ ਇਲਾਕੇ ਦੇ ਲੋਕਾਂ ਦੇ ਹੱਕਾਂ ਲਈ ਲੜਨ ਵਾਲੇ ਕੁਅਜੀਤ ਸਿੰਘ ਬੇਦੀ ਨੂੰ ਪਾਰਟੀ ਵੱਲੋਂ ਬਣਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਉਦਯੋਗਪਤੀਆਂ ਨੇ ਕਿਹਾ ਕਿ ਕੁਲਜੀਤ ਸਿੰਘ ਬੇਦੀ ਇੱਕ ਤਜਰਬੇਕਾਰ, ਲੋਕਾਂ ਨਾਲ ਜੁੜੇ ਹੋਏ ਅਤੇ ਮੁਹਾਲੀ ਦੀਆਂ ਸਮੱਸਿਆਵਾਂ ਦੀ ਡੂੰਘੀ ਸਮਝ ਰੱਖਣ ਵਾਲੇ ਆਗੂ ਹਨ। ਉਹ ਇਲਾਕੇ ਦੀ ਹਰ ਛੋਟੀ-ਵੱਡੀ ਸਮੱਸਿਆ ਤੋਂ ਭਲੀ-ਭਾਂਤ ਜਾਣੂ ਹਨ ਅਤੇ ਉਨ੍ਹਾਂ ਦੇ ਹੱਲ ਲਈ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ।

ਪ੍ਰਗਤੀਵਾਦੀ ਕਵਿਤਾ ਕੇਂਦਰ ਵਲੋਂ ਕਵੀ ਦਰਬਾਰ ਦਾ ਆਯੋਜਨ



ਐਸ.ਏ. ਐਸ. ਨਗਰ, 11 ਨਵੰਬਰ (ਪੈ.ਗ਼ਾਮ-ਏ-ਜਗਤ)

ਪ੍ਰਗਤੀਵਾਦੀ ਕਵਿਤਾ ਕੇਂਦਰ, ਮੁਹਾਲੀ ਦਾ ਕਵੀ ਦਰਬਾਰ ਫੇਜ਼ 6 ਵਿਖੇ ਆਯੋਜਿਤ ਕੀਤਾ ਗਿਆ। ਕੇਂਦਰ ਦੇ ਸਰਪਰਸਤ ਸ੍ਰ ਦਲਬੀਰ ਸਿੰਘ ਸਰੋਆ ਦੇ ਘਰ ਵਿੱਚ ਆਯੋਜਿਤ ਇਸ ਕਵੀ ਦਰਬਾਰ ਵਿੱਚ ਬਹੁਤ ਸਾਰੇ ਉਘੇ ਕਵੀਆਂ ਅਤੇ ਲੇਖਕਾਂ ਨੇ ਹਿੱਸਾ ਲਿਆ।

ਕਵੀ ਦਰਬਾਰ ਦੌਰਾਨ ਪਿਆਰਾ ਸਿੰਘ ਰਾਹੀਂ, ਗੁਰਵਿੰਦਰ ਗੁਰੀ, ਕੁਲਦੀਪ ਸਿੰਘ ਦੀਪ, ਬੰਤ ਸਿੰਘ ਦੀਪ, ਦਲਬੀਰ ਸਰੋਆ ਅਤੇ ਜਗਤਾਰ ਸਿੰਘ ਜੋਗ ਵਲੋਂ ਰੰਗ ਬਰੰਗੀਆਂ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਖ਼ੁਸ਼ੀ ਰਾਮ ਨਿਮਾਣਾ, ਰਾਜੀਵ ਸੂਦ, ਬਹਾਦਰ ਸਿੰਘ ਗੋਸਲ, ਕੇਸਰ ਸਿੰਘ, ਮੋਹਿੰਦਰ ਸਿੰਘ ਗੋਸਲਾ, ਉਮਾ ਕਾਂਤ ਤਿਵਾੜੀ, ਪ੍ਰਲਾਦ ਸਿੰਘ ਅਤੇ ਹੋਰਾਂ ਨੇ ਆਪਣੇ ਗੀਤ ਅਤੇ ਕਲਾਮ ਪੇਸ਼ ਕੀਤੇ। ਰਤਨ ਬਾਬਕਵਾਲਾ ਨੇ ਤੂੰਬੀ ਤੇ ਗ਼ਜ਼ਲ ਅਤੇ ਗੀਤ ਗਾ ਕੇ ਸਾਰਿਆਂ ਦਾ ਮਨੋਰੰਜਨ ਕੀਤਾ। ਸਰਵ ਸ੍ਰੀ ਪਾਲ ਅਜਨਵੀ, ਜਸਵਿੰਦਰ ਸਿੰਘ ਕਈਨੌਰ, ਸੁਖਪਾਲ ਸਿੰਘ ਹੁੰਦਲ, ਤਰਸੇਮ ਸਿੰਘ ਕਲੇਵਾਲ, ਕੇਸਰ ਸਿੰਘ ਇੰਸਪੈਕਟਰ, ਸਰਵਣ ਸਿੰਘ ਸਾਬਰ ਐਡਵੋਕੇਟ, ਪ੍ਰਿਤਪਾਲ ਸਿੰਘ ਅਤੇ ਦਿਲਪ੍ਰੀਤ ਸਿੰਘ ਹੋਰੀਂ ਸ਼ਾਮਲ ਸਨ। ਕਵੀ ਦਰਬਾਰ ਵਿੱਚ ਉਘੇ ਗ਼ਜ਼ਲਗੋ ਬੰਤ ਸਿੰਘ ਦੀਪ ਨੂੰ ਗ਼ਜ਼ਲਾਂ ਵਿੱਚ ਪ੍ਰਗਤੀਵਾਦੀ ਸੋਚ ਭਰਨ ਲਈ ਕੇਂਦਰ ਵਲੋਂ ਸਨਮਾਨ ਪੱਤਰ ਵੀ ਭੇਂਟ ਕੀਤਾ ਗਿਆ। ਸਭਾ ਦੀ ਸਟੇਜ ਸੰਚਾਲਣ ਦੀ ਜ਼ਿਮੇਵਾਰੀ ਪਾਲ ਅਜਨਵੀ ਵਲੋਂ ਬਾਖੂਬੀ ਨਿਭਾਈ ਗਈ।

ਮੰਡੀਆਂ ਵਿੱਚ ਝੋਨੇ ਦੇ ਅੰਬਾਰ, ਕਿਸਾਨਾਂ ਨੂੰ ਰੱਬ ਆਸਰੇ ਛੱਡ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ ਭਗਵੰਤ ਮਾਨ ਸਰਕਾਰ : ਰਾਮੂਵਾਲੀਆ

ਐਸ.ਏ. ਐਸ. ਨਗਰ, 11 ਨਵੰਬਰ (ਪੈ.ਗ਼ਾਮ-ਏ-ਜਗਤ)

ਭਾਰਤੀ ਜਨਤਾ ਪਾਰਟੀ ਦੀ ਨੈਸ਼ਨਲ ਕਾਰਜਕਾਰੀ ਕਮੇਟੀ ਦੀ ਮੈਂਬਰ ਬੀਬੀ ਅਮਨਜੋਤ ਕੌਰ ਰਾਮੂਵਾਲੀਆ ਨੇ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਚੁਕਾਈ ਵਿੱਚ ਹੋ ਰਹੀ ਦੇਰੀ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲ ਕਰਦਿਆਂ ਕਿਹਾ ਹੈ ਕਿ ਭਗਵੰਤ ਮਾਨ ਸਰਕਾਰ ਸਿਰਫ਼ ਚੁਟਕਲਿਆਂ ਅਤੇ ਫੋਕੀ ਬਿਆਨਬਾਜ਼ੀ ਤੱਕ ਹੀ ਸੀਮਤ ਰਹਿ ਗਈ ਹੈ। ਉਹਨਾਂ ਕਿਹਾ ਕਿ ਮੰਡੀਆਂ ਵਿੱਚ ਖੁੱਲ੍ਹੇ ਅਸਮਾਨ ਹੇਠ ਲੱਖਾਂ ਬੋਰੀਆਂ ਝੋਨਾ ਪਿਆ ਹੈ, ਪਰ ਸਰਕਾਰ ਵੱਲੋਂ ਸਮੇਂ ਸਿਰ ਚੁਕਾਈ ਅਤੇ ਸਾਂਭ-ਸੰਭਾਲ ਲਈ ਕੋਈ ਠੋਸ ਪ੍ਰਬੰਧ ਨਹੀਂ ਕੀਤੇ ਗਏ। ਜਿਸ ਕਾਰਨ ਸਰਕਾਰ ਦੀ ਇਸ ਨਾਕਾਮੀ ਦਾ ਖਮਿਆਜ਼ਾ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀ ਵਰਗ ਨੂੰ ਭੁਗਤਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ 10 ਨਵੰਬਰ ਤੱਕ ਝੋਨੇ ਦੀ ਸਰਕਾਰੀ ਖਰੀਦ 165 ਲੱਖ ਮੀਟ੍ਰਿਕ ਟਨ ਦੇ ਕਰੀਬ ਪਹੁੰਚਣ ਦੇ ਬਾਵਜੂਦ ਚੁਕਾਈ ਦੀ ਸਮੱਸਿਆ ਬਰਕਰਾਰ ਹੈ। ਜਗਰਾਉਂ ਵਰਗੀਆਂ ਵੱਡੀਆਂ ਮੰਡੀਆਂ ਵਿੱਚ 20 ਤੋਂ 22 ਲੱਖ ਬੋਰੀਆਂ ਝੋਨਾ ਚੁਕਾਈ ਦੀ ਉਡੀਕ ਵਿੱਚ ਪਿਆ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਹ ਸਥਿਤੀ ਸਰਕਾਰ ਦੇ ਖਰੀਦ ਅਤੇ ਚੁਕਾਈ ਪ੍ਰਬੰਧਾਂ ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਸਿਰਫ਼ ਫ਼ਸਲ ਦੀ ਖਰੀਦ ਦੇ ਅੰਕੜੇ ਜਾਰੀ ਕਰਨਾ ਕਾਫ਼ੀ ਨਹੀਂ, ਬਲਕਿ ਖਰੀਦੀ ਗਈ ਫ਼ਸਲ ਨੂੰ ਸਮੇਂ ਸਿਰ ਮੰਡੀਆਂ ਵਿੱਚੋਂ ਚੁੱਕਣਾ ਅਤੇ ਸੁਰੱਖਿਅਤ ਥਾਵਾਂ ਤੇ ਪਹੁੰਚਾਉਣਾ ਵੀ ਸਰਕਾਰ ਦੀ ਜ਼ਿੰਮੇਵਾਰੀ ਹੈ।



ਉਹਨਾਂ ਕਿਹਾ ਕਿ ਪੰਜਾਬ ਵਿੱਚ ਕਰੀਬ 400 ਮੰਡੀਆਂ ਬੰਦ ਕੀਤੇ ਜਾਣ ਦੀਆਂ ਖ਼ਬਰਾਂ ਵੀ ਚਿੰਤਾ ਦਾ ਵਿਸ਼ਾ ਹਨ। ਜੇਕਰ ਕਿਸਾਨਾਂ ਦੀ ਫ਼ਸਲ ਦੀ ਆਮਦ ਅਤੇ ਖਰੀਦ ਦਾ ਕੰਮ ਅਜੇ ਜਾਰੀ ਹੈ ਤਾਂ ਮੰਡੀਆਂ ਬੰਦ ਕਰਨ ਦੇ ਫ਼ੈਸਲੇ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਣਗੀਆਂ। ਉਹਨਾਂ ਸਵਾਲ ਕੀਤਾ ਕਿ ਕੇਂਦਰ ਵੱਲੋਂ ਇਸ ਸੀਜ਼ਨ ਲਈ 180 ਲੱਖ ਮੀਟ੍ਰਿਕ ਟਨ ਦੀ ਖਰੀਦ ਦਾ ਟੀਚਾ ਤੈਅ ਹੋਣ ਅਤੇ ਪੰਜਾਬ ਵਿੱਚ ਵੱਧ ਪੈਦਾਵਾਰ ਦੀ ਸੰਭਾਵਨਾ ਦੇ ਬਾਵਜੂਦ ਸਰਕਾਰ ਵੱਲੋਂ ਵਾਧੂ ਫ਼ਸਲ ਦੀ ਖਰੀਦ, ਸਟੋਰੇਜ ਅਤੇ ਚੁਕਾਈ ਲਈ ਪਹਿਲਾਂ ਤੋਂ ਪੁਖ਼ਤਾ ਯੋਜਨਾਬੰਦੀ ਕਿਉਂ ਨਹੀਂ ਕੀਤੀ ਗਈ?

ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਖੁੱਲ੍ਹੇ ਅਸਮਾਨ ਹੇਠ ਪਈਆਂ ਝੋਨੇ ਦੀਆਂ ਬੋਰੀਆਂ ਕਿਸਾਨਾਂ ਲਈ ਵੱਡੀ ਚਿੰਤਾ ਦਾ ਕਾਰਨ ਬਣੀਆਂ ਹੋਈਆਂ ਹਨ। ਮੀਂਹ ਅਤੇ ਨਮੀ ਕਾਰਨ ਫ਼ਸਲ ਦੀ ਗੁਣਵੱਤਾ ਪ੍ਰਭਾਵਿਤ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਦੇ ਨਾਲ ਹੀ ਮਜ਼ਦੂਰਾਂ ਦਾ ਕੰਮਕਾਜ ਪ੍ਰਭਾਵਿਤ ਹੋ ਰਿਹਾ ਹੈ, ਆੜ੍ਹਤੀ ਐਸੋਸੀਏਸ਼ਨਾਂ ਨਾਲ ਜੁੜੇ ਲੋਕਾਂ ਨੂੰ ਮੰਡੀ ਦੇ ਕੰਮ ਵਿੱਚ ਦਿੱਕਤਾਂ ਆ ਰਹੀਆਂ ਹਨ ਅਤੇ ਸ਼ੈਲਰ ਮਾਲਕਾਂ ਦੀਆਂ ਸਮੱਸਿਆਵਾਂ ਵੀ ਹੱਲ ਹੋਣ ਦੀ ਉਡੀਕ ਵਿੱਚ ਹਨ। ਇਸ ਸਾਰੇ ਸੰਕਟ ਦਾ ਅਸਰ ਮੰਡੀ ਨਾਲ ਜੁੜੇ ਹਰ ਵਰਗ ਤੇ ਪੈ ਰਿਹਾ ਹੈ। ਉਹਨਾਂ ਕਿਹਾ ਕਿ ਇਸ ਸਮੱਸਿਆ ਦੀ ਇੱਕ ਵੱਡੀ ਵਜ੍ਹਾ ਗੋਦਾਮਾਂ ਵਿੱਚ ਪਹਿਲਾਂ ਤੋਂ ਪਏ ਅਨਾਜ ਦੇ ਭਾਰੀ ਭੰਡਾਰ ਅਤੇ ਨਵੇਂ ਸਟਾਕ ਲਈ ਲੋੜੀਂਦੀ ਜਗ੍ਹਾ ਦੀ ਘਾਟ ਵੀ ਹੈ। ਪੁਰਾਣੇ ਅਨਾਜ ਦੀ ਸਮੇਂ ਸਿਰ ਢੋਆ-ਢੁਆਈ ਨਾ ਹੋਣ ਕਾਰਨ ਨਵੇਂ ਝੋਨੇ ਦੀ ਸਟੋਰੇਜ ਅਤੇ ਚੁਕਾਈ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਸਰਕਾਰ ਅਤੇ ਕੇਂਦਰੀ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਰਾਹੀਂ ਇਸ ਸਮੱਸਿਆ ਦਾ ਹੱਲ ਕੱਢਣਾ ਲਾਜ਼ਮੀ ਸੀ, ਪਰ ਇਸ ਦੀ ਮਾਰ ਕਿਸਾਨਾਂ ਅਤੇ ਮੰਡੀ ਨਾਲ ਜੁੜੇ ਲੋਕਾਂ ਨੂੰ ਸਹਿਣੀ ਪੈ ਰਹੀ ਹੈ।

ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਚੁਟਕਲਿਆਂ ਅਤੇ ਬਿਆਨਬਾਜ਼ੀ ਤੋਂ ਬਾਹਰ ਨਿਕਲ ਕੇ ਜ਼ਮੀਨੀ ਹਕੀਕਤ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਤੁਰੰਤ ਬਾਕੀ ਪਏ ਝੋਨੇ ਦੀ ਚੁਕਾਈ ਲਈ ਵਿਸ਼ੇਸ਼ ਪ੍ਰਬੰਧ ਕਰੇ, ਟਰਾਂਸਪੋਰਟ ਅਤੇ ਸਟੋਰੇਜ ਦੀਆਂ ਰੁਕਾਵਟਾਂ ਦੂਰ ਕਰੇ ਅਤੇ ਮੰਡੀਆਂ ਵਿੱਚ ਕੰਮ ਕਰ ਰਹੇ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੇ।

ਪੰਜਾਬ ਸਰਕਾਰ ਵਲੋਂ ਸੂਬੇ ਵਿੱਚ ਤਿਆਰ ਕੀਤੇ ਸਾਜਗਾਰ ਮਾਹੌਲ ਸਦਕਾ ਜੋਰ ਫੜ ਰਹੀਆਂ ਹਨ ਖੇਡ ਸਰਗਰਮੀਆਂ : ਕੁਲਵੰਤ ਸਿੰਘ

- **ਪਿੰਡ ਮੌਲੀ ਵੈਦਵਾਨ ਵਿਖੇ ਕਰਵਾਏ ਜਾ ਰਹੇ ਕਬੱਡੀ ਕੱਪ ਦਾ ਪੋਸਟਰ ਰਿਲੀਜ਼ ਕੀਤਾ**



ਐਸ.ਏ. ਐਸ. ਨਗਰ, 11 ਨਵੰਬਰ (ਪੈ.ਗ਼ਾਮ-ਏ-ਜਗਤ)

ਹਲਕਾ ਵਿਧਾਇਕ ਸ੍ਰ. ਕੁਲਵੰਤ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਖੇਡਾਂ ਨੂੰ ਲੈ ਕੇ ਸਾਜਗਾਰ ਮਾਹੌਲ ਤਿਆਰ ਕੀਤਾ ਗਿਆ ਹੈ ਜਿਸਦੇ ਚਲਦਿਆਂ ਸੂਬੇ ਦੇ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਵੱਡੇ ਪੱਧਰ ਤੇ ਖੇਡ ਸਰਗਰਮੀਆਂ ਹੋ ਰਹੀਆਂ ਹਨ ਅਤੇ ਖੇਡ ਮੇਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਬੈਦਵਾਨ ਸਪੋਰਟਸ ਕਲੱਬ ਮੌਲੀ ਬੈਦਵਾਨ ਵੱਲੋਂ 14 ਅਤੇ 15 ਨਵੰਬਰ ਨੂੰ ਪਿੰਡ ਮੌਲੀ ਬੈਦਵਾਨ, ਸੈਕਟਰ 80, ਮੁਹਾਲੀ ਵਿਖੇ ਕਰਵਾਏ ਜਾ ਰਹੇ ਕਬੱਡੀ ਕੱਪ ਦਾ ਪੋਸਟਰ ਰਿਲੀਜ਼ ਕਰਨ ਮੌਕੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਖੇਡਾਂ ਵਿੱਚ ਮਾਣਯੋਗ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਅਤੇ ਕੋਚਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਉੱਥੇ ਨਵੀਂ ਪਨੀਰੀ ਤਿਆਰ ਕਰਨ ਦੇ ਲਈ ਖਿਡਾਰੀਆਂ ਨੂੰ ਵਧੀਆ ਖੇਡ ਮੈਦਾਨ ਦੇ ਨਾਲ- ਨਾਲ ਖੇਡਾਂ ਦੇ ਲਈ ਲੋੜੀਂਦਾ ਸਮਾਨ ਵੀ ਪੰਜਾਬ ਸਰਕਾਰ ਦੀ ਤਰਫੋਂ ਮੁਹਈਆ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਮੌਜੂਦ ਸਾਬਕਾ ਸਰਪੰਚ ਅਤੇ ਖੇਡ ਪ੍ਰਬੰਧਕਾਂ ਵਿੱਚੋਂ ਇੱਕ ਅਵਤਾਰ ਸਿੰਘ ਮੌਲੀ ਅਤੇ ਕਲੱਬ ਦੇ ਸਰਪ੍ਰਸਤ ਗੁਰਸੇਵਕ ਸਿੰਘ ਸਰਪੰਚ ਨੇ ਦੱਸਿਆ ਕਿ ਇਸ ਕਬੱਡੀ ਕੱਪ ਦੇ ਦੌਰਾਨ ਬੈਸਟ ਰੇਡਰ ਨੂੰ ਮੋਟਰਸਾਈਕਲ ਜਦਕਿ ਬੈਸਟ ਜਾਫੀ ਨੂੰ ਵੀ ਇਨਾਮ ਵਜੋਂ ਮੋਟਰਸਾਈਕਲ ਦਿੱਤੇ ਜਾ ਰਹੇ ਜਾਣਗੇ। ਉਹਨਾਂ ਦੱਸਿਆ ਕਿ ਇਸ ਕਬੱਡੀ ਕੱਪ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ, ਮਾਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ, ਕੁਲਦੀਪ ਸਿੰਘ ਸਮਾਣਾ, ਸਰਬਜੀਤ ਸਿੰਘ ਸਮਾਣਾ ਮੇਅਰ ਮੁਹਾਲੀ ਕਾਰਪੋਰੇਸ਼ਨ ਉਚੇਚੇ ਤੌਰ ਤੇ ਸ਼ਮੂਲੀਅਤ ਕਰਨਗੇ।

ਅਵਤਾਰ ਸਿੰਘ ਮੌਲੀ ਨੇ ਦੱਸਿਆ ਕਿ ਕਬੱਡੀ ਕੱਪ ਨੂੰ ਲੈ ਕੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਉਹਨਾਂ ਦੱਸਿਆ ਕਿ ਇਸ ਕਬੱਡੀ ਕੱਪ ਨੂੰ ਵੇਖਣ ਦੇ ਲਈ ਪੰਜਾਬ ਭਰ ਦੇ ਕੋਨੇ- ਕੋਨੇ ਵਿੱਚੋਂ ਖੇਡ ਪ੍ਰੇਮੀ ਪਹੁੰਚ ਰਹੇ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਪ੍ਰਸਿੱਧ ਖੇਡ ਪ੍ਰੇਮੀ ਕੁਲਦੀਪ ਸਿੰਘ ਸਾਮਣਾ, ਪਰਮਜੀਤ ਸਿੰਘ ਚੌਹਾਨ ਡਾਇਰੈਕਟਰ ਜੇ. ਐਲ. ਪੀ. ਐਲ., ਹਰਜੀਤ ਸਿੰਘ ਭੋਲੂ ਅਤੇ ਸਤਿੰਦਰ ਸਿੰਘ ਮਿੱਠੂ (ਦੋਵੇਂ ਕੌਂਸਲਰ), ਬਾਵਾ ਮੌਲੀ, ਅਕਬਿੰਦਰ ਸਿੰਘ ਗੋਸਲ, ਰੂਪਾ ਸੋਹਣਾ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੁਹਤਰਮ ਖੇਡ ਪ੍ਰੇਮੀ ਵੀ ਹਾਜ਼ਰ ਰਹੇ। ਉਹਨਾਂ ਕਿਹਾ ਕਿ ਕਲੱਬ ਪ੍ਰਧਾਨ ਲਾਲੀ ਬੈਦਵਾਨ ਤੋਂ ਇਲਾਵਾ ਜਸਵੰਤ ਸਿੰਘ ਲਾਲਾ ਚੇਅਰਮੈਨ, ਮਨਦੀਪ ਸਿੰਘ ਖਜਾਨਚੀ, ਗੁਰਸੇਵਕ, ਹਰਜੋਤ ਸਿੰਘ ਗੱਬਰ ਮੌਲੀ ਵੈਦਵਾਨ ਵੱਲੋਂ ਕਬੱਡੀ ਕੱਪ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਕਬੱਡੀ ਕੱਪ ਦੇ ਦੌਰਾਨ ਪ੍ਰਸਿੱਧ ਲੋਕ ਗਾਇਕ ਲਾਭ ਹੀਰਾ ਦਾ ਖੁੱਲ੍ਹਾ ਅਖਾੜਾ ਵੀ ਲਗਾਇਆ ਜਾਵੇਗਾ।

ਜਸਵੀਰ ਸਿੰਘ ਬਣੇ ਗੁਰਦੁਆਰਾ ਸ੍ਰੀ ਸਿੰਘ ਸਭਾ ਸੈਕਟਰ 78 ਦੇ ਪ੍ਰਧਾਨ

ਐਸ.ਏ. ਐਸ. ਨਗਰ, 11 ਨਵੰਬਰ (ਪੈ.ਗ਼ਾਮ-ਏ-ਜਗਤ)

ਗੁਰਦੁਆਰਾ ਸ੍ਰੀ ਸਿੰਘ ਸਭਾ ਸੈਕਟਰ 78 ਮੁਹਾਲੀ ਦੇ ਪ੍ਰਧਾਨ ਸੇਵਾ ਸਿੰਘ ਵੱਲੋਂ ਬੀਤੇ ਦਿਨੀ 6 ਨਵੰਬਰ ਨੂੰ ਕਮੇਟੀ ਦੇ ਸਮੂਹ ਕਾਰਜਕਾਰੀ ਮੈਂਬਰਾਂ ਦੀ ਵਿਸ਼ੇਸ਼ ਮੀਟਿੰਗ ਸੱਦ ਕੇ ਆਪਣੇ ਨਿਜੀ ਕਾਰਨਾਂ ਕਾਰਨ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦਿੰਦਿਆਂ ਸੰਵਿਧਾਨ ਮੁਤਾਬਿਕ ਸੀਨੀਅਰ ਮੀਤ ਪ੍ਰਧਾਨ ਨੂੰ ਅਸਤੀਫਾ ਸੌਂਪਿਆ ਗਿਆ। ਮੀਝਿੰਗ ਦੌਰਾਨ ਇਹ ਅਸਤੀਫਾ ਕਮੇਟੀ ਵਿੱਚ ਪੜ੍ਹ ਕੇ ਸੁਣਾਇਆ ਗਿਆ ਜਿਸ ਉਪਰੰਤ ਕਾਰਜਕਾਰੀ ਦੇ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਫੈਸਲਾ ਕਰਕੇ ਸ੍. ਜਸਵੀਰ ਸਿੰਘ ਨੂੰ ਕਮੇਟੀ ਦੇ ਰਹਿੰਦੇ ਕਾਰਜਕਾਲ ਲਈ ਪ੍ਰਧਾਨ ਦੇ ਅਹੁਦੇ ਦੀ ਜਿੰਮੇਵਾਰੀ ਸੌਂਪੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ੍. ਨਿਰਮਲ ਸਿੰਘ ਸਭਰਵਾਲ ਨੇ ਦੱਸਿਆ ਕਿ ਇਸ ਮੌਕੇ ਜਸਵੀਰ ਸਿੰਘ ਵੱਲੋਂ ਸਮੁੱਚੀ ਕਮੇਟੀ ਨੂੰ ਭਰੋਸਾ ਦਿੱਤਾ ਗਿਆ ਕਿ ਉਹ ਪ੍ਰਧਾਨਗੀ ਦੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਰਨਾਮ ਸਿੰਘ ਮਹਾਂ ਸਕੱਤਰ, ਹਰਨੂਰ ਸਿੰਘ ਮੀਤ ਪ੍ਰਧਾਨ, ਗੁਰਬਚਨ ਸਿੰਘ ਖਜਾਨਚੀ, ਗੁਰਮੀਤ ਸਿੰਘ, ਦਰਸ਼ਨ ਸਿੰਘ, ਭੁਪਿੰਦਰ ਸਿੰਘ ਸੋਮਲ, ਕੁਲਦੀਪ ਸਿੰਘ ਭਿੰਡਰ, ਧਰਮ ਸਿੰਘ, ਹਰਦੇਵ ਸਿੰਘ ਬਾਜਵਾ, ਸਤਨਾਮ ਸਿੰਘ ਭਿੰਡਰ, ਇੰਦਰਪ੍ਰੀਤ ਸਿੰਘ, ਸਰਬਣ ਸਿੰਘ, ਜਗਦੀਸ਼ ਸਿੰਘ ਗਿੱਲ, ਪ੍ਰੇਮ ਸਿੰਘ, ਲਾਭ ਸਿੰਘ, ਜਸਵਿੰਦਰ ਸਿੰਘ ਵੀ ਹਾਜਰ ਸਨ।

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੇ ਰਾਜਪੁਰਾ ਵਿੱਚ ਸਮੱਸਿਆਵਾਂ ਸੁਣੀਆਂ, ਮਸਲੇ ਹਲ ਕਰਨ ਦਾ ਭਰੋਸਾ ਦਿੱਤਾ

ਰਾਜਪੁਰਾ, 11 ਨਵੰਬਰ (ਪੈ.ਗ਼ਾਮ-ਏ-ਜਗਤ)

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਹਰਜੀਤ ਸਿੰਘ ਗਰੇਵਾਲ ਵਲੋਂ ਰਾਜਪੁਰਾ ਦੌਰੇ ਦੌਰਾਨ ਲਛਮੀ ਸੇਵਾ ਦਲ (ਰਜਿ.) ਰਾਜਪੁਰਾ ਦੇ ਮੈਂਬਰਾਂ ਅਤੇ ਸ਼ਿਵ ਸੈਨਾ ਪੰਜਾਬ ਦੇ ਆਗੂਆਂ ਨਾਲ ਮੁਲਾਕਾਤ ਕਰਕੇ ਉਹਨਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ ਅਤੇ ਮੌਕੇ ਤੇ ਹੀ ਹੱਲ ਦਾ ਭਰੋਸਾ ਦਿੱਤਾ।



ਇਸ ਮੌਕੇ ਲਛਮੀ ਸੇਵਾ ਦਲ ਦੇ ਮੌਜੂਦਾ ਪ੍ਰਧਾਨ ਬਲਵਿੰਦਰ ਸਿੰਘ ਦੀ ਅਗਵਾਈ ਵਿੱਚ ਮੈਂਬਰਾਂ ਨੇ ਸ. ਹਰਜੀਤ ਸਿੰਘ ਗਰੇਵਾਲ ਨੂੰ ਦੱਸਿਆ ਗਿਆ ਕਿ ਦਲ ਦੀ ਇੱਕ ਧਰਮਸ਼ਾਲਾ ਬਾਗੜ ਵਿੱਚ ਸਥਿਤ ਹੈ ਅਤੇ ਕਲੱਬ ਦੇ ਸਾਬਕਾ ਪ੍ਰਧਾਨ ਨਰੇਸ਼ ਧੀਮਾਨ ਦੀ ਮੌਤ ਤੋਂ ਬਾਅਦ ਉਸ ਦੇ ਬੇਟੇ ਵੱਲੋਂ ਕਲੱਬ ਦੀ ਧਰਮਸ਼ਾਲਾ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਬਾਗੜ ਦੇ ਥਾਣੇ ਵਿੱਚ ਸ਼ਿਕਾਇਤ ਵੀ ਦਿੱਤੀ ਹੋਈ ਹੈ। ਉਹਨਾਂ ਇਸ ਸ਼ਿਕਾਇਤ ਦੇ ਨਿਪਟਾਰੇ ਦੀ ਮੰਗ ਕੀਤੀ ਜਿਸਤੇ ਸ. ਗਰੇਵਾਲ ਨੇ ਮੌਕੇ ਤੇ ਹੀ ਸੰਬੰਧਿਤ ਥਾਣੇ ਨੂੰ ਹਦਾਇਤ ਕਰਦਿਆਂ ਮਾਮਲਾ ਜਲਦ ਹੱਲ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੀ ਜਾਇਦਾਦ ਤੇ ਕਿਸੇ ਦਾ ਨਾਜਾਇਜ਼ ਕਬਜ਼ਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਸ਼ਿਵ ਸੈਨਾ ਪੰਜਾਬ ਦੇ ਹਲਕਾ ਇੰਚਾਰਜ ਮੁਦਿਤ ਭਾਰਦਵਾਜ਼ ਅਤੇ ਮੀਤ ਪ੍ਰਧਾਨ ਸੰਜੀਵ ਕੁਮਾਰ ਰਾਜਪੁਰਾ ਨੇ ਆਪਣੀ ਟੀਮ ਨਾਲ ਸ. ਗਰੇਵਾਲ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨੂੰ ਪਿਛਲੇ ਦਿਨੀਂ ਖੰਨਾ ਵਿੱਚ ਸ਼ਿਵ ਸੈਨਾ ਖੰਨਾ ਦੇ ਪ੍ਰਧਾਨ ਦੇ ਘਰ ਪੁਲੀਸ ਵੱਲੋਂ ਨਸ਼ਾ ਰੱਖੇ ਜਾਣ ਦੇ ਲੱਗੇ ਦੋਸ਼ਾਂ ਬਾਰੇ ਗੱਲ ਕੀਤੀ। ਸ. ਗਰੇਵਾਲ ਨੇ ਕਿਹਾ ਕਿ ਮਾਮਲੇ ਦੀ ਨਿਰਪੱਖ ਜਾਂਚ ਹੋਵੇਗੀ ਅਤੇ ਕਿਸੇ ਨਾਲ ਵੀ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਰਾਜਪੁਰਾ ਨੂੰ ਬਹੁਤ ਜਲਦ ਹੀ ਇੱਕ ਵਧੀਆ ਉਮੀਦਵਾਰ ਦਿੱਤਾ ਜਾਵੇਗਾ। ਇਸ ਮੌਕੇ ਭਾਜਪਾ ਆਗੂ ਵਿਜੇ ਕੁਮਾਰ, ਜਸਬੀਰ ਸਿੰਘ ਜੱਸੀ, ਪਰਮਜੀਤ ਸਿੰਘ ਚੇਅਰਮੈਨ, ਪ੍ਰਕਾਸ਼ ਵਾਈਸ ਚੇਅਰਮੈਨ, ਅਮਰਜੀਤ ਸਿੰਘ, ਸੁਰਜੀਤ ਸਿੰਘ, ਭੁਪਿੰਦਰ ਸਿੰਘ ਅਤੇ ਮਨੀਸ਼ ਕੁਮਾਰ ਸਮੇਤ ਹੋਰ ਕਲੱਬ ਦੇ ਮੈਂਬਰ ਹਾਜ਼ਰ ਰਹੇ।

ਬੱਚਿਆਂ ਦਾ ਕੋਨਾ


ਰੰਗ ਭਰੋ



ਸੁਡੋਕੂ

	2							
5		1	2		6	8	9	3
6	8		9	5				1
			6	9	7	3	1	
8	3			2		6		
9	1			8			2	
7		8	5	1				
	9				2	1		
1		2	8		9	7		4

ਮੰਜ਼ਿਲ ਤੱਕ ਪਹੁੰਚਾਓ



ਅੰਤਰ ਲੱਭੋ



ਛੋਟੀ ਜਿਹੀ ਗਲਤੀ, ਵੱਡਾ ਸਬਕ



ਪੈ.ਗ਼ਾਮ-ਏ-ਜਗਤ

ਇੱਕ ਛੋਟੇ ਜਿਹੇ ਪਿੰਡ ਵਿੱਚ ਮਨੂ ਨਾਂ ਦਾ ਇੱਕ ਪਿਆਰਾ ਬੱਚਾ ਆਪਣੇ ਮਾਤਾ-ਪਿਤਾ ਨਾਲ ਰਹਿੰਦਾ ਸੀ। ਉਹ ਪੜ੍ਹਾਈ ਵਿੱਚ ਹੁਸ਼ਿਆਰ ਸੀ ਅਤੇ ਸਾਰਿਆਂ ਨਾਲ ਪਿਆਰ ਨਾਲ ਗੱਲ ਕਰਦਾ ਸੀ, ਪਰ ਉਸ ਵਿੱਚ ਇੱਕ ਬੁਰੀ ਆਦਤ ਸੀ। ਉਹ ਆਪਣੀ ਗਲਤੀ ਮੰਨਣ ਤੋਂ ਡਰਦਾ ਸੀ। ਉਸ ਨੂੰ ਲੱਗਦਾ ਸੀ ਕਿ ਜੇ ਉਹ ਆਪਣੀ ਗਲਤੀ ਮੰਨ ਲਵੇਗਾ ਤਾਂ ਸਭ ਉਸ ਨੂੰ ਡਾਂਟਣਗੇ।

ਇੱਕ ਦਿਨ ਮਨੂ ਸਕੂਲ ਤੋਂ ਘਰ ਆਇਆ ਤਾਂ ਉਸ ਨੇ ਦੇਖਿਆ ਕਿ ਮੇਜ਼ ਉੱਤੇ ਇੱਕ ਪਲੇਟ ਵਿੱਚ ਮਾਂ ਨੇ ਉਸ ਲਈ ਸੁਆਦੀ ਲੱਡੂ ਰੱਖੇ ਹੋਏ ਸਨ। ਮਾਂ ਨੇ ਉਸ ਨੂੰ ਕਿਹਾ, ਪੁੱਤਰ, ਪਹਿਲਾਂ ਹੱਥ-ਮੂੰਹ ਧੋ ਲੈਣਾ, ਫਿਰ ਲੱਡੂ ਖਾ ਲਵੀਂ।

ਮਨੂ ਨੇ ਸੋਚਿਆ ਕਿ ਇੱਕ ਲੱਡੂ ਖਾਣ ਨਾਲ ਕੀ ਹੋਵੇਗਾ। ਉਹ ਚੁੱਪਚਾਪ ਰਸੋਈ ਵਿੱਚ ਗਿਆ ਅਤੇ ਲੱਡੂ ਚੁੱਕਣ ਲੱਗ ਪਿਆ। ਇਸੇ ਦੌਰਾਨ ਉਸ ਦਾ ਹੱਥ ਮੇਜ਼ ਉੱਤੇ ਪਏ ਦੁੱਧ ਦੇ ਗਲਾਸ ਨਾਲ ਲੱਗ ਗਿਆ। ਗਲਾਸ ਹੇਠਾਂ ਡਿੱਗ ਕੇ ਟੁੱਟ ਗਿਆ ਅਤੇ ਦੁੱਧ ਫਰਸ਼ 'ਤੇ ਖਿੱਲਰ ਗਿਆ।

ਆਵਾਜ਼ ਸੁਣ ਕੇ ਮਾਂ ਰਸੋਈ ਵਿੱਚ ਆਈ। ਉਸ ਨੇ ਪੁੱਛਿਆ, ਮਨੂ, ਇਹ ਗਲਾਸ ਕਿਸ ਨੇ ਤੋੜਿਆ ਹੈ?

ਮਨੂ ਡਰ ਗਿਆ। ਉਸ ਨੇ ਤੁਰੰਤ ਕਿਹਾ, ਮਾਂ, ਸ਼ਾਇਦ ਬਿੱਲੀ ਨੇ ਗਲਾਸ ਸੁੱਟ ਦਿੱਤਾ ਹੋਵੇਗਾ।

ਮਾਂ ਨੇ ਕੁਝ ਨਹੀਂ ਕਿਹਾ, ਪਰ ਉਸ ਨੂੰ ਪਤਾ ਸੀ ਕਿ ਬਿੱਲੀ ਉਸ ਸਮੇਂ ਬਾਹਰ ਸੀ।

ਥੋੜ੍ਹੀ ਦੇਰ ਬਾਅਦ ਮਨੂ ਆਪਣੇ ਕਮਰੇ ਵਿੱਚ ਬੈਠਾ ਸੀ। ਉਸ ਨੂੰ ਵਾਰ-ਵਾਰ ਆਪਣੀ ਗੱਲ ਯਾਦ ਆ ਰਹੀ ਸੀ। ਉਸ ਦਾ ਮਨ ਬੇਚੈਨ ਸੀ। ਉਸ ਨੇ ਸੋਚਿਆ ਕਿ ਗਲਾਸ ਟੁੱਟਣ ਨਾਲੋਂ ਵੱਡੀ ਗੱਲ ਤਾਂ ਇਹ ਹੈ ਕਿ ਉਸ ਨੇ ਮਾਂ ਨਾਲ ਝੂਠ ਬੋਲਿਆ ਹੈ।

ਉਹ ਹੌਲੀ-ਹੌਲੀ ਮਾਂ ਕੋਲ ਗਿਆ ਅਤੇ ਬੋਲਿਆ, ਮਾਂ, ਗਲਾਸ ਮੇਰੇ ਹੱਥੋਂ ਟੁੱਟਿਆ ਸੀ। ਮੈਂ ਡਰ ਗਿਆ ਸੀ, ਇਸ ਲਈ ਝੂਠ ਬੋਲ ਦਿੱਤਾ। ਮੈਨੂੰ ਮੁਆਫ਼ ਕਰ ਦਿਓ।

ਮਾਂ ਨੇ ਉਸ ਨੂੰ ਪਿਆਰ ਨਾਲ ਗਲੇ ਲਗਾਇਆ ਅਤੇ ਕਿਹਾ, ਪੁੱਤਰ, ਗਲਤੀ ਹਰ ਕਿਸੇ ਤੋਂ ਹੋ ਸਕਦੀ ਹੈ, ਪਰ ਆਪਣੀ ਗਲਤੀ ਮੰਨਣ ਲਈ ਹਿੰਮਤ ਚਾਹੀਦੀ ਹੈ। ਮੈਨੂੰ ਖੁਸ਼ੀ ਹੈ ਕਿ ਤੂੰ ਸੱਚ ਬੋਲਣ ਦਾ ਫ਼ੈਸਲਾ ਕੀਤਾ।

ਸਿੱਖਿਆ: ਗਲਤੀ ਹੋ ਜਾਣਾ ਬੁਰੀ ਗੱਲ ਨਹੀਂ, ਪਰ ਉਸ ਨੂੰ ਛੁਪਾਉਣ ਲਈ ਝੂਠ ਬੋਲਣਾ ਗਲਤ ਹੈ। ਆਪਣੀ ਗਲਤੀ ਮੰਨਣਾ ਹੀ ਸੱਚੀ ਹਿੰਮਤ ਹੈ।